14-APRIL-PAGE-1.qxd 4/13/2025 8:20 PM Page 1


ਸੋਮਵਾਰ, 14 ਅਪ੍ਰੈਲ, 2025

2 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 73

ਅੰਕ/NO. : 313

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 14 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਬਾਜਵਾ ਨੂੰ ਬੰਬਾਂ ਦਾ ਖੁਲਾਸਾ ਕਰਨਾ ਪੈਣਾ : ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿਚ 50 ਬੰਬ ਆਉਣ ਸੰਬੰਧੀ ਬਿਆਨ ਲਈ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਐਤਵਾਰ ਲੰਮੇ ਹੱਥੀਂ ਲਿਆ। ਬਾਜਵਾ ਨੇ ਇੱਕ ਟੀਵੀ ਚੈਨਲ ਨੂੰ ਇੰਟਰਵਿਊ ਦੌਰਾਨ ਕਿਹਾ ਸੀ ਕਿ ਪੰਜਾਬ ਵਿੱਚ 50 ਬੰਬ ਸਪਲਾਈ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 18 ਚਲਾ ਦਿੱਤੇ ਗਏ ਹਨ।

ਮਾਨ ਨੇ ਬਾਜਵਾ ਨੂੰ ਸਵਾਲ ਕੀਤੇ ਕਿ ਕੀ ਉਨ੍ਹਾ ਦੇ ਪਾਕਿਸਤਾਨ ਨਾਲ ਸਿੱਧੇ ਸੰਬੰਧ ਹਨ, ਜਿੱਥੋਂ ਉਨ੍ਹਾ ਨੂੰ ਅਜਿਹੀ ਸੰਵੇਦਨਸ਼ੀਲ ਜਾਣਕਾਰੀ ਮਿਲ ਰਹੀ ਹੈ। ਮਾਨ ਨੇ ਵੀਡੀਓ ਜਾਰੀ ਕਰਦਿਆਂ ਬਾਜਵਾ ਨੂੰ ਸਵਾਲ ਪੁੱਛਿਆ ਕਿ ਉਨ੍ਹਾ ਨੂੰ ਪੰਜਾਬ ਵਿੱਚ ਇੰਨੇ ਬੰਬ ਆਉਣ ਸੰਬੰਧੀ ਜਾਣਕਾਰੀ ਕਿੱਥੋਂ ਮਿਲੀ ਹੈ? ਅਜਿਹੀ ਕੋਈ ਜਾਣਕਾਰੀ ਨਾ ਤਾਂ ਇੰਟੈਲੀਜੈਂਸ ਕੋਲ ਹੈ ਅਤੇ ਨਾ ਹੀ ਕੇਂਦਰ ਸਰਕਾਰ ਕੋਲ ਹੈ। ਜੇ ਅਜਿਹੀ ਜਾਣਕਾਰੀ ਵਿਰੋਧੀ ਧਿਰ ਦੇ ਆਗੂ ਕੋਲ ਆਈ ਹੈ ਤਾਂ ਉਨ੍ਹਾ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਇਸ ਦੀ ਸੂਚਨਾ ਉਹ ਤੁਰੰਤ ਪੰਜਾਬ ਪੁਲਸ ਨੂੰ ਦਿੰਦੇ। ਬਾਜਵਾ ਕੀ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਸਨ ਕਿ ਬੰਬ ਫਟਣ ਅਤੇ ਲੋਕ ਮਰਨ ਤਾਂ ਜੋ ਉਹ ਰਾਜਨੀਤੀ ਕਰ ਸਕਣ ਅਤੇ ਜੇ ਅਜਿਹਾ ਨਹੀਂ ਹੈ ਤਾਂ ਉਹ ਝੂਠ ਬੋਲ ਕੇ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਦਾ ਕੰਮ ਕਰ

• ਬਾਕੀ ਸਫਾ 2 'ਤੇ

## ਜਥੇਦਾਰ ਹੀ ਕੌਮ ਦੀ ਜਥੇਬੰਦੀ ਨੂੰ ਕਮਜ਼ੋਰ ਕਰਨ ਲੱਗੇ ਰਹੇ : ਸੁਖਬੀਰ



**ਤਲਵੰਡੀ ਸਾਬੋ (ਜਗਦੀਪ ਗਿੱਲ/ਪਰਵਿੰਦਰਜੀਤ ਸਿੰਘ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਵੱਲੋਂ ਇੱਥੇ ਐਤਵਾਰ ਮੇਲਾ ਵਿਸਾਖੀ ਮੌਕੇ ਕਾਨਫਰੰਸ ਕੀਤੀ ਗਈ। ਕਾਨਫਰੰਸ ਨੂੰ ਸੁਖਬੀਰ ਤੋਂ ਇਲਾਵਾ ਬਲਵਿੰਦਰ ਸਿੰਘ ਭੂੰਦੜ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਨੇ ਵੀ ਸੰਬੋਧਨ ਕੀਤਾ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰਾਂ ਦੀਆਂ ਸਾਰੀਆਂ ਸ਼ਕਤੀਆਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਉਪਰ ਲੱਗੀਆਂ ਹੋਈਆਂ ਹਨ ਅਤੇ ਉਹ ਹਰ ਹੀਲੇ ਅਕਾਲੀ ਦਲ ਨੂੰ ਖਤਮ ਕਰਨਾ ਚਾਹੁੰਦੀਆਂ ਹਨ।ਉਨ੍ਹਾ ਕਿਹਾ ਕਿ ਹੋਰ ਤਾਂ ਹੋਰ ਪਿਛਲੇ ਸਮੇਂ ਜਦੋਂ ਤਖਤਾਂ ਤੱਕ ਦੇ ਜਥੇਦਾਰਾਂ ਨੂੰ ਵੀ ਸਰਕਾਰਾਂ ਵੱਲੋਂ ਕੰਟਰੋਲ ਕਰ ਲਿਆ ਗਿਆ ਤਾਂ ਜਥੇਦਾਰ ਹੀ ਕੌਮ ਦੀ ਜਥੇਬੰਦੀ ਨੂੰ ਖਤਮ ਕਰਨ 'ਤੇ ਲੱਗ ਗਏ।ਉਨ੍ਹਾ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਤੇ ਹੋਰਨਾਂ ਨੇ ਪੰਥ ਨੂੰ ਮਜ਼ਬੂਤ ਕਰਨ ਦੀ ਥਾਂ ਇਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੌ ਸਾਲ ਪੁਰਾਣੀ ਪਾਰਟੀ ਹੈ, ਜਿਸ ਵਿਚ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਵਜੋਂ ਦਾਸ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਹਨਾਂ ਕਿਹਾ ਕਿ ਜਦੋਂ ਅਕਾਲੀ ਦਲ ਐੱਨ ਡੀ ਏ ਦਾ ਹਿੱਸਾ ਸੀ, ਉਦੋਂ ਸਰਕਾਰਾਂ ਅਕਾਲੀ ਦਲ ਦਾ ਕੁਝ ਨਾ ਵਿਗਾੜ ਸਕੀਆਂ ਪ੍ਰੰਤੂ ਪਿੱਛੋਂ ਹਜ਼ੂਰ ਸਾਹਿਬ ਅਤੇ ਦਿੱਲੀ ਵਰਗੀਆਂ ਸਿੱਖ ਗੁਰਦੁਆਰਾ ਕਮੇਟੀਆਂ ਉਪਰ ਵੀ ਕੇਂਦਰ ਸਰਕਾਰ ਨੇ ਕਬਜ਼ਾ ਕਰ ਲਿਆ ਅਤੇ ਹਰਿਆਣਾ ਕਮੇਟੀ ਵਿੱਚ ਵੀ ਜਥੇਦਾਰ ਦਾਦੂਵਾਲ ਵਰਗੇ ਗਦਾਰਾਂ ਨੂੰ ਚੌਧਰਾਂ ਦੇ ਦਿੱਤੀਆਂ ਗਈਆਂ।ਪੂਰੇ ਪੰਜਾਬੀਆਂ ਨੂੰ ਮੇਲਾ ਵਿਸਾਖੀ ਦੀ ਵਧਾਈ ਦਿੰਦਿਆਂ ਉਹਨਾਂ ਕਿਹਾ ਕਿ ਦਸਮੇਸ਼ ਪਿਤਾ ਦਾ ਨਿਸ਼ਾਨਾ ਸੀ ਕਿ ਮੇਰਾ ਸਿੱਖ ਮਿਹਨਤੀ ਤੇ ਜ਼ੁਲਮ ਖਿਲਾਫ ਲੜਨ ਵਾਲਾ ਹੋਵੇਗਾ। ਉਹਨਾਂ ਕਿਹਾ ਕਿ ਸਿੱਖ ਕਿਤੇ ਵੀ ਰਹਿੰਦੇ ਹੋਣ, ਆਪਣਾ ਨਾਂਅ ਕਮਾਉਂਦੇ ਹਨ। ਉਨ੍ਹਾ ਕਿਹਾ ਕਿ ਰਾਜਸਥਾਨ, ਉਤਰਾਂਚਲ ਅਤੇ ਜੰਮੂ ਕਸ਼ਮੀਰ ਵਰਗੇ ਸੂਬਿਆਂ ਵਿੱਚ ਪੰਜਾਬੀਆਂ ਨੂੰ ਜ਼ਮੀਨਾਂ ਖਰੀਦਣ ਦੀ ਇਜਾਜ਼ਤ ਨਹੀਂ ਹੈ।

ਉਨ੍ਹਾ ਕਿਹਾ ਕਿ ਅਗਲੀ ਸਰਕਾਰ ਪੰਜਾਬ ਵਿੱਚ ਜਦੋਂ ਅਕਾਲੀ ਦਲ ਦੀ ਬਣੇਗੀ ਤਾਂ ਸਾਰੇ ਪੰਜਾਬ ਵਿੱਚ ਜਿੱਥੇ ਅਮਨ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖੀ ਜਾਵੇਗੀ, ਉੱਥੇ ਪੰਜਾਬ ਦੀ ਜ਼ਮੀਨ ਕੇਵਲ ਪੰਜਾਬੀਆਂ ਕੋਲ ਹੀ ਰਹੇਗੀ, ਨਾ ਕਿ ਕਿਸੇ ਹੋਰ ਸੂਬਿਆਂ ਦੇ ਸ਼ਹਿਰੀਆਂ ਕੋਲ।ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਤਲਵੰਡੀ ਸਾਬੋ ਤੋਂ 16 ਕਿਲੋਮੀਟਰ ਦੂਰ ਪਿੰਡ ਕੋਟਸ਼ਮੀਰ ਤੋਂ ਇੱਕ ਕਾਫਲੇ ਦੇ ਰੂਪ ਵਿੱਚ ਤਲਵੰਡੀ ਸਾਬੋ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿੱਚ ਯੂਥ ਅਕਾਲੀ ਦਲ ਦੇ ਵਰਕਰ ਆਪਣੀਆਂ-ਆਪਣੀਆਂ ਗੱਡੀਆਂ ਸਮੇਤ ਚੱਲ ਰਹੇ ਸਨ।

## ਅਕਾਲੀ ਦਲ ਨੇ ਅਕਾਲ ਤਖਤ ਨੂੰ ਮੁੜ ਚੈਲੰਜ ਕੀਤਾ : ਜਾਖੜ

**ਚੰਡੀਗੜ੍ਹ** : ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਐਤਵਾਰ ਕਿਹਾ ਕਿ ਭਾਰਤੀ ਜਨਤਾ ਪਾਰਟੀ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਅਕਾਲੀ ਦਲ ਆਪਣੇ ਗਿਰੇਬਾਨ ਵਿੱਚ ਝਾਕੇ। ਅਕਾਲੀ ਦਲ ਵੱਲੋਂ ਅਕਾਲ ਤਖਤ ਦੀ ਉੱਚੀ ਮਾਨਤਾ ਨੂੰ ਚੁਣੌਤੀ ਦੇਣ ਵਾਲੀਆਂ ਕਾਰਵਾਈਆਂ ਦੀ ਸਖਤ ਨਿੰਦਾ ਕਰਦਿਆਂ ਜਾਖੜ ਨੇ ਕਿਹਾ ਕਿ ਉਨ੍ਹਾਂ ਦੀਆਂ ਇਨ੍ਹਾਂ ਬੱਜਰ ਗਲਤੀਆਂ ਨਾਲ ਹਰੇਕ ਪੰਜਾਬੀ ਦੇ ਮਨ ਨੂੰ ਠੇਸ ਲੱਗੀ ਹੈ।

ਜਾਖੜ ਨੇ ਇੱਕ ਬਿਆਨ 'ਚ ਕਿਹਾ ਕਿ ਬੀਤੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜੋ ਕੁਝ ਹੋਇਆ ਉਹ ਪੰਥ ਦੀਆਂ ਸਿਰਮੌਰ ਸੰਸਥਾਵਾਂ ਦੀ ਮਰਿਆਦਾ ਨੂੰ ਢਾਹ ਲਾਉਣ ਵਾਲਾ ਹੈ, ਜਦ ਕਿ ਅਕਾਲੀ ਦਲ ਦੇ ਆਗੂ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਭਾਜਪਾ 'ਤੇ ਬੇਬੁਨਿਆਦ ਦੋਸ਼ ਲਾ ਰਹੇ ਹਨ। ਉਨ੍ਹਾ ਕਿਹਾ ਕਿ ਅਜੇ ਤੱਕ ਤਾਂ ਅਕਾਲੀ ਆਗੂਆਂ ਨੇ ਆਪਣੇ ਪਿਛਲੇ ਗੁਨਾਹਾਂ ਤੋਂ ਮੁਕਤੀ ਵੀ ਨਹੀਂ ਪਾਈ ਸੀ ਕਿ ਹੋਰ ਗੁਨਾਹ ਕਰਨ ਲੱਗ ਪਏ। ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਉਨ੍ਹਾ ਦਾ ਫ਼ਖ਼ਰ-ਏ-ਕੌਮ ਖਿਤਾਬ ਵਾਪਸ ਲੈਣ ਬਾਬਤ ਅਕਾਲ ਤਖਤ ਸਾਹਿਬ 'ਤੇ ਬੇਨਤੀ ਕੀਤੀ ਜਾ ਸਕਦੀ ਸੀ ਕਿ ਇਸ ਫੈਸਲੇ ਨੂੰ ਮੁੜ ਵਿਚਾਰਿਆ ਜਾਵੇ, ਪਰ ਇਨ੍ਹਾਂ ਨੇ ਤਾਂ ਉਸ ਫੈਸਲੇ ਖਿਲਾਫ ਮਤਾ ਪਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਥਾਰਟੀ ਨੂੰ ਚੁਣੌਤੀ ਦੇਣ ਦਾ ਬੱਜਰ ਗੁਨਾਹ ਕੀਤਾ ਹੈ।

ਭਾਜਪਾ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਪੰਥਕ ਹਿੱਤਾਂ ਲਈ ਬਣੀ ਪਾਰਟੀ ਸੀ, ਪਰ ਅੱਜ ਇਸ ਦੇ ਆਗੂਆਂ ਨੇ ਆਪਣੇ ਸੌੜੇ ਨਿੱਜੀ ਹਿੱਤਾਂ ਲਈ ਇਸ ਪਾਰਟੀ ਨੂੰ ਕੁਰਬਾਨ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਅੱਜ ਪੰਜਾਬ ਬਹੁਤ ਹੀ ਸੰਵੇਦਨਸ਼ੀਲ ਸਥਿਤੀ ਵਿੱਚ ਹੈ ਅਤੇ ਲੋਕ ਮੁੱਦਿਆਂ ਤੇ ਪੰਜਾਬ ਦੀ ਗੱਲ ਕਰਨ ਦੀ ਬਜਾਏ ਇਹ ਆਗੂ ਵਿਅਕਤੀ ਵਿਸ਼ੇਸ਼ ਦੀ ਸੱਤਾ ਲਿਆਉਣ ਦੀ ਗੱਲ ਕਰ ਰਹੇ ਹਨ, ਪਰ ਲੋਕ ਮਸਲਿਆਂ 'ਤੇ ਚੁੱਪ ਹਨ।

ਜਾਖੜ ਨੇ ਕਿਹਾ ਕਿ ਗੁਰੂ ਮਹਾਰਾਜ ਬਖਸ਼ਣਹਾਰ ਹਨ, ਚੰਗਾ ਹੁੰਦਾ ਜੇ ਅਕਾਲੀ ਆਗੂ ਪੁਰਾਣੀਆਂ ਗਲਤੀਆਂ ਵਿੱਚ ਸੁਧਾਰ ਕਰਦੇ ਪਰ ਬੀਤੇ ਦਿਨ ਦੀਆਂ ਕਾਰਵਾਈਆਂ ਨੇ ਉਨ੍ਹਾਂ ਦਾ ਚਿਹਰਾ ਮੁੜ ਬੇਨਕਾਬ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਨਤਾ ਨੂੰ ਚੁਣੌਤੀ ਦੇਣ ਦੀ ਇਹ ਕਾਰਵਾਈ ਸਿੱਖ ਹਿਰਦੇ ਵਲੂੰਧਰਨ ਵਾਲੀ ਹੈ।

## ਤਿੰਨ ਮੁਲਜ਼ਮ ਹਵਾਲਾਤ 'ਚੋਂ ਫਰਾਰ

**ਮੁਕਤਸਰ/ਮਲੋਟ (ਸ਼ਮਿੰਦਰਪਾਲ/ਪੂਜਾ/ਓਮ ਪ੍ਰਕਾਸ਼ ਸ਼ੇਖੂ)**-ਸਾਢੇ ਤਿੰਨ ਕੁਇੰਟਲ ਨਸ਼ੀਲੇ ਪਦਾਰਥ ਸਣੇ ਸੀ ਆਈ ਏ ਸਟਾਫ ਵੱਲੋਂ ਕਾਬੂ ਕੀਤੇ ਦੋ ਨਸ਼ਾ ਤਸਕਰ, ਇਕ ਸਾੜਫੂਕ ਮਾਮਲੇ ਵਿਚ ਗ੍ਰਿਫਤਾਰ ਮੁਲਜ਼ਮ ਸਨਿਚਰਵਾਰ ਰਾਤ ਹਵਾਲਾਤ ਦੀ ਗਰਿੱਲ ਦਾ ਜੰਗਲਾ ਤੋੜ ਕੇ ਫਰਾਰ ਹੋ ਗਏ।ਐਸ ਐਸ ਪੀ ਨੇ ਥਾਣਾ ਕਬਰਵਾਲਾ ਦੇ ਇੰਚਾਰਜ ਦਵਿੰਦਰ ਕੁਮਾਰ ਤੇ ਉਪ ਮੁਨਸ਼ੀ (ਨਾਈਟ) ਨਰਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਫਰਾਰ ਹੋਏ ਮੁਲਜ਼ਮ ਦੋ ਵੱਖ ਵੱਖ ਮੁਕੱਦਮਿਆਂ ਵਿਚ ਅਦਾਲਤੀ ਹੁਕਮਾਂ 'ਤੇ ਚਾਰ ਦਿਨਾ ਪੁਲਸ ਰਿਮਾਂਡ 'ਤੇ ਸਨ। ਫਰਾਰ ਮੁਲਜ਼ਮਾਂ ਵਿਚੋਂ ਦੋ ਜਣੇ ਬੂਟਾ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਅਤੇ ਲਵਟੈਣ ਸਿੰਘ ਉਰਫ ਲਵ ਵਾਸੀ ਢਾਣੀ ਪਿੰਡ ਜੰਡਵਾਲਾ ਭੀਮੇਸ਼ਾਹ (ਫਾਜ਼ਿਲਕਾ) ਦੱਸੇ ਜਾਂਦੇ ਹਨ। ਇਨ੍ਹਾਂ ਨੂੰ ਟਰੱਕ ਵਿੱਚ ਪਿਆਜ਼ਾਂ ਦੇ ਗੱਟਿਆਂ 'ਚ 3.30 ਕੁਇੰਟਲ ਭੁੱਕੀ ਚੂਰਾ ਪੋਸਤ ਲੁਕੋ ਕੇ ਲਿਜਾਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ।ਤੀਸਰਾ ਮੁਲਜ਼ਮ ਸ਼ਮਸ਼ੇਰ ਸਿੰਘ ਸ਼ੰਮੀ ਕੁਝ ਦਿਨ ਪਹਿਲਾਂ ਪਿੰਡ ਸਰਾਵਾਂ ਬੋਦਲਾ ਵਿਖੇ ਮੋਟਰਸਾਈਕਲ ਦੀ ਸਾੜ ਫੂਕ ਵਿੱਚ ਸ਼ਾਮਲ ਸੀ। ਲੰਬੀ ਦੇ ਡੀ ਐਸ ਪੀ ਜਸਪਾਲ ਸਿੰਘ ਨੇ ਦੱਸਿਆ ਕਿ ਬੀ ਐਨ ਐਸ ਦੀ ਧਾਰਾ 260 ਅਤੇ 261 ਤਹਿਤ ਤਿੰਨੇ ਫਰਾਰ ਮੁਲਜ਼ਮਾਂ ਤੋਂ ਇਲਾਵਾ ਡਿਊਟੀ ਵਿੱਚ ਅਣਗਹਿਲੀ ਦੇ ਦੋਸ਼ਾਂ ਤਹਿਤ ਡਿਊਟੀ ਅਫਸਰ ਏ ਐਸ ਆਈ ਜਰਨੈਲ ਸਿੰਘ, ਉਪ ਮੁਨਸ਼ੀ (ਨਾਈਟ) ਨਰਿੰਦਰ ਸਿੰਘ, ਤਿੰਨ ਹੋਮ ਗਾਰਡ ਮੁਲਾਜ਼ਮਾਂ ਰਣਜੀਤ ਸਿੰਘ, ਮਨਜੀਤ ਸਿੰਘ ਅਤੇ ਮਹਿਤਾਬ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।

## ਪੌਣੇ ਤਿੰਨ ਕਿੱਲੋ ਬੰਬ ਸਮੱਗਰੀ ਬਰਾਮਦ



**ਚੰਡੀਗੜ੍ਹ** : ਫਿਰੋਜ਼ਪੁਰ ਦੀ ਕਾਊਂਟਰ ਇੰਟੈਲੀਜੈਂਸ ਟੀਮ ਨੇ ਦਹਿਸ਼ਤੀ ਮੌਡਿਊਲ ਦੇ ਦੋ ਮੈਂਬਰਾਂ ਨੂੰ 1.6 ਕਿੱਲੋ ਆਰ ਡੀ ਐੱਕਸ ਸਣੇ 2.8 ਕਿੱਲੋ ਧਮਾਕਾਖੇਜ਼ ਸਮੱਗਰੀ ਨਾਲ ਕਾਬੂ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਜੱਗਾ ਸਿੰਘ ਤੇ ਮਨਜਿੰਦਰ ਸਿੰਘ ਵਜੋਂ ਹੋਈ ਹੈ ਤੇ ਇਹ ਜਰਮਨੀ ਅਧਾਰਤ ਗੁਰਪ੍ਰੀਤ ਸਿੰਘ ਉਰਫ ਗੋਲਡੀ ਢਿੱਲੋਂ ਵੱਲੋਂ ਚਲਾਏ ਜਾਂਦੇ ਦਹਿਸ਼ਤੀ ਮੌਡਿਊਲ ਦੇ ਅਹਿਮ ਮੈਂਬਰ ਹਨ। ਗੋਲਡੀ ਢਿੱਲੋਂ ਅੱਗੇ ਗੋਲਡੀ ਬਰਾੜ-ਲਾਰੈਂਸ ਬਿਸ਼ਨੋਈ ਗਰੋਹ ਦੇ ਨੇੜੇ ਦੱਸਿਆ ਜਾਂਦਾ ਹੈ।

ਮੁੱਢਲੀ ਜਾਂਚ ਮੁਤਾਬਕ ਬਰਾਮਦ ਕੀਤੀ ਧਮਾਕਾਖੇਜ਼ ਸਮੱਗਰੀ ਕਿਸੇ ਦਹਿਸ਼ਤੀ ਹਮਲੇ 'ਚ ਵਰਤੀ ਜਾਣੀ ਸੀ। ਯਾਦਵ ਨੇ ਕਿਹਾ ਕਿ ਐੱਨ ਆਈ ਏ ਨੇ ਢਿੱਲੋਂ 'ਤੇ 10 ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਹੈ।

## ਭਾਜਪਾ ਡਿਕਟੇਟਰਸ਼ਿਪ ਦੀ ਪਿਓ : ਸਿੱਬਲ



**ਨਵੀਂ ਦਿੱਲੀ** : ਰਾਜ ਸਭਾ ਦੇ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਐਤਵਾਰ ਕਿਹਾ ਕਿ ਕੇਂਦਰ ਸਰਕਾਰ ਕਾਂਗਰਸ ਨੂੰ ਸਿੱਥਲ ਕਰਨ ਲਈ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਈ ਡੀ ਵੱਲੋਂ ਨੈਸ਼ਨਲ ਹੇਰਾਲਡ ਅਖਬਾਰ ਦੇ ਮਾਮਲੇ ਵਿੱਚ ਅਚੱਲ ਅਸਾਸੇ ਜ਼ਬਤ ਕਰਨ ਲਈ ਜਾਰੀ ਨੋਟਿਸ ਜਮਹੂਰੀਅਤ 'ਤੇ ਹਮਲਾ ਹੈ।

ਉਨ੍ਹਾ ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਭਾਜਪਾ ਕਹਿਣ ਨੂੰ ਆਪਣੇ ਆਪ ਨੂੰ ਜਮਹੂਰੀਅਤ ਦੀ ਮਾਂ ਕਹਿੰਦੀ ਹੈ, ਪਰ ਹੈ ਡਿਕਟੇਟਰਸ਼ਿਪ ਦੀ ਪਿਓ। ਉਹ ਹਿੰਦੂ-ਮੁਸਲਮ ਦੀ ਸਿਆਸਤ ਕਰ ਰਹੀ ਹੈ ਤੇ ਆਪੋਜ਼ੀਸ਼ਨ ਨੂੰ ਖਤਮ ਕਰਨਾ ਚਾਹੁੰਦੀ ਹੈ।

ਈ ਡੀ ਨੇ ਸ਼ਨਿੱਚਰਵਾਰ ਕਿਹਾ ਸੀ ਕਿ ਉਸ ਨੇ ਕਾਂਗਰਸ ਦੇ ਕੰਟਰੋਲ ਵਾਲੇ ਅਖਬਾਰ ਨੈਸ਼ਨਲ ਹੇਰਾਲਡ ਅਤੇ ਇਸ ਨੂੰ ਚਲਾਉਣ ਵਾਲੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐੱਲ) ਨਾਲ ਸੰਬੰਧਤ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ 661 ਕਰੋੜ ਦੀ ਅਚੱਲ ਸੰਪਤੀ ਨੂੰ ਕਬਜ਼ੇ ਵਿੱਚ ਲੈਣ ਲਈ ਦਿੱਲੀ ਦੇ ਬਹਾਦਰ ਸ਼ਾਹ ਮਾਰਗ ਸਥਿਤ ਹੇਰਾਲਡ ਹਾਊਸ, ਮੁੰਬਈ ਦੇ ਬਾਂਦਰਾ ਤੇ ਲਖਨਊ ਦੀ ਏ ਜੇ ਐੱਲ ਇਮਾਰਤਾਂ ਦੇ ਬਾਹਰ ਨੋਟਿਸ ਚਿਪਕਾਏ ਹਨ। ਨੋਟਿਸਾਂ ਵਿੱਚ ਕਿਹਾ ਗਿਆ ਹੈ ਕਿ ਇਹ ਇਮਾਰਤ ਖਾਲੀ ਕਰ ਦਿੱਤੀਆਂ ਜਾਣ, ਕਿਉਂਕਿ ਉਸ ਨੇ ਕਬਜ਼ੇ ਵਿੱਚ ਲੈਣੀਆਂ ਹਨ।

ਸਿੱਬਲ ਨੇ ਕਿਹਾ-ਕਬਜ਼ਾ ਨੋਟਿਸਾਂ ਦਾ ਮਤਲਬ ਕਾਂਗਰਸ ਨੂੰ ਸਿੱਥਲ ਕਰਨਾ ਹੈ ਕਿਉਂਕਿ ਇੱਥੇ ਕਾਂਗਰਸ ਦੇ ਦਫਤਰ ਚਲਦੇ ਹਨ। ਜੁਰਮ ਕੀ ਹੈ? ਤੁਸੀਂ 13 ਸਾਲ ਕੀ ਕਰਦੇ ਰਹੇ? ਕਿਉਂ? ਕਿਉਂਕਿ ਤੁਸੀਂ ਜਾਇਦਾਦ 'ਤੇ ਕਬਜ਼ਾ ਕਰਨਾ ਚਾਹੁੰਦੇ ਹੋ। ਤੁਸੀਂ ਇਨ੍ਹਾਂ ਜਾਇਦਾਦਾਂ 'ਤੇ ਕਬਜ਼ਾ ਕਰਕੇ ਕਾਂਗਰਸ ਨੂੰ ਸਿੱਥਲ ਕਰਨਾ ਚਾਹੁੰਦੇ ਹੋ। ਜੋ ਮੈਂ ਜਾਣਦਾ ਹਾਂ ਉਹ ਹੈ ਕਿ ਕਾਂਗਰਸ ਕੋਲ ਬਹੁਤੇ ਪੈਸੇ ਨਹੀਂ ਹਨ। ਜਾਇਦਾਦਾਂ ਕੁਰਕ ਹੋਣ ਤੋਂ ਬਾਅਦ ਉਸ ਲਈ ਸਿਆਸੀ ਪਾਰਟੀ ਵਜੋਂ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ। ਇਹ ਜਮਹੂਰੀਅਤ 'ਤੇ ਹਮਲਾ ਹੈ। ਇਹ ਸਰਕਾਰ ਦੀ ਮਨੋਬਿਰਤੀ ਨੂੰ ਦਰਸਾਉਂਦਾ ਹੈ। ਸਿੱਬਲ ਨੇ ਭਾਜਪਾ 'ਤੇ ਵਰ੍ਹਦਿਆਂ ਕਿਹਾ-ਉਹ ਪਹਿਲਾਂ

• ਬਾਕੀ ਸਫਾ 2 'ਤੇ

### ਵੋਲਵੋ ਪਲਟ ਗਈ



**ਮੰਡੀ** : ਹਿਮਾਚਲ ਦੇ ਮੰਡੀ ਜ਼ਿਲ੍ਹੇ ਦੇ ਸ਼ਿਲਾ ਕਿੱਪਰ ਵਿੱਚ ਐਤਵਾਰ ਵੱਡੇ ਤੜਕੇ ਕੀਰਤਪੁਰ-ਮਨਾਲੀ ਚਹੁੰਮਾਰਗੀ ਸੜਕ 'ਤੇ ਵੋਲਵੋ ਬੱਸ ਪਲਟਣ ਕਰਕੇ 31 ਸਵਾਰੀਆਂ ਜ਼ਖਮੀ ਹੋ ਗਈਆਂ। ਬੱਸ ਮੰਡੀ ਵਾਲੇ ਪਾਸਿਓਂ ਮਨਾਲੀ ਨੂੰ ਜਾ ਰਹੀ ਸੀ। ਮੁੱਢਲੀਆਂ ਰਿਪੋਰਟਾਂ ਮੁਤਾਬਕ ਲੋੜੋਂ ਵੱਧ ਰਫਤਾਰ ਜਾਂ ਤਕਨੀਕੀ ਨੁਕਸ ਕਾਰਨ ਬੱਸ ਪਲਟੀ।

### ਰੂਸੀ ਹਮਲੇ 'ਚ 32 ਮੌਤਾਂ

**ਕੀਵ** : ਯੂਕਰੇਨ ਦੇ ਸੂਮੀ ਸ਼ਹਿਰ ਵਿੱਚ ਐਤਵਾਰ ਰੂਸੀ ਮਿਜ਼ਾਈਲ ਹਮਲੇ 'ਚ ਇਕ ਬੱਚੇ ਸਣੇ 32 ਜਣੇ ਮਾਰੇ ਗਏ ਤੇ 7 ਬੱਚਿਆਂ ਸਣੇ 84 ਜਣੇ ਜ਼ਖਮੀ ਹੋ ਗਏ। ਦੋ ਬੈਲਿਸਟਿਕ ਮਿਜ਼ਾਈਲਾਂ ਸਵੇਰੇ 10:15 ਵਜੇ ਸ਼ਹਿਰ ਦੇ ਕੇਂਦਰ ਵਿੱਚ ਉਸ ਵੇਲੇ ਡਿੱਗੀਆਂ ਜਦੋਂ ਲੋਕ ਹਫਤਾਵਾਰੀ ਛੁੱਟੀ ਮਨਾਉਣ ਲਈ ਇਕੱਠੇ ਹੋਏ ਸਨ। ਯੂਕਰੇਨ ਦੇ ਚੈਨਲਾਂ 'ਤੇ ਘਟਨਾ ਵਾਲੀ ਥਾਂ ਤੋਂ ਪੋਸਟ ਕੀਤੇ ਗਏ ਵੀਡੀਓ ਵਿੱਚ ਜ਼ਮੀਨ 'ਤੇ ਖਿੰਡੀਆਂ ਲਾਸ਼ਾਂ ਦਿਖਾਈਆਂ ਗਈਆਂ।

## ਨਵੀਂ ਟੋਲ ਨੀਤੀ 'ਚ ਤਿੰਨ ਹਜ਼ਾਰ ਰੁਪਏ 'ਚ ਸਾਰਾ ਸਾਲ ਗੱਡੀ ਭਜਾਉਣ ਦੀ ਖੁੱਲ੍ਹ ਮਿਲੇਗੀ

**ਨਵੀਂ ਦਿੱਲੀ** : ਰਾਸ਼ਟਰੀ ਰਾਜਮਾਰਗਾਂ ਅਤੇ ਐਕਸਪ੍ਰੈਸਵੇਅ 'ਤੇ ਟੋਲ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ, ਪ੍ਰਸਤਾਵਤ ਨਵੀਂ ਟੋਲ ਨੀਤੀ ਟੋਲ ਚਾਰਜਾਂ ਵਿੱਚ ਔਸਤਨ 50 ਫੀਸਦੀ ਦੀ ਰਾਹਤ ਪ੍ਰਦਾਨ ਕਰੇਗੀ ਅਤੇ ਲੋਕਾਂ ਨੂੰ ਤਿੰਨ ਹਜ਼ਾਰ ਰੁਪਏ ਯਕਮੁਸ਼ਤ ਦੇਣ 'ਤੇ ਸਾਲਾਨਾ ਪਾਸ ਦੀ ਸਹੂਲਤ ਵੀ ਦੇਵੇਗੀ। ਇਹ ਪਾਸ ਰਾਸ਼ਟਰੀ ਰਾਜਮਾਰਗਾਂ ਅਤੇ ਐਕਸਪ੍ਰੈਸਵੇਅ ਦੇ ਨਾਲ-ਨਾਲ ਰਾਜ ਐਕਸਪ੍ਰੈਸਵੇਅ 'ਤੇ ਵੀ ਵੈਧ ਹੋਣਗੇ। ਇਸ ਲਈ ਵੱਖਰਾ ਪਾਸ ਲੈਣ ਦੀ ਕੋਈ ਲੋੜ ਨਹੀਂ ਹੋਵੇਗੀ, ਸਗੋਂ ਫੀਸ ਦਾ ਭੁਗਤਾਨ ਸਿਰਫ ਫਾਸਟੈਗ ਖਾਤੇ ਰਾਹੀਂ ਹੀ ਕੀਤਾ ਜਾ ਸਕੇਗਾ। ਨਵੀਂ ਟੋਲ ਨੀਤੀ ਲਗਪਗ ਤਿਆਰ ਹੈ ਅਤੇ ਕਿਸੇ ਵੀ ਸਮੇਂ ਇਸਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਵਿੱਚ ਇੱਕ ਸਮਾਂ ਸੀਮਾ ਦੇ ਅੰਦਰ ਟੋਲ ਗੇਟਾਂ ਨੂੰ ਖਤਮ ਕਰਨ ਦਾ ਵੀ ਸੰਕਲਪ ਹੈ। ਨਵੀਂ ਟੋਲ ਨੀਤੀ ਟੋਲ ਪਲਾਜ਼ਾ ਪ੍ਰਬੰਧਾਂ ਦੀ ਬਜਾਏ ਪ੍ਰਤੀ ਕਿੱਲੋਮੀਟਰ ਇੱਕ ਨਿਸ਼ਚਿਤ ਫੀਸ 'ਤੇ ਅਧਾਰਤ ਹੋਵੇਗੀ। ਮੋਟੇ ਤੌਰ 'ਤੇ ਇੱਕ ਕਾਰ ਨੂੰ ਹਰ ਸੌ ਕਿਲੋਮੀਟਰ ਲਈ ਪੰਜਾਹ ਰੁਪਏ ਟੋਲ ਫੀਸ ਦੇਣੀ ਪਵੇਗੀ। ਇਸ ਵੇਲੇ ਸਿਰਫ ਮਾਸਿਕ ਪਾਸ ਜਾਰੀ ਕੀਤੇ ਜਾਂਦੇ ਹਨ, ਜੋ ਸਥਾਨਕ ਲੋਕਾਂ ਨੂੰ ਟੋਲ ਪਲਾਜ਼ਾ ਪਾਰ ਕਰਨ ਵਿੱਚ ਰਾਹਤ ਪ੍ਰਦਾਨ ਕਰਦੇ ਹਨ, ਪਰ ਨਵੀਂ ਨੀਤੀ ਵਿੱਚ 3000 ਰੁਪਏ ਦਾ ਸਾਲਾਨਾ ਪਾਸ ਪ੍ਰਾਪਤ ਕਰਕੇ, ਇੱਕ ਕਾਰ ਸਾਲ ਭਰ ਵਿੱਚ ਅਸੀਮਤ ਕਿੱਲੋਮੀਟਰ ਸਫਰ ਕਰ ਸਕਦੀ ਹੈ ਅਤੇ ਉਸਨੂੰ ਕਿਸੇ ਵੀ ਐਕਸਪ੍ਰੈਸਵੇਅ ਜਾਂ ਹਾਈਵੇਅ 'ਤੇ ਕੋਈ ਫੀਸ ਨਹੀਂ ਦੇਣੀ ਪਵੇਗੀ। ਸੂਤਰਾਂ ਅਨੁਸਾਰ, ਰਿਆਇਤਾਂ ਪ੍ਰਾਪਤ ਕਰਨ ਵਾਲਿਆਂ ਦੇ ਇਤਰਾਜ਼ਾਂ, ਵੱਖ-ਵੱਖ ਰਾਜਾਂ ਵਿੱਚ ਵਾਹਨਾਂ ਲਈ ਵੱਖ-ਵੱਖ ਉਮਰ ਸੀਮਾ ਨਿਯਮਾਂ ਅਤੇ ਬੈਂਕਾਂ ਦੀ ਝਿਜਕ ਕਾਰਨ, ਸਰਕਾਰ ਨੇ ਹੁਣ ਲਾਈਫਟਾਈਮ ਪਾਸ ਜਾਰੀ ਕਰਨ ਦਾ ਵਿਚਾਰ ਛੱਡ ਦਿੱਤਾ ਹੈ। ਪਹਿਲਾਂ 15 ਸਾਲਾਂ ਲਈ ਵੈਧ ਜੀਵਨ ਭਰ ਦਾ ਪਾਸ 30,000 ਰੁਪਏ ਵਿੱਚ ਜਾਰੀ ਕਰਨ ਬਾਰੇ ਸੋਚਿਆ ਗਿਆ ਸੀ ਪਰ ਸਾਰੀਆਂ ਧਿਰਾਂ ਇਸ 'ਤੇ ਸਹਿਮਤ ਨਹੀਂ ਹੋਈਆਂ।

## ਅੱਜ-ਨਾਮਾ

ਚੱਲਦੀ ਰਹਿੰਦੀ ਪੰਜਾਬ ਵਿੱਚ ਨਿੱਤ ਗੋਲੀ,
ਚੱਲਦੀ ਰਹੇ ਹਰਿਆਣੇ ਵਿੱਚ ਆਮ ਬੇਲੀ।
ਨਹੀਂ ਹੈ ਸ਼ਹਿਰ ਬਚਿਆ ਚੰਡੀਗੜ੍ਹ ਜੈਸਾ,
ਸੁਣਿਆ ਪ੍ਰਬੰਧ ਆ ਚੁਸਤ ਤਮਾਮ ਬੇਲੀ।
ਰਾਜਸਥਾਨ ਜਾਂ ਦਿੱਲੀ ਨਹੀਂ ਬਚੇ ਦਿੱਸਦੇ,
ਬਿਹਾਰ-ਬੰਗਾਲ ਵੀ ਬੜੇ ਬਦਨਾਮ ਬੇਲੀ।
ਯੂ ਪੀ ਤੱਕ ਦੀ ਕਾਹਦੀ ਆ ਬਾਤ ਕਰਨੀ,
ਚੱਲਦੀ ਗੋਲੀ ਆ ਸੁਬਹਾ ਤੇ ਸ਼ਾਮ ਬੇਲੀ।
ਉੱਤਰ ਦੱਖਣ ਤੇ ਪੱਛਮ ਵਿੱਚ ਹਰ ਪਾਸੇ,
ਚੱਲਦੀ ਗੋਲੀ ਦਾ ਹੁੰਦਾ ਈ ਜ਼ਿਕਰ ਬੇਲੀ।
ਖੂੰਜਾ ਬਾਕੀ ਦਾ ਕਿਹੜਾ ਈ ਦੇਸ਼ ਅੰਦਰ,
ਜਿੱਥੇ ਗੋਲੀ ਦਾ ਹੋਵੇ ਨਹੀਂ ਫਿਕਰ ਬੇਲੀ।

-ਤੀਸ ਮਾਰ ਖਾਂ

## ਸਾਈਬਰ ਧੋਖਾਧੜੀ ਗਰੋਹ ਦੇ 3 ਮੈਂਬਰ ਫੜੇ

**ਜਲੰਧਰ** : ਕਮਿਸ਼ਨਰੇਟ ਪੁਲਸ ਜਲੰਧਰ ਨੇ ਸਾਈਬਰ ਧੋਖਾਧੜੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 24 ਲੱਖ ਰੁਪਏ ਦੀ ਨਕਦੀ, 14 ਮੋਬਾਈਲ ਫੋਨ, ਇੱਕ ਲੈਪਟਾਪ, 19 ਬੈਂਕ ਪਾਸਬੁੱਕਾਂ ਅਤੇ 43 ਏ ਟੀ ਐੱਮ ਕਾਰਡ ਬਰਾਮਦ ਕੀਤੇ ਹਨ। ਪੁਲਸ ਸਟੇਸ਼ਨ ਨਵੀਂ ਬਾਰਾਦਰੀ ਨੂੰ ਜਲੰਧਰ ਦੇ ਹੋਟਲ ਐੱਮ-1 ਵਿੱਚ ਸਾਈਬਰ ਧੋਖਾਧੜੀ ਗਰੋਹ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ। ਛਾਪਾ ਮਾਰ ਕੇ ਤਿੰਨ ਸ਼ੱਕੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮਾਂ ਦੀ ਪਛਾਣ ਜਲੰਧਰ ਦੇ ਸ਼ਹੀਦ ਬਾਬੂ ਲਾਭ ਸਿੰਘ ਨਗਰ ਦੇ ਵਰੁਣ ਆਂਚਲ ਤੇ ਮਧੂਬਨ ਕਲੋਨੀ ਦੇ ਅਨਿਲ ਅਤੇ ਮੋਰਬੀ ਰੋਡ, ਰਾਜਕੋਟ, ਗੁਜਰਾਤ ਦੇ ਦੂਧਾਗਰਾ ਰਿੰਪਲ ਵਜੋਂ ਹੋਈ ਹੈ। ਮੁਲਜ਼ਮਾਂ ਦਾ ਤਿੰਨ ਦਿਨਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।




## ਸੁਖਵਿੰਦਰ ਸਿੰਘ ਬਿੰਦ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ



**ਸ਼ੇਰਪੁਰ (ਰਵੀ ਟਿੰਬਾ)**-ਸਥਾਨਕ ਕਸਬੇ ਦੀ ਧਰਮਸ਼ਾਲਾ ਬਿੰਦ ਪੱਤੀ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਮੀਟਿੰਗ ਮਾਸਟਰ ਚਰਨ ਸਿੰਘ ਜਵੰਦਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਤੋਂ ਪਹਿਲਾਂ ਬੀਤੇ ਦਿਨੀ ਨਗਰ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ ਸਨ।ਅੱਜ ਅਗਾਵਾਂਹ ਦੇ ਰੀਤੀ ਰਿਵਾਜਾਂ ਅਨੁਸਾਰ ਪੁਰਾਣੀ ਕਮੇਟੀ ਭੰਗ ਕੀਤੀ ਗਈ ਤੇ ਨਵੇਂ ਸਿਰਿਓਂ ਸਮੁੱਚੇ ਭਾਈਚਾਰੇ ਵੱਲੋਂ ਨਵੀਂ ਕਮੇਟੀ ਗਠਿਤ ਕਰਨ ਲਈ ਮੈਂਬਰਾਂ ਦੇ ਨਾਮ ਮੰਗੇ ਗਏ, ਜਿਸ 'ਤੇ ਸਹਿਮਤ ਹੁੰਦਿਆਂ ਅਗਵਾਂਹ ਬਿੰਦ ਪੱਤੀ ਨਿਵਾਸੀਆਂ ਤ੍ਰਿਲੋਚਨ ਸਿੰਘ ਨੰਬਰਦਾਰ, ਗਿਆਨ ਸਿੰਘ ਬਿੰਦ, ਰਘਬੀਰ ਸਿੰਘ ਘੀਰਾ, ਰੂਪ ਸਿੰਘ, ਹਰਵਿੰਦਰ ਸਿੰਘ ਘੜੀ ਸਾਜ਼, ਗੁਰਪ੍ਰੀਤ ਸਿੰਘ ਘੀਪਲ ਵੱਲੋਂ ਸਹਿਮਤੀ ਪ੍ਰਗਟ ਕਰਦੇ ਹੋਏ ਸਰਬਸੰਮਤੀ ਨਾਲ ਅਗਲੇ ਦੋ ਸਾਲਾਂ ਲਈ ਪ੍ਰਧਾਨ ਭਾਈ ਸੁਖਵਿੰਦਰ ਸਿੰਘ ਬਿੰਦ, ਮੀਤ ਪ੍ਰਧਾਨ ਗੁਰਵਿੰਦਰ ਸਿੰਘ ਬੱਬੂ ਬਿੰਦ, ਖਜ਼ਾਨਚੀ ਕੁਲਵਿੰਦਰ ਸਿੰਘ ਕਿੰਦਾ ਔਜਲਾ, ਸਹਾਇਕ ਖਜ਼ਾਨਚੀ ਜਗਦੇਵ ਸਿੰਘ ਬਿੰਦ, ਸਕੱਤਰ ਗੁਰਮੀਤ ਸਿੰਘ ਬਿੰਦ, ਸਹਾਇਕ ਸਕੱਤਰ ਦਰਸ਼ਨ ਸਿੰਘ ਕਾਲਾ ਬਿੰਦ, ਸਟੋਰਕੀਪਰ ਮਿਸਤਰੀ ਸੁਮਿੰਦਰ ਸਿੰਘ ਧਾਮੀ, ਤ੍ਰਿਲੋਚਨ ਸਿੰਘ ਔਜਲਾ, ਪਰਮਜੀਤ ਸਿੰਘ ਜਵੰਦਾ ਤੋਂ ਇਲਾਵਾ ਨੰਬਰਦਾਰ ਕਰਮਜੀਤ ਸਿੰਘ, ਪੰਚ ਗੁਰਪ੍ਰੀਤ ਸਿੰਘ ਗੋਗਾ ਬਿੰਦ, ਪੰਚ ਮਨਜੀਤ ਸਿੰਘ ਚੀਮਾ, ਦਰਸ਼ਨ ਸਿੰਘ ਬਿੰਦ, ਰਘਬੀਰ ਸਿੰਘ ਘੀਰਾ, ਰੂਪ ਸਿੰਘ ਜਵੰਦਾ, ਬਲਵੀਰ ਸਿੰਘ ਔਜਲਾ ਮੈਂਬਰਾਂ ਸਮੇਤ ਕਮੇਟੀ ਦਾ ਗਠਨ ਕੀਤਾ ਗਿਆ, ਜੋ ਆਪਣੀ ਜ਼ਿੰਮੇਵਾਰੀ ਸੰਭਾਲੇਗੀ।ਇਸ ਮੌਕੇ ਨਵੇਂ ਚੁਣੇ ਅਹੁਦੇਦਾਰਾਂ ਨੇ ਸਮੁੱਚੇ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਦਿੱਤੀ ਗਈ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਮੁਸ਼ਕਲਾਂ ਦੇ ਹੱਲ ਲਈ ਹਰ ਸਮੇਂ ਹਾਜ਼ਰ ਰਹਿਣਗੇ।ਇਸ ਮੌਕੇ ਸਾਬਕਾ ਪ੍ਰਧਾਨ ਮਾਸਟਰ ਚਰਨ ਸਿੰਘ ਜਵੰਦਾ, ਨਾਜ਼ਰ ਸਿੰਘ ਜਵੰਦਾ, ਰੂਪ ਸਿੰਘ ਜਵੰਦਾ, ਭਾਈ ਸਵਰਨ ਸਿੰਘ ਖਾਲਸਾ ਪ੍ਰਧਾਨ ਗੁਰਦੁਆਰਾ ਅਕਾਲ ਪ੍ਰਕਾਸ਼ ਪ੍ਰਬੰਧਕ ਕਮੇਟੀ, ਬਲਵੀਰ ਸਿੰਘ ਬੀਰਾ, ਨੰਬਰਦਾਰ ਬਹਾਦਰ ਸਿੰਘ, ਪੰਚ ਮਲਕੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਨਗਰ ਨਿਵਾਸੀ ਤੇ ਪਤਵੰਤੇ ਹਾਜ਼ਰ ਸਨ।

## ਜਸਵੀਰ ਸਿੰਘ ਬਰਾੜ ਦਿਹਾਤੀ ਪ੍ਰੈੱਸ ਕਲੱਬ ਦੋਦਾ ਦੇ ਪ੍ਰਧਾਨ ਚੁਣੇ

**ਗਿੱਦੜਬਾਹਾ/ਦੋਦਾ (ਜਸਵੰਤ ਗਿੱਲ ਛੱਤਿਆਣਾ/ਵਕੀਲ ਬਰਾੜ)**-ਦਿਹਾਤੀ ਪ੍ਰੈੱਸ ਕਲੱਬ ਦੀ ਅਹਿਮ ਮੀਟਿੰਗ ਦੋਦਾ ਵਿਖੇ ਜਸਵੀਰ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਫੀਲਡ ਵਿੱਚ ਕੰਮ ਕਰਦੇ ਸਮੂਹ ਮੈਂਬਰਾਂ ਨੇ ਪ੍ਰੈੱਸ ਕਲੱਬ ਦੀ ਦਰਪੇਸ਼ ਮੁਸ਼ਕਲਾਂ 'ਤੇ ਚਰਚਾ ਕੀਤੀ ਗਈ।ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਅਗਲੇ ਸਾਲ ਲਈ ਅਹੁਦੇਦਾਰਾਂ ਦੀ ਚੋਣ ਕਰਨ ਦੀ ਮੰਗ ਕੀਤੀ।

ਉਪਰੰਤ ਦਿਹਾਤੀ ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਜਸਵੀਰ ਸਿੰਘ ਬਰਾੜ ਨੂੰ ਪ੍ਰਧਾਨ, ਲਖਵੀਰ ਸਿੰਘ ਖਾਲਸਾ ਨੂੰ ਮੀਤ ਪ੍ਰਧਾਨ, ਜਸਵੰਤ ਸਿੰਘ ਗਿੱਲ ਨੂੰ ਜਨਰਲ ਸਕੱਤਰ, ਵਕੀਲ ਸਿੰਘ ਬਰਾੜ ਨੂੰ ਸਕੱਤਰ, ਅਸ਼ੋਕ ਕੁਮਾਰ ਯਾਦਵ ਨੂੰ ਪ੍ਰਚਾਰ ਸਕੱਤਰ, ਦਵਿੰਦਰ ਮੋਹਨ ਬੇਦੀ ਨੂੰ ਖਜ਼ਾਨਚੀ, ਜਗਜੀਤ ਸਿੰਘ ਰੂਪਾਣਾ ਨੂੰ ਸਹਾਇਕ ਖਜ਼ਾਨਚੀ, ਨਰਿੰਦਰਪਾਲ ਸਿੰਘ ਸੰਧੂ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਐਡਵੋਕੇਟ ਗੁਰਚਰਨ ਸਿੰਘ ਬਰਾੜ ਤੇ ਐਡਵੋਕੇਟ ਬਾਜ ਸਿੰਘ ਖਿੜਕੀਆਂ ਵਾਲਾ ਨੂੰ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ।

# ਡੀ ਸੀ ਦੀ ਅਗਵਾਈ 'ਚ ਜ਼ਿਲ੍ਹਾ ਸਰਵੇਲੈਂਸ ਕਮੇਟੀ ਦੀ ਮੀਟਿੰਗ

### ਸੰਚਾਰੀ ਬਿਮਾਰੀਆਂ ਤੋਂ ਬਚਾਅ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣ : ਸੰਦੀਪ ਰਿਸ਼ੀ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਪ੍ਰਧਾਨਗੀ ਹੇਠ ਸੰਚਾਰੀ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਸਰਵੇਲੈਂਸ ਕਮੇਟੀ ਦੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।ਡਿਪਟੀ ਕਮਿਸ਼ਨਰ ਵੱਲੋਂ ਕਿਸੇ ਵੀ ਤਰ੍ਹਾਂ ਦੇ ਆਊਟਬਰੇਕ ਨੂੰ ਰੋਕਣ ਲਈ ਸਮੂਹ ਵਿਭਾਗਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।ਸ੍ਰੀ ਸੰਦੀਪ ਰਿਸ਼ੀ ਨੇ ਭਵਿੱਖ ਵਿੱਚ ਗਰਮੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਕਿਹਾ ਕਿ ਕਿਸੇ ਵੀ ਆਊਟਬਰੇਕ ਨਾਲ ਨਜਿੱਠਣ ਲਈ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਕਿ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤੇ ਸਿਹਤ ਸਿੱਖਿਆ ਦਿੱਤੀ ਜਾਵੇ।ਜ਼ਿਲ੍ਹਾ ਸੰਗਰੂਰ ਅਧੀਨ ਆਉਂਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿਖੇ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਜਾਣ ਅਤੇ ਓ.ਆਰ.ਐੱਸ., ਕਲੋਰੀਨ ਦੀਆਂ ਗੋਲੀਆਂ ਤੇ ਆਈ.ਵੀ. ਫਲੀਉਡ ਦਾ ਸਟਾਕ ਪੂਰਾ ਰੱਖਿਆ ਜਾਵੇ।ਉਨ੍ਹਾਂ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਸੀਵਰੇਜ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਕੋਈ ਲੀਕੇਜ ਹੈ ਤਾਂ ਉਸ ਨੂੰ ਤੁਰੰਤ ਠੀਕ ਕੀਤਾ ਜਾਵੇ।ਉਨ੍ਹਾਂ ਵਾਟਰ ਸਪਲਾਈ ਨੂੰ ਕਿਹਾ ਕਿ ਲੋਕਾਂ ਦੇ ਪੀਣ ਵਾਲੇ ਪਾਣੀ ਨੂੰ ਕਲੋਰੀਨੇਟ ਕਰਕੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ।

ਸਿਵਲ ਸਰਜਨ ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕਤਾ ਹਿੱਤ ਵਿਭਾਗੀ ਟੀਮਾਂ ਘਰ ਘਰ ਵਿਜ਼ਟ ਕਰ ਰਹੀਆਂ ਹਨ।ਇਸ ਤੋਂ ਇਲਾਵਾ ਵੱਖ ਵੱਖ ਸੰਚਾਰ ਮਾਧਿਅਮਾਂ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਵਿਨੋਦ ਕੁਮਾਰ, ਜ਼ਿਲ੍ਹਾ ਤਪਦਿਕ ਅਫ਼ਸਰ ਡਾ. ਨੈਨਸੀ, ਜ਼ਿਲਾ ਐਪੀਡਿਮਾਲੋਜਿਸਟ ਡਾ. ਉਪਾਸਨਾ ਬਿੰਦਰਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਪੀ ਐੱਸ ਪੀ ਸੀ ਐੱਲ ਨੇ ਫਸਲਾਂ ਨੂੰ ਅੱਗ ਤੋਂ ਬਚਾਉਣ ਲਈ ਵਿਸ਼ੇਸ਼ ਮੁਹਿੰਮ ਵਿੱਢੀ : ਹਰਭਜਨ ਸਿੰਘ ਈ ਟੀ ਓ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ.ਐੱਸ.ਪੀ.ਸੀ.ਐੱਲ.) ਨੇ ਕਿਸਾਨਾਂ ਨੂੰ ਕਣਕ ਦੀ ਫਸਲ ਨੂੰ ਅੱਗ ਤੋਂ ਬਚਾਉਣ ਲਈ ਤੇ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ।ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਕਿਸਾਨਾਂ ਨੂੰ ਅੱਗ ਦੇ ਖ਼ਤਰਿਆਂ ਤੋਂ ਬਚਣ ਲਈ ਜ਼ਰੂਰੀ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਜਾ ਰਹੀ ਹੈ।ਇਸ ਪਹਿਲ ਦਾ ਉਦੇਸ਼ ਢਿੱਲੀਆਂ ਜਾਂ ਹੇਠਾਂ ਲਟਕਦੀਆਂ ਬਿਜਲੀ ਦੀਆਂ ਤਾਰਾਂ, ਜੀ.ਓ. ਸਵਿੱਚਾਂ ਤੇ ਹੋਰ ਬਿਜਲੀ ਦੀਆਂ ਨੁਕਸ ਕਾਰਨ ਹੋਣ ਵਾਲੀਆਂ ਅੱਗ ਦੀਆਂ ਘਟਨਾਵਾਂ ਨੂੰ ਘਟਾਉਣਾ ਹੈ।ਉਨ੍ਹਾਂ ਕਿਹਾ ਕਿ ਅੱਗ ਨਾਲ ਸਬੰਧਤ ਐਮਰਜੈਂਸੀ ਨਾਲ ਨਜਿੱਠਣ ਲਈ ਇੱਕ ਸਮਰਪਤ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ।ਕਿਸਾਨਾਂ ਨੂੰ ਅੱਗ ਲੱਗਣ ਦੀ ਕਿਸੇ ਵੀ ਘਟਨਾ ਦੀ ਤੁਰੰਤ ਆਪਣੇ ਨਜ਼ਦੀਕੀ ਸਬ-ਡਵੀਜ਼ਨਲ ਦਫ਼ਤਰ ਜਾਂ ਸ਼ਿਕਾਇਤ ਘਰ ਨੂੰ ਰਿਪੋਰਟ ਕਰਨ ਦੀ ਅਪੀਲ ਕੀਤੀ।ਉਹ ਕੰਟਰੋਲ ਰੂਮ ਨਾਲ 96461-06835, 96461-06836 ਜਾਂ 1912 'ਤੇ ਵੀ ਸੰਪਰਕ ਕਰ ਸਕਦੇ ਹਨ।ਇਸ ਤੋਂ ਇਲਾਵਾ, ਜੇਕਰ ਕੋਈ ਵੀ ਢਿੱਲੀਆਂ ਜਾਂ ਲਟਕਦੀਆਂ ਬਿਜਲੀ ਦੀਆਂ ਤਾਰਾਂ ਜਾਂ ਚੰਗਿਆੜੀਆਂ ਨੂੰ ਦੇਖਦਾ ਹੈ, ਤਾਂ ਉਹ 96461-06835 'ਤੇ ਵਟਸਐਪ ਰਾਹੀਂ ਸਥਾਨ ਤੇ ਤਸਵੀਰਾਂ ਸਾਂਝੀਆਂ ਕਰ ਸਕਦਾ ਹੈ।ਉਨ੍ਹਾਂ ਕਿਸਾਨਾਂ ਨੂੰ ਕੱਟੀ ਹੋਈ ਕਣਕ ਨੂੰ ਬਿਜਲੀ ਦੀਆਂ ਤਾਰਾਂ ਹੇਠ, ਟ੍ਰਾਂਸਫਾਰਮਰਾਂ ਦੇ ਨੇੜੇ, ਜਾਂ ਜੀ.ਓ. ਸਵਿੱਚਾਂ ਦੇ ਨੇੜੇ ਸਟੋਰ ਕਰਨ ਤੋਂ ਬਚਣਾ ਚਾਹੀਦਾ ਹੈ।ਟ੍ਰਾਂਸਫਾਰਮਰਾਂ ਦੇ ਆਲੇ-ਦੁਆਲੇ ਇੱਕ ਮਰਲੇ ਦਾ ਖੇਤਰ ਪਹਿਲਾਂ ਹੀ ਸਾਫ਼ ਕਰ ਦੇਣਾ ਚਾਹੀਦਾ ਹੈ।ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜਾਗਰੂਕਤਾ ਮੁਹਿੰਮ ਵੱਖ-ਵੱਖ ਮਾਸ ਮੀਡੀਆ ਚੈਨਲਾਂ ਰਾਹੀਂ ਪ੍ਰਸਾਰਤ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਕਿਸਾਨਾਂ ਨੂੰ ਕਿਸੇ ਵੀ ਨੁਕਸਾਨ ਨੂੰ ਰੋਕਣ ਤੇ ਸੁਰੱਖਿਅਤ ਅਤੇ ਸਫਲ ਵਾਢੀ ਦੇ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।ਇਸ ਦੌਰਾਨ ਮੰਤਰੀ ਨੇ ਪੀ.ਐੱਸ.ਪੀ.ਸੀ.ਐੱਲ. ਨੂੰ ਹਦਾਇਤ ਕੀਤੀ ਕਿ ਉਹ ਢਿੱਲੀਆਂ ਜਾਂ ਹੇਠਾਂ ਲਟਕਦੀਆਂ ਬਿਜਲੀ ਦੀਆਂ ਤਾਰਾਂ, ਜੀ. ਓ. ਸਵਿੱਚਾਂ ਤੇ ਹੋਰ ਬਿਜਲੀ ਦੇ ਨੁਕਸ ਦੀ ਪਛਾਣ ਕਰਨ ਅਤੇ ਤੁਰੰਤ ਹੱਲ ਕਰਨ।

## ਐੱਮ ਏ ਐੱਮ ਸਕੂਲ 'ਚ ਵਿਸਾਖੀ ਮੌਕੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿਖੇ ਵਿਸਾਖੀ ਦੇ ਪਵਿੱਤਰ ਮੌਕੇ ਨਰਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਇੱਕ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਵਿਸਾਖੀ ਤਿਉਹਾਰ ਦੇ ਇਤਿਹਾਸਕ ਤੇ ਧਾਰਮਿਕ ਮਹੱਤਵ ਬਾਰੇ ਭਾਸ਼ਣ ਤੇ ਕਵਿਤਾਵਾਂ ਰਾਹੀਂ ਕੀਤੀ ਗਈ।ਇਸ ਤੋਂ ਬਾਅਦ ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਬੱਚਿਆਂ ਵੱਲੋਂ ਆਪਣੇ-ਆਪਣੇ ਦਰਜੇ ਅਨੁਸਾਰ ਵਿਸਾਖੀ ਤਿਉਹਾਰ ਨਾਲ ਸੰਬੰਧਤ ਤਿਆਰ ਕੀਤਾ ਗਿਆ ਪੰਜਾਬੀ ਨਾਚ, ਨਾਟਕ, ਕਵਿਤਾ, ਗੀਤ ਤੇ ਪੰਜਾਬ ਦਾ ਪ੍ਰਸਿੱਧ ਲੋਕ ਨ੍ਰਿੱਤ ਭੰਗੜਾ ਤੇ ਗਿੱਧਾ ਪੇਸ਼ ਕੀਤਾ ਗਿਆ। ਭੰਗੜਾ ਤੇ ਗਿੱਧਾ ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਨ ਸਨ।ਇਸ ਮੌਕੇ ਬੱਚਿਆਂ ਨੂੰ ਸਕੂਲ ਨੇੜੇ ਦੇ ਖੇਤਾਂ ਵਿੱਚ ਲੈ ਜਾ ਕੇ ਤਿਆਰ ਖਲੋਤੀ ਕਣਕ ਦੀ ਕਟਾਈ ਦੇ ਮਹੱਤਵ ਬਾਰੇ ਵੀ ਜਾਣੂ ਕਰਵਾਇਆ ਗਿਆ।ਵਿਸਾਖੀ ਦੇ ਤਿਉਹਾਰ ਦੀ ਮਹਿਮਾ ਨੂੰ ਦਰਸਾਉਂਦੇ ਹੋਏ ਸਕੂਲ ਦੇ ਸਾਰੇ ਵਿਦਿਆਰਥੀ ਤੇ ਅਧਿਆਪਕ ਪੰਜਾਬੀ ਪੋਸ਼ਾਕਾਂ ਵਿੱਚ ਨਜ਼ਰ ਆਏ।ਸਕੂਲ ਦੀ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀਆਂ ਵਧਾਈਆਂ ਤੇ ਖ਼ਾਲਸਾ ਪੰਥ ਦੇ ਸਥਾਪਨਾ ਦਿਵਸ ਦੀਆਂ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਵਿਸਾਖੀ ਦਾ ਤਿਉਹਾਰ ਜਿੱਥੇ ਪੰਜਾਬ ਦੇ ਕਿਸਾਨਾਂ ਦੇ ਜੀਵਨ ਨਾਲ ਜੁੜਿਆ ਹੋਇਆ ਹੈ, ਉਥੇ ਹੀ ਇਹ ਦਿਨ ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਨ 1699 ਵਿੱਚ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਥਾਪਨਾ ਕਰਕੇ ਇਤਿਹਾਸ ਰਚਿਆ ਸੀ।

# ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਦੇ 480 ਨੌਜਵਾਨਾਂ ਪ੍ਰੀਖਿਆ ਕੀਤੀ ਪਾਸ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**-ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ 1 ਅਕਤੂਬਰ 24 ਤੋਂ 8 ਅਕਤੂਬਰ 24 ਤੱਕ ਭਰਤੀ ਰੈਲੀ ਹੋਈ ਸੀ, ਉਸ ਦਾ ਰਿਜ਼ਲਟ ਅਪ੍ਰੈਲ 25 ਵਿੱਚ ਆ ਗਿਆ ਹੈ। ਸੀ-ਪਾਈਟ ਹਕੂਮਤ ਸਿੰਘ ਵਾਲਾ ਵਿਖੇ ਹੋਈ ਇਸ ਅਗਨੀਵੀਰ ਭਰਤੀ ਵਿੱਚ ਫਰੀਦਕੋਟ, ਫ਼ਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਜ਼ਿਲ੍ਹੇ ਦੇ ਨੌਜਵਾਨਾਂ ਵੱਲੋਂ ਹਿੱਸਾ ਲਿਆ ਗਿਆ, ਜਿਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 480 ਨੌਜਵਾਨ ਆਪਣੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਕੇ ਆਰਮੀ ਦੇ ਵੱਖ-ਵੱਖ ਸੈਂਟਰਾਂ ਵਿੱਚ ਜਾ ਕੇ ਆਪਣੀ ਟ੍ਰੇਨਿੰਗ ਕਰਨਗੇ ਤੇ ਦੇਸ਼ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਉਣਗੇ।ਸੀ-ਪਾਈਟ ਕੈਂਪ ਦੇ ਟ੍ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਤੇ ਮੋਗਾ ਦੇ ਨੌਜਵਾਨਾਂ ਨੂੰ ਅਗਨੀਵੀਰ ਭਰਤੀ ਲਈ ਆਰਮੀ ਦੀ ਆਨਲਾਈਨ ਰਜਿਸਟ੍ਰੇਸ਼ਨ ਵਾਲੀ ਸਾਈਟ 25 ਅਪ੍ਰੈਲ 2025 ਤੱਕ ਰਜਿਸਟ੍ਰੇਸ਼ਨ ਕਰਨ ਲਈ ਖੁੱਲ੍ਹੀ ਰਹੇਗੀ।ਇਸ ਵਾਰ ਆਈ.ਟੀ.ਆਈ., ਮੈਡੀਕਲ ਤੇ ਨਾਨ-ਮੈਡੀਕਲ ਵਾਲੇ ਯੁਵਕ ਦੋ ਫਾਰਮ ਭਰ ਸਕਦੇ ਹਨ।ਇਸ ਲਈ ਨੌਜਵਾਨ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਕੇ ਆਪਣੇ ਲਿਖਤੀ ਪੇਪਰ ਦੀ ਤਿਆਰੀ ਲਈ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ ਤੇ ਆਪਣੇ ਲਿਖਤੀ ਪੇਪਰ ਦੀ ਤਿਆਰੀ ਕਰਕੇ ਲਾਭ ਉਠਾਉਣ।ਸੀ-ਪਾਈਟ ਕੈਂਪ ਵਿਖੇ ਲਿਖਤੀ ਪੇਪਰ ਦੀ ਤਿਆਰੀ ਦੀਆਂ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ।ਇਸ ਵਾਰ ਅਗਨੀਵੀਰ ਦਾ ਲਿਖਤੀ ਪੇਪਰ ਪੰਜਾਬੀ ਵਿੱਚ ਹੋਵੇਗਾ।

### ਆਰਮੀ ਭਰਤੀ ਦੇ ਲਿਖਤੀ ਪੇਪਰ ਦੀ ਤਿਆਰੀ ਲਈ ਕਲਾਸਾਂ ਚਾਲੂ : ਕੈਪਟਨ ਗੁਰਦਰਸ਼ਨ ਸਿੰਘ

ਲਿਖਤੀ ਪੇਪਰ ਪਾਸ ਯੁਵਕਾਂ ਦਾ ਫਾਈਨਲ ਫਿਜ਼ੀਕਲ ਟੈਸਟ ਵੀ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਹੀ ਹੋਵੇਗਾ।ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਯੁਵਕ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਮ ਦਾਖਲ ਕਰਵਾ ਤੇ ਭਰਤੀ ਹੋਣ ਦੀ ਤਿਆਰੀ ਕਰਨ ਅਤੇ ਇਸ ਦਾ ਲਾਭ ਲੈਣ।ਉਨ੍ਹਾਂ ਦੱਸਿਆ ਕਿ ਫਰੀਦਕੋਟ, ਫ਼ਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਤੇ ਮੋਗਾ ਜ਼ਿਲ੍ਹੇ ਦੇ ਜਿਹੜੇ ਯੁਵਕ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਆਪਣਾ ਨਾਮ ਆਨਲਾਈਨ www.joinindian-army.nic.in 'ਤੇ ਰਜਿਸਟ੍ਰੇਸ਼ਨ ਕਰਵਾ ਕੇ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫ਼ਿਰੋਜ਼ਪੁਰ) ਵਿਖੇ ਲਿਖਤੀ ਪੇਪਰ ਦੀ ਤਿਆਰੀ ਕਰਨ ਲਈ ਰਿਪੋਰਟ ਕਰਨ।ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 09:00 ਵਜੇ ਹੈ।ਯੁਵਕ ਦੀ ਉਮਰ ਸਾਢੇ 17 ਸਾਲ ਤੋਂ 21 ਸਾਲ ਤੱਕ ਹੋਵੇ, ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 5 ਫੁੱਟ 7 ਇੰਚ ਹੋਵੇ। ਯੁਵਕ ਘੱਟੋ-ਘੱਟ 10ਵੀਂ 45% ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ।ਵਧੇਰੇ ਜਾਣਕਾਰੀ ਲਈ 88728-02046, 78888-48823 ਤੇ 78891-75575 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਦਰਸ਼ਨ ਬਾਂਸਲ ਨੂੰ ਸਦਮਾ, ਛੋਟੇ ਭਰਾ ਦਾ ਦੇਹਾਂਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਾਂਸਲ ਪਰਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਦਰਸ਼ਨ ਬਾਂਸਲ (ਜ਼ਿਲ੍ਹਾ ਜਨਰਲ ਸਕੱਤਰ ਕਾਂਗਰਸ) ਦੇ ਛੋਟੇ ਭਰਾ ਦਵਿੰਦਰ ਕੁਮਾਰ ਬਾਂਸਲ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ।ਇਸ ਦੁੱਖ ਦੀ ਘੜੀ ਵਿੱਚ ਸਿਆਸੀ ਪਾਰਟੀਆਂ, ਧਾਰਮਿਕ ਸੰਸਥਾਵਾਂ ਤੇ ਟਰੇਡ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਵਿੱਚ ਵਿਧਾਇਕ ਬਲਕਾਰ ਸਿੰਘ ਸਿੱਧੂ, ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਆਪ ਆਗੂ ਗੁਰਭਜਨ ਸਿੰਘ ਢਿੱਲੋਂ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਐੱਮ ਸੀ ਸੁਨੀਲ ਬਿੱਟਾ, ਭਾਜਪਾ ਦੇ ਸਟੇਟ ਆਗੂ ਮੱਖਣ ਜਿੰਦਲ, ਭਾਜਪਾ ਸੀਨੀਅਰ ਆਗੂ ਭਾਰਤ ਭੂਸ਼ਣ ਗਰਗ, ਹੈਪੀ ਬਾਂਸਲ ਸਾਬਕਾ ਪ੍ਰਧਾਨ ਨਗਰ ਕੌਂਸਲ ਮੌਜੂਦਾ ਐੱਮ ਸੀ, ਉੱਘੇ ਸਮਾਜ ਸੇਵੀ ਜਸਕਰਨ ਬਾਂਸਲ ਉਰਫ ਜੱਸੀ ਬਾਬਾ, ਨੰਦੀਸ਼ਾਲਾ ਦੇ ਪ੍ਰਧਾਨ ਰਾਕੇਸ਼ ਸਹਾਰਾ, ਪੁਨਰਜੋਤੀ ਦੇ ਪ੍ਰਧਾਨ ਰਾਕੇਸ਼ ਤਾਇਲ, ਕਾਂਵੜ ਸੰਘ ਦੇ ਪ੍ਰਧਾਨ ਮੱਖਣ ਬੱਲੋ, ਪ੍ਰੈੱਸ ਕਲੱਬ ਦੇ ਪ੍ਰਧਾਨ ਉਮੇਸ਼ ਸਿੰਗਲਾ, ਅਕੁਸ਼ ਰਾਈਆ ਐੱਮ ਸੀ, ਸਾਬਕਾ ਐੱਮ ਸੀ ਧਰਮ ਪਾਲ ਢੱਡਾ, ਡਾਕਟਰ ਗੁਰਮੇਲ ਸਿੰਘ ਆਦਿ ਸ਼ਾਮਲ ਸਨ।

# ਸਰਕਾਰ ਸੇਵਾ ਵਾਧੇ ਦੀ ਥਾਂ ਨਵੇਂ ਡਾਕਟਰਾਂ ਤੇ ਪ੍ਰੋਫ਼ੈਸਰਾਂ ਦੀ ਭਰਤੀ ਕਰੇ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੀ ਆਪ ਸਰਕਾਰ ਵੱਲੋਂ ਲੋਕ ਵਿਰੋਧੀ ਫੈਸਲਿਆਂ ਨੂੰ ਲੋਕ ਪੱਖੀ ਚਾਸ਼ਣੀ ਵਿੱਚ ਡਬੋ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਦੀ ਅਸਲੀਅਤ ਦੀ ਪੋਲ ਲੋਕਾਂ ਸਾਹਵੇਂ ਖੁੱਲ੍ਹ ਚੁੱਕੀ ਹੈ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਪੰਜਾਬ ਕੈਬਨਿਟ ਵੱਲੋਂ ਹਾਲ ਹੀ ਵਿੱਚ ਮੈਡੀਕਲ ਖੇਤਰ ਵਿੱਚ ਕੀਤੇ ਗਏ ਫੈਸਲਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਖ-ਵੱਖ ਵਿਭਾਗਾਂ ਵਿੱਚ ਨਵੀਆਂ ਭਰਤੀਆਂ ਕਰਨ ਦੀ ਬਜਾਏ ਕੇਵਲ ਸੇਵਾ ਵਾਧਾ ਕਰਕੇ ਹੀ ਡੰਗ ਟਪਾਈ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜ ਦੇ ਪ੍ਰੋਫ਼ੈਸਰਾਂ ਦੀ ਸੇਵਾ ਮੁਕਤੀ ਦੀ ਉਮਰ ਵਧਾ ਕੇ ਤੇ ਡਾਕਟਰਾਂ ਨੂੰ ਸੇਵਾ ਮੁਕਤੀ ਤੋਂ ਬਾਅਦ ਠੇਕੇ 'ਤੇ ਭਰਤੀ ਕਰਕੇ ਸੂਬਾ ਸਰਕਾਰ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੋਕਣਾ ਚਾਹੁੰਦੀ ਹੈ।ਡੀ ਟੀ ਐੱਫ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬਹਿਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੋਸ਼ ਲਾਇਆ ਕਿ ਦਿੱਲੀ ਮਾਡਲ ਦਾ ਗੁਣ ਗਾਣ ਕਰਨ ਵਾਲੀ ਆਪ ਸਰਕਾਰ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦਾ ਡਰੀਮ ਪ੍ਰੋਜੈਕਟ ਮੁਹੱਲਾ ਕਲੀਨਕ ਬਗੈਰ ਡਾਕਟਰਾਂ ਦੇ ਚੱਲ ਰਿਹਾ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਕਲੀਨਿਕਾਂ ਵਿੱਚ ਕੰਮ ਚਲਾਉਣ ਲਈ ਵੱਖ-ਵੱਖ ਹਸਪਤਾਲਾਂ ਵਿੱਚ ਕੰਮ ਕਰਦੇ ਡਾਕਟਰਾਂ ਨੂੰ ਡੈਪੂਟੇਸ਼ਨ 'ਤੇ ਭੇਜਿਆ ਜਾ ਰਿਹਾ ਹੈ, ਪੇਂਡੂ ਖੇਤਰਾਂ ਵਿੱਚ ਲਗਭਗ ਤਿੰਨ ਤੋਂ ਚਾਰ ਹਜ਼ਾਰ ਦੀ ਆਬਾਦੀ ਪਿੱਛੇ ਇੱਕ ਵੀ ਡਾਕਟਰ ਨਹੀਂ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬਾ ਭਰ ਵਿੱਚ ਠੇਕਾ ਸਿਸਟਮ ਤੇ ਆਊਟਸੋਰਸਿੰਗ ਪ੍ਰਣਾਲੀ ਨੂੰ ਧੜੱਲੇ ਨਾਲ ਲਾਗੂ ਕਰ ਰਹੀ ਹੈ।ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਸਾਰੇ ਵਿਭਾਗਾਂ ਵਿੱਚ ਸਮੇਤ ਸਿਹਤ ਤੇ ਸਿੱਖਿਆ ਵਿਭਾਗ ਦੇ, ਸੇਵਾ ਵਾਧਾ ਬੰਦ ਕਰਕੇ ਨਵੇਂ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦਿੱਤੇ ਜਾਣ।ਇਸ ਮੌਕੇ ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਅਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਬੀ ਡੀ ਪੀ ਓ ਵੱਲੋਂ ਪੋਸਟਰ ਜਾਰੀ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬੀ ਡੀ ਪੀ ਓ ਨਾਭਾ ਬੀਬੀ ਬਲਜੀਤ ਕੌਰ ਖ਼ਾਲਸਾ ਨੇ ਪੋਸਟਰ ਜਾਰੀ ਕੀਤਾ।ਉਨ੍ਹਾਂ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਪੰਚ, ਪੰਚ, ਗ੍ਰਾਮ ਪੰਚਾਇਤਾਂ ਤੇ ਮੁਲਾਜ਼ਮਾਂ ਨੂੰ ਇਹ ਪੋਸਟਰ ਸਮੂਹ ਗ੍ਰਾਮ ਪੰਚਾਇਤਾਂ ਵਿੱਚ ਢੁਕਵੀਆਂ ਥਾਵਾਂ 'ਤੇ ਲਗਾਉਣ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਨਸ਼ਾ ਕਰਨ ਤੇ ਵੇਚਣ ਵਾਲੇ ਇਸ ਬੁਰਾਈ ਨੂੰ ਛੱਡ ਕੇ ਗੁਰਬਾਣੀ ਦੇ ਲੜ ਲੱਗਣ।ਜੇਕਰ ਨਸ਼ੇ ਵਰਗੀ ਇਸ ਬੁਰਾਈ ਨੂੰ ਖ਼ਤਮ ਕਰਨਾ ਹੈ ਤਾਂ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਪ੍ਰਸ਼ਾਸਨ ਦਾ ਸਾਥ ਦੇਣਾ ਪਵੇਗਾ।ਉਨ੍ਹਾਂ ਕਿਹਾ ਕਿ ਸਮੁੱਚੀਆਂ ਗ੍ਰਾਮ ਪੰਚਾਇਤਾਂ ਤੇ ਬੀ ਡੀ ਪੀ ਓ ਦਫ਼ਤਰ ਨਾਭਾ ਆਪਣੇ ਪੱਧਰ 'ਤੇ ਕੰਮ ਕਰ ਰਹੇ ਹਨ, ਜੇਕਰ ਪਿੰਡ ਵਾਸੀ ਵੀ ਇਹ ਸੋਚਣ ਕਿ ਉਹ ਆਪਣੇ ਪੱਧਰ 'ਤੇ ਸਰਕਾਰ ਦੀ ਇਸ ਮੁਹਿੰਮ ਦਾ ਸਮਰਥਨ ਕਰਨਗੇ ਅਤੇ ਪ੍ਰਸ਼ਾਸਨ ਨੂੰ ਸਹਿਯੋਗ ਦੇਣਗੇ ਤਾਂ ਇਸ ਬੁਰਾਈ ਨੂੰ ਦਿਨਾਂ ਵਿੱਚ ਹੀ ਖ਼ਤਮ ਕੀਤਾ ਜਾ ਸਕਦਾ ਹੈ।ਬੀਬੀ ਬਲਜੀਤ ਕੌਰ ਖ਼ਾਲਸਾ ਬਰਨਾਲਾ ਬੀ ਡੀ ਪੀ ਓ ਨਾਭਾ ਨੇ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਕਾਰੋਬਾਰੀ ਨਸ਼ਾ ਵੇਚਣਾ ਬੰਦ ਕਰ ਦੇਣ ਨਹੀਂ ਤਾਂ ਉਨ੍ਹਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨਸ਼ਾ ਵੇਚਣ ਵਾਲੇ ਕਾਰੋਬਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਜਾਂ ਤਾਂ ਆਪਣਾ ਪਿੰਡ, ਪੰਜਾਬ ਛੱਡ ਕੇ ਚਲੇ ਜਾਣ ਜਾਂ ਨਸ਼ੇ ਦਾ ਕਾਰੋਬਾਰ ਬੰਦ ਕਰਕੇ ਕੋਈ ਹੋਰ ਕਾਰੋਬਾਰ ਕਰ ਲੈਣ।ਇਸ ਮੌਕੇ ਬਲਾਕ ਨਾਭਾ ਦੇ ਸਰਪੰਚ ਮੁਖਤਿਆਰ ਸਿੰਘ ਲੱਧਾਹੇੜੀ, ਸਰਪੰਚ ਰਾਜਿੰਦਰ ਸਿੰਘ ਗੁਰਦਿੱਤਪੁਰਾ, ਸੈਕਟਰੀ ਯਾਦਵਿੰਦਰ ਸਿੰਘ ਤੁੰਗਾਂ, ਪੰਚ ਸਰੀਫ ਮੁਹੰਮਦ ਲੱਧਾਹੇੜੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਰਪੰਚ, ਪੰਚ ਤੇ ਗ੍ਰਾਮ ਪੰਚਾਇਤਾਂ ਨੇ ਬੀਬੀ ਬਲਜੀਤ ਕੌਰ ਖ਼ਾਲਸਾ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੇ ਨਾਲ ਹਨ ਤੇ ਕਿਸੇ ਵੀ ਕਿਸਮ ਦੇ ਨਸ਼ੇ ਦੀ ਕੋਈ ਸ਼ਿਕਾਇਤ ਨਹੀਂ ਆਉਣ ਦਿੱਤੀ ਜਾਵੇਗੀ।

# ਮੇਰੇ 'ਤੇ ਪਾਰਟੀ ਨੇ ਛੇ ਸਾਲਾਂ ਲਈ ਚੋਣ ਨਾ ਲੜਨ ਦੀ ਕੋਈ ਸ਼ਰਤ ਨਹੀਂ ਲਗਾਈ : ਗੋਲਡੀ ਖੰਗੂੜਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਹਾਲ ਹੀ ਦੌਰਾਨ ਕਾਂਗਰਸ ਪਾਰਟੀ ਵਿੱਚ ਮੁੜ ਘਰ ਵਾਪਸੀ ਕਰਨ ਵਾਲੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਆਪਣੇ ਗ੍ਰਹਿ ਵਿਖੇ ਆਪਣੇ ਸਮੱਰਥਕਾਂ, ਪਾਰਟੀ ਵਰਕਰਾਂ ਤੇ ਇਲਾਕੇ ਦੇ ਪੰਤਵੰਤਿਆਂ ਨਾਲ ਮੁਲਾਕਾਤ ਕਰਦਿਆਂ ਜਲਦੀ ਹੀ ਸਿਆਸੀ ਸਰਗਰਮੀਆਂ ਵਿੱਢਣ ਦਾ ਐਲਾਨ ਕੀਤਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਕਿਹਾ ਕਿ ਉਹ ਅਤੀਤ ਵਿੱਚ ਹੋਈਆਂ ਗ਼ਲਤੀਆਂ ਨੂੰ ਭੁਲਾ ਕੇ ਨਵੀਂ ਸਿਆਸੀ ਪਾਰੀ ਖੇਡਣਗੇ।ਉਨ੍ਹਾ ਕਿਹਾ ਕਿ ਪਾਰਟੀ ਵਿੱਚ ਉਨ੍ਹਾ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ।ਪਾਰਟੀ ਵਰਕਰਾਂ ਵੱਲੋਂ ਉਨ੍ਹਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਵੇਲੇ ਕੀਤੇ ਗਏ ਵਿਰੋਧ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਹਾਂ-ਪੱਖੀ ਰਾਜਨੀਤੀ ਕਰਨ ਦੇ ਹਾਮੀ ਹਨ ਤੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਾਉਣ ਵਿੱਚ ਯੋਗਦਾਨ ਪਾਉਣਾ ਹੀ ਉਨ੍ਹਾਂ ਦਾ ਮੁੱਖ ਟੀਚਾ ਹੈ ਅਤੇ ਪਾਰਟੀ ਦੇ ਹੁਕਮ 'ਤੇ ਉਹ ਚੋਣ ਲੜਨਗੇ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵੇਲੇ ਛੇ ਸਾਲਾਂ ਲਈ ਚੋਣ ਨਾ ਲੜਨ ਦੀ ਪਾਰਟੀ ਵੱਲੋਂ ਲਗਾਈ ਸ਼ਰਤ ਦੀਆਂ ਅਫ਼ਵਾਹਾਂ ਬਾਰੇ ਜਵਾਬ ਦਿੰਦਿਆਂ ਉਨ੍ਹਾ ਕਿਹਾ ਕਿ ਸਿਆਸਤ ਵਿੱਚ ਅਜਿਹੀਆਂ ਕੋਈ ਸ਼ਰਤਾਂ ਨਹੀਂ ਹੁੰਦੀਆਂ, ਪਾਰਟੀ ਨੂੰ ਜਿੱਥੇ ਇੱਕ ਚੰਗੇ ਆਗੂ ਦੀ ਲੋੜ ਹੁੰਦੀ ਹੈ, ਉਥੇ ਆਗੂ ਨੂੰ ਚੰਗੀ ਪਾਰਟੀ ਦੀ ਲੋੜ ਹੁੰਦੀ ਹੈ, ਪਰ ਪਾਰਟੀ ਨੇ ਉਨ੍ਹਾਂ 'ਤੇ ਅਜਿਹੀ ਕੋਈ ਵੀ ਸ਼ਰਤ ਨਹੀਂ ਲਗਾਈ ਗਈ, ਸਗੋਂ ਮੀਡੀਆ ਦੇ ਇੱਕ ਹਿੱਸੇ ਵੱਲੋਂ ਸਾਡੇ ਇੱਕ ਮਹਿਲਾ ਆਗੂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ, ਜਿਸ ਸਬੰਧੀ ਸਾਡੇ ਮਹਿਲਾ ਆਗੂ ਬਾਅਦ ਵਿੱਚ ਸਪੱਸ਼ਟ ਵੀ ਕਰ ਚੁੱਕੇ ਹਨ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ, ਸਾਬਕਾ ਸਰਪੰਚ ਗੁਰਪਿਆਰ ਸਿੰਘ ਧੂਰਾ, ਜਗਤਾਰ ਸਿੰਘ ਤਾਰਾ ਬੇਨੜਾ, ਸਾਬਕਾ ਕੌਂਸਲਰ ਦਰਸ਼ਨ ਕੁਮਾਰ ਦਰਸ਼ੀ, ਪ੍ਰੇਮ ਕੁਮਾਰ ਠੇਕੇਦਾਰ, ਰਾਜੀਵ ਚੌਧਰੀ, ਮਹਾਂਵੀਰ ਸਿੰਘ ਫੌਜੀ (ਦੋਵੇਂ ਕੌਂਸਲਰ) ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਤਵੰਤੇ ਹਾਜ਼ਰ ਸਨ।

## ਪੈਸੇ ਦੇ ਲੈਣ ਦੇਣ ਨੂੰ ਲੈ ਕੇ ਮਾਮੇ ਦੇ ਪੁੱਤ ਨੂੰ ਗੋਲੀ ਮਾਰ ਕੇ ਕੀਤਾ ਜ਼ਖ਼ਮੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਦੇ ਅਮਲੋਹ ਰੋਡ ਵਿਖੇ ਸਥਿਤ ਦੇਵਗਨ ਮਾਰਕੀਟ ਵਿੱਚ ਬੀਤੀ ਰਾਤ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿਥੋਂ ਉਸ਼ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਡਾਕਟਰਾਂ ਵੱਲੋਂ ਚੰਡੀਗੜ੍ਹ ਦੇ ਸੈਕਟਰ 32 ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ।ਇਸ ਸਬੰਧੀ ਮੁੱਕਦਮਾ ਦਰਜ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।ਪ੍ਰਾਪਤ ਜਾਣਕਾਰੀ ਜਾਣਕਾਰੀ ਅਨੁਸਾਰ ਬੀਤੀ ਰਾਤ ਸਥਾਨਕ ਦੇਵਗਨ ਮਾਰਕੀਟ ਵਿੱਚ ਦੋ ਧਿਰਾਂ ਦਰਮਿਆਨ ਪੈਸੇ ਦੇ ਲੈਣ ਦੇਣ ਨੂੰ ਲੈ ਕੇ ਤਕਰਾਰਬਾਜ਼ੀ ਹੋ ਗਈ ਸੀ, ਜੋ ਕਿ ਰਿਸ਼ਤੇ ਵਿੱਚ ਮਾਮੇ ਤੇ ਭੂਆ ਦੇ ਪੁੱਤ ਦੱਸੇ ਜਾ ਰਹੇ ਹਨ।ਇਸ ਦੌਰਾਨ ਇੱਕ ਧਿਰ ਵੱਲੋਂ ਗੋਲੀ ਚਲਾ ਦਿੱਤੀ ਗਈ, ਜੋ ਕਿ ਦੂਸਰੀ ਧਿਰ ਦੇ ਵਿਅਕਤੀ ਦੀ ਲੱਤ ਵਿੱਚ ਜਾ ਲੱਗੀ। ਜ਼ਖ਼ਮੀ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਏ ਕਿ ਉਨ੍ਹਾਂ ਦੀ ਭੂਆ ਦੇ ਮੁੰਡੇ ਵੱਲੋਂ ਗੋਲੀ ਚਲਾਈ ਗਈ ਹੈ। ਉਨ੍ਹਾਂ ਦੋਸ਼ ਲਗਾਏ ਕਿ ਉਕਤ ਵਿਅਕਤੀ ਉਨ੍ਹਾ ਦੇ ਲੜਕੇ ਤੋਂ 5 ਲੱਖ ਰੁਪਏ ਦੀ ਮੰਗ ਕਰ ਰਿਹਾ ਸੀ, ਜਦੋਂ ਉਸ ਨੇ ਪੈਸੇ ਦੇਣ ਤੋਂ ਮਨ੍ਹਾਂ ਕੀਤਾ ਤਾਂ ਉਹ ਗੋਲੀ ਮਾਰ ਕੇ ਮੌਕੇ ਤੋਂ ਫ਼ਰਾਰ ਹੋ ਗਿਆ।

## ਜੇਕਰ ਤਰੱਕੀ ਕਰਨੀ ਹੈ ਤਾਂ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਨਮਾਨ ਕਰੋ : ਸੰਧਵਾਂ

### *ਸਵਾਈਟ ਕਾਲਜ ਦੇ ਸਾਲਾਨਾ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ*




**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ: ਕੁਲਤਾਰ ਸਿੰਘ ਸੰਧਵਾਂ ਨੇ ਪਟਿਆਲਾ ਦੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟ ਵੱਲੋਂ ਕੀਤੇ ਗਏ ਸਾਲਾਨਾ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਤਸ਼ਾਹਤ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਸਮਾਜ ਵਿੱਚ ਆਪਣੀ ਜਗ੍ਹਾ ਬਣਾਉਣੀ ਹੈ ਤਾਂ ਸੇਵਾ ਦਾ ਭਾਵ ਰੱਖੋ ਅਤੇ ਜੇਕਰ ਤਰੱਕੀ ਕਰਨੀ ਹੈ ਤਾਂ ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਨਮਾਨ ਕਰੋ।ਉਨ੍ਹਾਂ ਕਾਲਜ ਦੇ ਸਟਾਫ ਵੱਲੋਂ ਲਿਖੀ ਗਈ ਇਕ ਪੁਸਤਕ ਦਾ ਵੀ ਵਿਮੋਚਨ ਕੀਤਾ।ਉਨ੍ਹਾਂ ਵੱਖ-ਵੱਖ ਸੂਬਿਆਂ ਤੋਂ ਆਏ ਵਿਦਿਆਰਥੀਆਂ ਦੀ ਸ਼ਾਨਦਾਰ ਪੇਸ਼ਕਾਰੀ ਕਰਨ ਅਤੇ ਕਾਲਜ ਦੀ ਮੈਨੇਜਮੈਂਟ ਦੇ ਵਧੀਆ ਪ੍ਰਬੰਧਨ 'ਤੇ ਸ਼ਲਾਘਾ ਕੀਤੀ।ਉਨ੍ਹਾਂ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ।ਉਨ੍ਹਾਂ ਯੁੱਧ ਨਸ਼ਿਆਂ ਵਿਰੁੱਧ ਪੁੱਛੇ ਗਏ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਪੰਜਾਬ ਦੇ ਲੋਕਾਂ ਦੇ ਸਾਥ ਤੇ ਸਹਿਯੋਗ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਤੇ ਸੂਬੇ ਦੀ ਆਉਣ ਵਾਲੀ ਪੀੜ੍ਹੀ ਦੇ ਸਿਹਤਮੰਦ ਤੇ ਉੱਜਵਲ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਤੇ ਜਨਤਾ ਦੇ ਸਾਂਝੇ ਉਪਰਾਲੇ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।ਕਾਲਜ ਦੇ ਚੇਅਰਮੈਨ ਅਸ਼ਵਨੀ ਗਰਗ ਨੇ ਜਾਣਕਾਰੀ ਦਿੱਤੀ ਕਿ ਸਪੋਨਟੇਨੀਆਂ 2025 ਦੇ ਹੇਠ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਮਾਗਮ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਜਾਣਗੇ।ਇਸ ਮੌਕੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟ ਦੇ ਵਿਦਿਆਰਥੀ ਤੇ ਅਧਿਆਪਕ ਹਾਜ਼ਰ ਸਨ।

## ਸਿਟੀ ਲਾਇਟ ਕਲੱਬ ਦੀ ਚੋਣ, ਦਰਸ਼ਨ ਗਰਗ ਪ੍ਰਧਾਨ ਬਣੇ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਥਾਨਕ ਸਿਟੀ ਲਾਇਟ ਕਲੱਬ ਦੀ ਸਰਪ੍ਰਸਤ ਸੁਰੇਸ਼ ਬਾਂਸਲ ਦੀ ਅਗਵਾਈ ਹੇਠ ਹੋਈ ਚੋਣ ਵਿੱਚ ਦਰਸ਼ਨ ਗਰਗ ਨੂੰ ਪ੍ਰਧਾਨ ਤੇ ਨੀਲੂ ਮਿੱਤਲ ਨੂੰ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣ ਲਿਆ ਗਿਆ, ਜਦਕਿ ਬਾਕੀ ਅਹੁਦੇਦਾਰਾਂ ਵਿੱਚ ਚੇਅਰਮੈਨ ਸੰਜੀਵ ਜਿੰਦਲ, ਮੀਤ ਪ੍ਰਧਾਨ ਸ਼ਿਵ ਕੁਮਾਰ ਕਾਲਾ, ਖਜ਼ਾਨਚੀ ਅਤੁਲ ਗਰਗ ਚੁਣੇ ਗਏ।ਨਵ-ਨਿਯੁਕਤ ਪ੍ਰਧਾਨ ਦਰਸ਼ਨ ਗਰਗ ਤੇ ਜਨਰਲ ਸਕੱਤਰ ਨੀਲੂ ਮਿੱਤਲ ਨੇ ਕਿਹਾ ਕਿ ਸੰਸਥਾਂ ਵੱਲੋਂ ਜਿੱਥੇ ਸਮਾਜ ਸੇਵਾ ਦੇ ਕਾਰਜ ਕੀਤੇ ਜਾਣਗੇ, ਉਥੇ ਸ਼ਹਿਰ ਨੂੰ ਸੁੰਦਰੀਕਰਨ ਲਈ ਪ੍ਰਸ਼ਾਸਨ ਦਾ ਸਾਥ ਦਿੱਤਾ ਜਾਵੇਗਾ।ਇਸ ਮੌਕੇ ਪਦਮ ਗੋਇਲ, ਰਾਜੇਸ਼ ਗੋਇਲ ਰਾਜੀ, ਕਮਲ ਕਿਸ਼ੋਰ ਬੰਟੀ, ਸੰਜੇ ਗਰਗ, ਵਿਪਨ ਕੁਮਾਰ, ਮਨੋਜ ਗੁਪਤਾ, ਵਿਕਾਸ ਜਿੰਦਲ, ਪਰਬੋਧ ਕਾਂਸਲ, ਯੋਗੇਸ਼ ਕਾਲਾ, ਨਿੱਕਾ ਜੌਲੀ, ਸੰਜੇ ਚੌਧਰੀ ਤੇ ਸੋਨੂੰ ਸਿੰਗਲਾ ਆਦਿ ਹਾਜ਼ਰ ਸਨ।

# ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮ ਦਿਹਾੜਾ ਧੂਮ ਧਾਮ ਨਾਲ ਸਥਾਨਕ ਪੰਚਾਇਤੀ ਧਰਮਸ਼ਾਲਾ ਨੇੜੇ ਬੱਸ ਸਟੈਂਡ ਵਿਖੇ ਸਰਬ ਸਮਾਜ ਨੇ ਇਕੱਠੇ ਹੋ ਕੇ ਮਨਾਇਆ, ਜਿਸ ਦੀ ਪ੍ਰਧਾਨਗੀ ਧੰਨਾ ਰਾਮ ਰਿਟਾਇਰ ਜ਼ਿਲ੍ਹੇਦਾਰ ਨੇ ਕੀਤੀ।ਇਸ ਸੰਬਧੀ ਜਾਣਕਾਰੀ ਦਿੰਦਿਆਂ ਰਾਜਪਾਲ ਇੰਦੋਰਾ ਨੇ ਦੱਸਿਆ ਕਿ ਇਸ ਮੌਕੇ ਇਕੱਠੇ ਹੋਏ ਸਰਬ ਸਮਾਜ ਦੇ ਵੱਖ ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਦੀ ਜੀਵਨੀ ਬਾਰੇ ਮੌਜੂਦਾ ਲੋਕਾਂ ਨੂੰ ਜਾਣਕਾਰੀ ਦਿੱਤੀ।ਬਾਬਾ ਸਾਹਿਬ ਦੇ ਜਨਮ ਦਿਹਾੜੇ 'ਤੇ ਕੇਕ ਵੀ ਕੱਟਿਆ ਗਿਆ ਅਤੇ ਹਾਜ਼ਰੀਨ ਨੂੰ ਲੱਡੂ ਵੀ ਵੰਡੇ ਗਏ।ਇਸ ਮੌਕੇ ਜਗਦੀਸ਼ ਲਾਲ ਟਾਂਕ, ਰਾਜ ਕੁਮਾਰ ਚੌਹਾਨ, ਰਾਜਪਾਲ ਇੰਦੌਰਾ, ਜੀਵਨ ਮਹਵਾਰ, ਡਿੰਪਲ ਡਿੰਪੀ, ਮਨੋਜ ਕੁਮਾਰ ਟਾਂਕ, ਦੀਪ ਸ਼ੇਰ ਗਿੱਲ, ਦਵਿੰਦਰ ਕੁਮਾਰ, ਅਭਿਸ਼ੇਕ ਅੰਬੇਡਕਰ, ਬਿੱਲੂ ਰਾਮ, ਅਮਰਦੀਪ ਇੰਦੋਰਾ ਆਦਿ ਹਜ਼ਾਰ ਸਨ।

## ਕੂੜਾ ਡੰਪ 'ਤੇ ਲੱਗੀ ਅੱਗ ਨੂੰ ਬੁਝਾਉਣ ਲਈ ਜਲਦ ਲੋੜੀਂਦੇ ਕਦਮ ਚੁੱਕੇ ਜਾਣ : ਜੈ ਇੰਦਰ ਕੌਰ



**ਪਟਿਆਲ਼ਾ (ਰਜਿੰਦਰ ਸਿੰਘ ਥਿੰਦ)**-ਪਿਛਲੇ 4-5 ਦਿਨਾਂ ਤੋਂ ਪਟਿਆਲਾ ਦੇ ਕੂੜਾ ਡੰਪ ਗਰਾਊਂਡ 'ਚ ਲੱਗੀ ਅੱਗ ਸਬੰਧੀ ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਪਿਛਲੇ 3-4 ਦਿਨਾਂ ਤੋਂ ਪਟਿਆਲਾ ਦੇ ਕੂੜਾ ਡੰਪ ਗਰਾਊਂਡ ਵਿੱਚ ਲੱਗੀ ਅੱਗ ਦੇ ਧੂਏਂ ਕਾਰਨ ਆਲੇ ਦੁਆਲੇ ਦੀਆਂ ਕਾਲੋਨੀਆਂ ਵਿੱਚ ਰਹਿ ਰਹੇ ਲੋਕ ਬਹੁਤ ਪ੍ਰਭਾਵਿਤ ਹੋ ਰਹੇ ਹਨ।ਪਟਿਆਲਾ ਕਾਰਪੋਰੇਸ਼ਨ ਦੇ ਅਧਿਕਾਰੀ ਇਸ ਅੱਗ ਨੂੰ ਬੁਝਾਉਣ ਵਿੱਚ ਅਸਫਲ ਨਜ਼ਰ ਆ ਰਹੇ ਹਨ, ਜਦੋਂ ਪਟਿਆਲਾ ਕਾਰਪੋਰੇਸ਼ਨ ਅਧਿਕਾਰੀਆਂ ਵੱਲੋਂ ਕੋਈ ਲੋੜੀਂਦਾ ਕਦਮ ਨਹੀਂ ਚੁੱਕਿਆ ਗਿਆ ਤਾਂ ਉਨ੍ਹਾਂ ਵੱਲੋਂ 10 ਅਪ੍ਰੈਲ 2025 ਨੂੰ ਐੱਨ ਜੀ ਟੀ ਨੂੰ ਚਿੱਠੀ ਲਿਖ ਕੇ ਇਸ ਸੰਬਧੀ ਸ਼ਿਕਾਇਤ ਵੀ ਦਰਜ ਕਰਵਾਈ ਗਈ।ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਜੈ ਇੰਦਰ ਕੌਰ ਨੇ ਕਿਹਾ ਕਿ ਇਸ ਡੰਪ ਉੱਪਰ ਲੱਗੀ ਅੱਗ ਤੋਂ ਬਾਅਦ ਕੋਈ ਵੀ 'ਆਪ' ਦਾ ਆਗੂ ਅੱਗੇ ਨਹੀਂ ਆਇਆ, ਪਰ ਰਾਤ ਫੇਸਬੁੱਕ ਰਾਹੀਂ ਜਦੋਂ ਇਸ ਬੇਕਾਬੂ ਹੋਈ ਅੱਗ ਬਾਰੇ ਬੋਲਿਆ ਗਿਆ ਤਾਂ ਰਾਤੋ ਰਾਤ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਕੌਂਸਲਰਾਂ ਨੂੰ ਭਾਜੜਾਂ ਪੈ ਗਈਆਂ, ਕਰੀਬ ਤਿੰਨ-ਚਾਰ ਸਾਲ ਪਹਿਲਾਂ ਇਸ ਡੰਪ ਨੂੰ ਬਿਲਕੁਲ ਖਾਲੀ ਕਰਵਾ ਦਿੱਤਾ ਗਿਆ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾ ਕਿਹਾ ਕਿ ਜਲਦ ਤੋਂ ਜਲਦ ਇਸ ਅੱਗ ਨੂੰ ਬੁਝਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ ਕਿਉਂਕਿ ਕੂੜਾ ਡੰਪ ਦੇ ਆਸ-ਪਾਸ ਰਹਿੰਦੇ ਲੋਕਾਂ ਨੂੰ ਨਿਕਲ ਰਹੇ ਧੂਏਂ ਕਾਰਨ ਵੱਖ-ਵੱਖ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਤੌਰ 'ਤੇ ਬਜ਼ੁਰਗ ਤੇ ਬੱਚੇ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ। ਇਸ ਦੌਰਾਨ ਭਾਜਪਾ ਪਟਿਆਲਾ ਜ਼ਿਲ੍ਹਾ ਪ੍ਰਧਾਨ ਵਿਜੈ ਕੁਮਾਰ ਕੂਕਾ, ਸਾਬਕਾ ਕੌਂਸਲਰ ਗਿਨੀ ਨਾਗਪਾਲ, ਕੌਂਸਲਰ ਅਨੁਜ ਖੋਸਲਾ, ਅਤੁਲ ਜੋਸ਼ੀ, ਸਾਬਕਾ ਕੌਂਸਲਰ ਸੰਦੀਪ ਮਲਹੋਤਰਾ, ਨਿਖਿਲ ਬਾਤਿਸ਼, ਸਿਕੰਦਰ ਚੌਹਾਨ ਆਦਿ ਮੌਜੂਦ ਰਹੇ।

## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ



**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਹੋਈ।ਇਸ ਮੌਕੇ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਦਾ ਆਯੋਜਨ ਕੀਤਾ ਗਿਆ।ਅਸੈਂਬਲੀ ਵਿੱਚ ਮੁੱਖ ਤੌਰ 'ਤੇ ਬੱਚਿਆਂ ਦੇ ਸਵਾਗਤ ਲਈ ਅਧਿਆਪਕਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ।ਉਧਰ ਅਗਰ ਕੇ ਜੀ ਬਲਾਕ ਦੀ ਗੱਲ ਕੀਤੀ ਜਾਵੇ ਤਾਂ ਨੰਨ੍ਹੇ-ਮੰਨੇ ਵਿਦਿਆਰਥੀਆਂ ਦਾ ਸਾਰੇ ਹੀ ਅਧਿਆਪਕਾਂ ਦੁਆਰਾ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸਾਰੇ ਹੀ ਨੰਨ੍ਹੇ-ਮੁੰਨੇ ਵਿਦਿਆਰਥੀਆਂ ਦੀ ਖੁਸ਼ੀ ਦੇਖਿਆਂ ਹੀ ਬਣਦੀ ਸੀ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਸਕੂਲ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਨਵੇਂ ਸੈਸ਼ਨ ਵਿੱਚ ਵੀ ਪਹਿਲਾਂ ਦੀ ਤਰ੍ਹਾਂ ਸਕੂਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਪਹਿਲਾਂ ਦੀ ਤਰ੍ਹਾਂ ਆਉਣ ਵਾਲੇ ਵਿਦਿਅਕ ਵਰ੍ਹੇ ਵਿੱਚ ਸਕੂਲ ਨਵੀਆਂ ਬੁਲੰਦੀਆਂ ਨੂੰ ਛੂਹੇਗਾ।

## ...ਸ.ਫਾ 1 ਦੇ ਬਾਕੀ

### ਬਾਜਵਾ ਨੂੰ ਬੰਬਾਂ ਦਾ ...

ਰਹੇ ਹਨ। ਬਾਜਵਾ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਇਹ ਜਾਣਕਾਰੀ ਉਨ੍ਹਾ ਕੋਲ ਕਿੱਥੋਂ ਆਈ ਹੈ, ਨਹੀਂ ਤਾਂ ਦਹਿਸ਼ਤ ਫੈਲਾਉਣ ਸੰਬੰਧੀ ਉਨ੍ਹਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸੇ ਦੌਰਾਨ ਪੁਲਸ ਦੇ ਦੋ ਅਧਿਕਾਰੀਆਂ ਨੇ ਬਾਜਵਾ ਤੋਂ ਉਨ੍ਹਾ ਦੀ ਚੰਡੀਗੜ੍ਹ ਦੇ ਸੈਕਟਰ-8 ਸਥਿਤ ਰਿਹਾਇਸ਼ ਵਿਖੇ ਬੰਬ ਵਾਲੇ ਬਿਆਨ ਬਾਰੇ ਸਵਾਲ-ਜਵਾਬ ਕੀਤੇ ਅਤੇ ਸੂਤਰਾਂ ਬਾਰੇ ਜਾਣਕਾਰੀ ਮੰਗੀ। ਬਾਜਵਾ ਨੇ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾ ਸੂਤਰਾਂ ਬਾਰੇ ਖੁਲਾਸਾ ਨਹੀਂ ਕੀਤਾ। ਬਾਜਵਾ ਨੇ ਮੰਨਿਆ ਕਿ ਉਨ੍ਹਾ ਨੂੰ ਇਹ ਜਾਣਕਾਰੀ ਦੋ ਦਿਨ ਪਹਿਲਾਂ ਕੁਝ ਸੀਨੀਅਰ ਅਧਿਕਾਰੀਆਂ ਵੱਲੋਂ ਦਿੱਤੀ ਗਈ, ਜਿਨ੍ਹਾਂ ਦਾ ਨਾਂਅ ਜਨਤਕ ਨਹੀਂ ਕੀਤਾ ਜਾ ਸਕਦਾ। ਬਾਜਵਾ ਨੇ ਦੱਸਿਆ, "ਉਕਤ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਪੰਜਾਬ ਵਿੱਚ ਹਾਲਾਤ ਲਗਾਤਾਰ ਵਿਗੜ ਰਹੇ ਹਨ ਅਤੇ ਸਰਕਾਰ ਦੇ ਹੱਥ ਵੱਸ ਕੁਝ ਨਹੀਂ ਹੈ। ਤੁਸੀਂ ਅੱਤਵਾਦ ਪੀੜਤ ਪਰਵਾਰ ਨਾਲ ਸੰਬੰਧਤ ਹੋ, ਤੁਹਾਨੂੰ ਚੌਕਸ ਰਹਿਣ ਦੀ ਲੋੜ ਹੈ।" ਬਾਜਵਾ ਨੇ ਕਿਹਾ ਕਿ ਉਨ੍ਹਾ ਰਿਹਾਇਸ਼ 'ਤੇ ਆਏ ਪੁਲਸ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਦੇ ਹਿੱਤਾਂ ਲਈ ਜੋ ਵੀ ਮਦਦ ਹੋ ਸਕੇਗੀ, ਉਹ ਜ਼ਰੂਰ ਕਰਨਗੇ।

ਬਾਜਵਾ ਨੇ ਇਸ ਦੇ ਨਾਲ ਹੀ ਕਿਹਾ ਕਿ ਜੇ ਸਿਆਸੀ ਬਦਲਾਖੋਰੀ ਵਜੋਂ ਸਰਕਾਰ ਉਨ੍ਹਾ ਖਿਲਾਫ ਕੇਸ ਕਰਨਾ ਚਾਹੁੰਦੀ ਹੈ ਤਾਂ ਕਰ ਲਵੇ। ਏ ਆਈ ਜੀ ਕਾਊਂਟਰ ਇੰਟੈਲੀਜੈਂਸ ਰਵਜੋਤ ਕੌਰ ਗਰੇਵਾਲ ਨੇ ਕਿਹਾ ਕਿ ਮਾਮਲਾ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਤ ਹੈ। ਬਾਜਵਾ ਨੇ ਪੁੱਛਗਿੱਛ ਦੌਰਾਨ ਸਹਿਯੋਗ ਨਹੀਂ ਕੀਤਾ।

### ਭਾਜਪਾ ਡਿਕਟੇਟਰਸ਼ਿਪ...

ਆਪੋਜ਼ੀਸ਼ਨ ਦੇ ਆਗੂਆਂ ਨੂੰ ਬਦਨਾਮ ਕਰਦੀ ਹੈ, ਈ ਡੀ ਤੇ ਹੋਰ ਏਜੰਸੀਆਂ ਮਗਰ ਪਾਉਂਦੀ ਹੈ ਅਤੇ ਫਿਰ ਨਾਲ ਰਲਾ ਕੇ ਮੰਤਰੀ ਬਣਾਉਂਦੀ ਹੈ, ਰਾਜ ਸਭਾ ਦੇ ਮੈਂਬਰ ਬਣਾਉਂਦੀ ਹੈ ਤੇ ਸੂਬਿਆਂ ਵਿੱਚ ਕੈਬਨਿਟ ਪੋਸਟਾਂ ਦਿੰਦੀ ਹੈ। ਸਰਕਾਰ ਹੁਣ ਮੀਡੀਆ ਦੇ ਮਗਰ ਪਵੇਗੀ। ਨੈਸ਼ਨਲ ਹੇਰਾਲਡ ਆਜ਼ਾਦੀ ਘੁਲਾਟੀਆਂ ਨੇ ਚਲਾਇਆ ਸੀ, ਜਿਹੜੇ ਇਸ ਦੇ ਸ਼ੇਅਰਹੋਲਡਰ ਸਨ। ਉਹ ਮਿਲ ਕੇ ਭਾਰਤ ਦੀ ਆਜ਼ਾਦੀ ਦਾ ਸੁਨੇਹਾ ਫੈਲਾਉਣਾ ਚਾਹੁੰਦੇ ਸਨ। ਇਹ ਖੈਰਾਤੀ ਮੰਤਵਾਂ ਲਈ ਸੀ। ਨੈਸ਼ਨਲ ਹੇਰਾਲਡ ਕੋਲ ਉਦੋਂ ਪੈਸੇ ਨਹੀਂ ਸਨ। ਕਾਂਗਰਸ ਨੇ ਉਸ ਨੂੰ 90 ਕਰੋੜ ਦਿੱਤੇ ਸਨ, ਜਿਹੜੇ ਉਸ ਨੂੰ ਅਜੇ ਤੱਕ ਨਹੀਂ ਮੁੜੇ। ਇਸ ਦੌਰਾਨ ਨੈਸ਼ਨਲ ਹੇਰਾਲਡ ਨੇ ਦੇਸ਼-ਭਰ ਵਿੱਚ ਸੰਪਤੀ ਬਣਾਈ। 50 ਲੱਖ ਰੁਪਏ ਦਾ ਕਰਜ਼ਾ ਮੋੜਨ ਲਈ ਯੰਗ ਇੰਡੀਆ ਕੰਪਨੀ ਬਣਾਈ। ਸੈਕਸ਼ਨ 25 ਤਹਿਤ ਕੰਪਨੀ ਬਣਾਈ ਗਈ। ਸੈਕਸ਼ਨ 25 ਤਹਿਤ ਬਣਨ ਵਾਲੀ ਕੰਪਨੀ ਵਿੱਚ ਸ਼ੇਅਰ ਹੋਲਡਰ ਕਿਸੇ ਮੁਨਾਫੇ ਦੇ ਹੱਕਦਾਰ ਨਹੀਂ ਹੁੰਦੇ। ਉਹ ਕੰਪਨੀ ਦੀ ਸੰਪਤੀ ਹਾਸਲ ਨਹੀਂ ਕਰ ਸਕਦੇ। ਨਾ ਰਾਹੁਲ ਗਾਂਧੀ, ਨਾ ਸੋਨੀਆ ਗਾਂਧੀ ਤੇ ਨਾ ਕੋਈ ਹੋਰ ਕੰਪਨੀ ਦਾ ਮਾਲਕ ਹੈ। ਭਾਜਪਾ ਵੱਖ-ਵੱਖ ਰਾਜਾਂ ਵਿੱਚ ਕਾਂਗਰਸ ਦੇ ਮੁੱਖ ਮੰਤਰੀਆਂ ਸਣੇ ਆਪਣੇ ਸਿਆਸੀ ਵਿਰੋਧੀਆਂ ਨੂੰ ਤੰਗ ਕਰ ਰਹੀ ਹੈ। ਸੀ ਬੀ ਆਈ ਨੂੰ ਕਿਸੇ ਰਾਜ ਵਿੱਚ ਜਾਂਚ ਕਰਨ ਲਈ ਰਾਜ ਸਰਕਾਰ ਦੀ ਸਹਿਮਤੀ ਜਾਂ ਅਦਾਲਤੀ ਹੁਕਮ ਦੀ ਲੋੜ ਹੁੰਦੀ ਹੈ। ਪਰ ਈ ਡੀ ਕਿਤੇ ਵੀ ਜਾ ਕੇ ਜਾਂਚ ਕਰ ਸਕਦੀ ਹੈ।

ਇਸ ਕਰਕੇ ਭਾਜਪਾ ਰਾਜ ਸਰਕਾਰਾਂ ਨੂੰ ਅਸਥਿਰ ਕਰਨ ਲਈ ਈ ਡੀ ਨੂੰ ਵਰਤ ਰਹੀ ਹੈ। ਝਾਰਖੰਡ ਵਿੱਚ ਹੇਮੰਤ ਸੋਰੇਨ ਤੇ ਕਰਨਾਟਕ ਵਿੱਚ ਸਿੱਧਾਰਮੱਈਆ ਦੇ ਮਾਮਲੇ ਵਿੱਚ ਇੰਜ ਕੀਤਾ ਗਿਆ, ਪਰ ਸਫਲ ਨਹੀਂ ਹੋਈ। ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਨੂੰ ਗ੍ਰਿਫ਼ਤਾਰ ਕੀਤਾ ਤੇ ਅਦਾਲਤ ਨੂੰ ਦੱਸਿਆ ਜਾਂਦਾ ਰਿਹਾ ਕਿ ਉਸ ਦੀ ਵਿਦੇਸ਼ਾਂ ਵਿੱਚ ਸੰਪਤੀ ਹੈ। ਨਿਕਲਿਆ ਕੁਝ ਨਹੀਂ। ਉਨ੍ਹਾ ਦੀ ਤੇ ਪਾਰਟੀ ਦੀ ਛਵੀ ਖਰਾਬ ਕਰਕੇ ਰੱਖ ਦਿੱਤੀ। ਨੈਸ਼ਨਲ ਹੇਰਾਲਡ ਕੇਸ ਵਿੱਚ ਵੀ ਇਹੀ ਕੀਤਾ ਜਾ ਰਿਹਾ ਹੈ।

ਸੀਨੀਅਰ ਵਕੀਲ ਸਿੱਬਲ ਯੂ ਪੀ ਏ-1 ਤੇ ਯੂ ਪੀ ਏ-2 ਵਿੱਚ ਮੰਤਰੀ ਰਹਿ ਚੁੱਕੇ ਹਨ। ਉਨ੍ਹਾ ਮਈ 2022 ਵਿੱਚ ਕਾਂਗਰਸ ਛੱਡ ਦਿੱਤੀ ਸੀ ਤੇ ਸਮਾਜਵਾਦੀ ਪਾਰਟੀ ਦੀ ਮਦਦ ਨਾਲ ਰਾਜ ਸਭਾ ਦੇ ਆਜ਼ਾਦ ਮੈਂਬਰ ਚੁਣੇ ਗਏ ਸਨ।

# ਪਰਵਾਰ ਦੀ ਮਜ਼ਬੂਤੀ ਨਾਲ ਹੀ ਪੰਜਾਬ ਤੇ ਰਾਸ਼ਟਰ ਦਾ ਗੌਰਵ ਸੰਭਵ : ਜੋਸ਼ੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਖਿਲ ਭਾਰਤੀ ਸੰਸਥਾ ਪਰਵਾਰ ਪ੍ਰਬੋਧਨ ਦੇ ਰਾਸ਼ਟਰੀ ਮੁਖੀ ਰਵਿੰਦਰ ਜੋਸ਼ੀ ਨੇ ਕਿਹਾ ਕਿ ਭਾਰਤ ਦੀ ਸਭ ਤੋਂ ਛੋਟੀ ਪਰ ਮਜ਼ਬੂਤ ਇਕਾਈ ਪਰਵਾਰ ਹੈ।ਜੇ ਪਰਵਾਰ ਮਜ਼ਬੂਤ ਹੋਵੇਗਾ, ਇਕਜੁੱਟ ਰਹੇਗਾ, ਸੰਸਕਾਰਿਤ ਹੋਵੇਗਾ, ਤਾਂ ਹੀ ਪੰਜਾਬ ਤੇ ਰਾਸ਼ਟਰ ਮਜ਼ਬੂਤ ਬਣੇਗਾ।ਮੋਗਾ ਵਿਖੇ ਹੋਏ ਪਰਵਾਰ ਪ੍ਰਬੋਧਨ ਪ੍ਰੋਗਰਾਮ ਦੌਰਾਨ ਪਹੁੰਚੇ ਰਵਿੰਦਰ ਜੋਸ਼ੀ ਦਾ ਪੰਜਾਬ ਪ੍ਰਾਂਤ ਦੀ ਉਪ ਪ੍ਰਧਾਨ ਡਾ. ਰਜਿੰਦਰ ਕੌਰ ਵੱਲੋਂ ਜੋਸ਼ੀਲਾ ਸਵਾਗਤ ਕੀਤਾ ਗਿਆ।ਮੋਗਾ ਪਹੁੰਚਣ 'ਤੇ ਜੋਸ਼ੀ ਨੇ ਸਭ ਤੋਂ ਪਹਿਲਾਂ ਸ਼ਹੀਦੀ ਪਾਰਕ ਵਿਖੇ ਸਥਿਤ ਸ਼ਹੀਦ ਸਮਾਰਕ 'ਤੇ ਪੁਸ਼ਪਾਂਜਲੀ ਭੇਟ ਕਰਕੇ ਮੋਗਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਡਾ. ਰਜਿੰਦਰ ਕੌਰ ਤੇ ਰਜਿੰਦਰ ਬਾਬੂ ਨੇ ਉਨ੍ਹਾਂ ਨੂੰ ਮੋਗਾ ਦੇ ਸ਼ਹੀਦਾਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ।ਇਸ ਮੌਕੇ ਭਾਜਪਾ ਦੇ ਪ੍ਰਾਂਤੀ ਸਕੱਤਰ ਤੇ ਪੂਰਵ ਵਿਧਾਇਕ ਡਾ. ਹਰਜੋਤ ਕਮਲ ਵੀ ਮੌਜੂਦ ਸਨ। ਜਵਾਹਰ ਨਗਰ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਸੰਬੋਧਨ ਕਰਦੇ ਹੋਏ ਰਵਿੰਦਰ ਜੋਸ਼ੀ ਨੇ ਪਰਵਾਰਾਂ ਵਿੱਚ 'ਮੋਬਾਈਲ ਪਾਰਕ' ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਪੁੱਤਰ ਸੰਭਾਜੀ ਮਹਾਰਾਜ (ਛਾਵਾ) ਦੀ ਕਹਾਣੀ ਦੱਸਦਿਆਂ ਭਾਵੁਕ ਹੋ ਗਏ।ਸੰਭਾਜੀ ਨੇ ਰਾਸ਼ਟਰ ਦੀ ਸੇਵਾ ਲਈ ਆਪਣੀ ਧੀ ਭਵਾਨੀ ਬਾਈ ਦੀ ਵਿਆਹ ਰੋਕ ਕੇ ਜੰਗ ਲਈ ਜਾਣ ਦਾ ਫੈਸਲਾ ਲਿਆ।ਉਨ੍ਹਾਂ ਨੇ ਮੁਗਲਾਂ ਵੱਲੋਂ ਧੋਖੇ ਨਾਲ ਕਾਬੂ ਕੀਤੇ ਜਾਣ ਮਗਰੋਂ ਵੀ ਆਪਣਾ ਧਰਮ ਨਾ ਛੱਡਿਆ।ਉਨ੍ਹਾਂ ਉੱਤੇ ਕਈ ਤਸ਼ੱਦਦ ਹੋਏ, ਪਰ ਉਹ ਕਦੇ ਝੁਕੇ ਨਹੀਂ।ਉਨ੍ਹਾਂ ਦੀ ਸ਼ਹਾਦਤ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਪ੍ਰੋਗਰਾਮ ਦੇ ਅਖੀਰ ਵਿੱਚ ਡਾ. ਰਜਿੰਦਰ ਕੌਰ ਨੇ ਕਿਹਾ ਕਿ ਇਹ ਸਮਾਗਮ ਤਦ ਹੀ ਸਫਲ ਹੋਵੇਗਾ, ਜਦੋਂ ਅਸੀਂ ਇੱਥੋਂ ਕੋਈ ਸੰਕਲਪ ਲੈ ਕੇ ਜਾਈਏ ਤੇ ਜੋ ਜੋਸ਼ੀ ਨੇ ਦੱਸਿਆ ਕਿ ਉਹ ਆਪਣੇ-ਆਪਣੇ ਘਰਾਂ ਵਿੱਚ ਲਾਗੂ ਕਰੀਏ।ਇਸ ਮੌਕੇ ਪ੍ਰਦੇਸ਼ ਮੁਖੀ ਵਿਜੈ ਆਨੰਦ, ਜ਼ਿਲ੍ਹਾ ਮੁਖੀ ਰਜਿੰਦਰ ਬਾਬੂ, ਸੁਕੇਸ਼ਵਰ, ਰਾਜੇਸ਼ ਵਰਮਾ, ਵਿਜੈ ਮਿਸ਼ਰਾ, ਮੁਕੇਸ਼ ਕੋਚਰ ਆਦਿ ਹਾਜ਼ਰ ਸਨ।

# ਯਸ਼ਪਾਲ ਗਾਬਾ ਨੂੰ ਹਲਕਾ ਵਿਧਾਇਕ ਨੇ ਥਾਪਿਆ ਆੜ੍ਹਤੀਆ ਯੂਨੀਅਨ ਦਾ ਪ੍ਰਧਾਨ

### *ਹਰਪ੍ਰੀਤ ਸਿੰਘ ਸੋਢੀ ਬਣੇ ਆੜ੍ਹਤੀ ਯੂਨੀਅਨ ਦੇ ਉੱਪ ਪ੍ਰਧਾਨ*



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮਾਰਕੀਟ ਕਮੇਟੀ ਮਮਦੋਟ ਵਿਖੇ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਕਣਕ ਦੀ ਖਰੀਦ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕਰਨ ਲਈ ਪਹੁੰਚੇ ਹੋਏ ਸਨ। ਉਨ੍ਹਾਂ ਵੱਲੋਂ ਖਰੀਦ ਏਜੰਸੀਆਂ, ਮੰਡੀ ਬੋਰਡ ਦੇ ਅਧਿਕਾਰੀਆਂ ਤੇ ਆੜ੍ਹਤੀਆਂ ਨਾਲ ਖਰੀਦ ਪ੍ਰਬੰਧਾਂ ਸਬੰਧੀ ਮੀਟਿੰਗ ਕਰਨ ਉਪਰੰਤ ਮੀਟਿੰਗ ਵਿੱਚ ਹਾਜ਼ਰ ਆੜ੍ਹਤੀਆਂ ਦੀ ਸਹਿਮਤੀ ਨਾਲ ਆੜ੍ਹਤੀ ਯਸ਼ਪਾਲ ਗਾਬਾ ਨੂੰ ਆੜ੍ਹਤੀਆ ਯੂਨੀਅਨ ਮਮਦੋਟ ਦਾ ਪ੍ਰਧਾਨ ਥਾਪਿਆ ਗਿਆ।ਆੜ੍ਹਤੀਆ ਯੂਨੀਅਨ ਦਾ ਪ੍ਰਧਾਨ ਬਣਨ ਤੋਂ ਬਾਅਦ ਵਿਧਾਇਕ ਵੱਲੋਂ ਯਸ਼ਪਾਲ ਗਾਬਾ ਨੂੰ ਸਿਰਪਾਓ ਪਾ ਕੇ ਸਨਮਾਨ ਕਰਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ ਅਤੇ ਨੌਜਵਾਨ ਆਗੂ ਹਰਪ੍ਰੀਤ ਸਿੰਘ ਸੋਢੀ ਆੜ੍ਹਤੀਆ ਨੂੰ ਉੱਪ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਮਾਰਕੀਟ ਕਮੇਟੀ ਮਮਦੋਟ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ, ਟਰੱਕ ਯੂਨੀਅਨ ਮਮਦੋਟ ਦੇ ਪ੍ਰਧਾਨ ਦਲਜੀਤ ਸਿੰਘ ਬਾਬਾ, ਸੀਨੀਅਰ ਆਪ ਆਗੂ ਡਾ: ਨਿਰਵੈਰ ਸਿੰਘ ਸਿੰਧੀ, ਆੜ੍ਹਤੀ ਕੁਲਵੰਤ ਸਿੰਘ ਜੋਸਨ, ਜਨਕ ਰਾਜ ਗਾਬਾ, ਹੈਪੀ ਨਾਰੰਗ, ਪਰਮਜੀਤ ਦੁਆ, ਜੱਜ ਦੁੱਗਲ, ਲਖਵਿੰਦਰ ਸਿੰਘ ਜੋਸਨ, ਕੁਲਵੰਤ ਸਿੰਘ ਜੋਧਪੁਰ, ਜਰਮਲ ਸਿੰਘ ਜੰਗ, ਰੋਸ਼ਨ ਲਾਲ ਚੋਪੜਾ, ਤੇਜਾ ਸਿੰਘ ਕਾਲੂ ਅਰਾਈ, ਹੰਸਾ ਸਿੰਘ ਕਾਲੂ ਅਰਾਈ, ਰੋਸ਼ਨ ਲਾਲ ਚੋਪੜਾ, ਸੁਰਿੰਦਰ ਗਾਬਾ, ਸੁਖਵਿੰਦਰ ਸਿੰਘ ਸੋਢੀ, ਅਜਮੇਰ ਸਿੰਘ ਮੁਰਕ ਵਾਲਾ, ਸਮੇਤ ਹੋਰ ਵੀ ਆੜ੍ਹਤੀ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ (ਇੰਡੀਆ) ਵੱਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ਵਾਸੀਆਂ ਨੂੰ ਮੁਬਾਰਕਾਂ

ਵਿਨੋਦ ਕੌਸ਼ਲ ਕੌਮੀ ਜਨਰਲ ਸਕੱਤਰ | ਤਰਸੇਮ ਦੀਵਾਨਾ ਮੁੱਖ ਕੌਮੀ ਸਲਾਹਕਾਰ | ਬਲਵੀਰ ਸਿੰਘ ਸੈਣੀ ਸੂਬਾ ਪ੍ਰਧਾਨ | ਜਸਵਿੰਦਰ ਸਿੰਘ ਚੇਅਰਮੈਨ | ਗੁਰਬਿੰਦਰ ਸਿੰਘ ਪਲਾਹਾ ਮੀਤ ਚੇਅਰਮੈਨ | ਅਮਰਜੀਤ ਸਿੰਘ ਸੂਬਾ ਜਨ. ਸਕੱਤਰ

## ★ ਧੰਨਵਾਦ ★

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਦੇਸ਼-ਵਿਦੇਸ਼ 'ਚ ਵਸਦੇ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਮੁਬਾਰਕਾਂ

ਮੈਂ ਧੰਨਵਾਦੀ ਹਾਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ, ਜਿਨ੍ਹਾਂ ਨੇ 'ਨਵਿਆ ਜ਼ਮਾਨਾ' ਪ੍ਰਤੀ ਪਿਆਰ ਦਿਖਾਉਂਦਿਆਂ ਇਸ ਵਿਸ਼ੇਸ਼ ਸਪਲੀਮੈਂਟ ਲਈ ਇਸ਼ਤਿਹਾਰਾਂ ਨਾਲ ਨਿਵਾਜਿਆ। ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਵੀ ਤੁਹਾਡੇ ਨਾਲ ਇਸੇ ਤਰ੍ਹਾਂ ਹੀ ਹਰ ਸਮੇਂ ਖੜ੍ਹਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿਚ ਵੀ ਮੈਨੂੰ ਇਸੇ ਤਰ੍ਹਾਂ ਹੀ ਸਹਿਯੋਗ ਮਿਲਦਾ ਰਹੇਗਾ।

ਪ੍ਰਿੰ. ਬਲਬੀਰ ਸਿੰਘ ਸੈਣੀ
ਪੱਤਰਕਾਰ ਹੁਸ਼ਿਆਰਪੁਰ
ਮੋਬਾ. 94632-61803

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਰਾਜੇਸ਼ ਕੁਮਾਰ ਉਨਾ ਪ੍ਰਿੰਸੀਪਲ | ਡਾ. ਜਸਵੰਤ ਰਾਏ ਖੇਡ ਅਫ਼ਸਰ | ਪ੍ਰਿੰਸੀਪਲ | ਸ. ਬਹਾਦਰ ਸਿੰਘ ਸੁਨੇਤ ਸਮਾਜ ਸੇਵਕ | ਡਾ. ਸੁਖਦੇਵ ਸਿੰਘ ਢਿੱਲੋਂ

## ਘਰ ਦੀ ਫੁਲਵਾੜੀ

ਵਿਸ਼ਵਜੀਤ ਸਿੰਘ, ਗੁਰਬਾਜ ਸਿੰਘ, ਮਨਰਾਜ ਸਿੰਘ, ਪਾਹੁਲਪ੍ਰੀਤ, ਅਗਮਪ੍ਰੀਤ ਸੈਣੀ ਤੇ ਜਪਨੀਤ ਸਿੰਘ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪ੍ਰਿੰਸੀਪਲ ਅਮਨਦੀਪ ਸ਼ਰਮਾ ਜ਼ਿਲ੍ਹਾ ਪ੍ਰਧਾਨ, ਜੀ. ਟੀ. ਯੂ. ਹੁਸ਼ਿਆਰਪੁਰ | ਵਿਕਾਸ ਸ਼ਰਮਾ ਪ੍ਰੈਸ ਸਕੱਤਰ, ਜੀ. ਟੀ. ਯੂ. ਹੁਸ਼ਿਆਰਪੁਰ | ਜਸਵੀਰ ਤਲਵਾੜਾ ਸਟੇਟ ਕਨਵੀਨਰ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ | ਸੰਜੀਵ ਕੁਮਾਰ ਧੂਤ ਜ਼ਿਲ੍ਹਾ ਕਨਵੀਨਰ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ

ਵੱਲੋਂ: ਜੀ. ਟੀ. ਯੂ., ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਵੀਰ ਪ੍ਰਤਾਪ ਸਿੰਘ ਰਾਣਾ
ਸਮਾਜ ਸੇਵਕ

## ਜਮਹੂਰੀ ਕਿਸਾਨ ਸਭਾ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਇੰਦਰ ਸਿੰਘ ਕਿਸਾਨ ਆਗੂ | ਦਵਿੰਦਰ ਸਿੰਘ ਕੱਕੋਂ ਜ਼ਿਲ੍ਹਾ ਜਨਰਲ ਸਕੱਤਰ

## ਕਿਸਾਨ ਕਮੇਟੀ ਦੋਆਬਾ ਪੰਜਾਬ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਹਰਬੰਸ ਸਿੰਘ ਸੰਘਾ ਜ਼ਿਲ੍ਹਾ ਜਨਰਲ ਸਕੱਤਰ | ਡਾ. ਸੁਖਦੇਵ ਸਿੰਘ ਢਿੱਲੋਂ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕੁਲਵਰਨ ਸਿੰਘ ਜ਼ਿਲ੍ਹਾ ਪ੍ਰਧਾਨ ਅਤੇ ਸੂਬਾ ਜਨਰਲ ਸਕੱਤਰ ਕਨਫੈਡਰੇਸ਼ਨ | ਕਿਰਪਾਲ ਸਿੰਘ ਸਰਪ੍ਰਸਤ | ਸ਼ਮਸ਼ੇਰ ਸਿੰਘ ਧਾਮੀ ਤਹਿਸੀਲ ਪ੍ਰਧਾਨ, ਹੁਸ਼ਿਆਰਪੁਰ
ਸੂਰਜ ਪ੍ਰਕਾਸ਼ ਸੀਨੀਅਰ ਵਾਈਸ ਪ੍ਰਧਾਨ | ਸੁਦੇਸ਼ ਕੁਮਾਰ ਸ਼ਰਮਾ ਵਿੱਤ ਸਕੱਤਰ | ਮਨਜੀਤ ਸਿੰਘ ਜਨਰਲ ਸਕੱਤਰ

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ

## ਦਲ ਖ਼ਾਲਸਾ

ਆਪ ਸਭ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

ਦਲ ਖਾਲਸਾ ਵੱਲੋਂ ਪੰਜਾਬ ਭਰ ਵਿਚ ਫਰੀ ਨਸ਼ਾ ਛਡਾਓ ਕੈਂਪ ...

ਸੰਪਰਕ: 95019-65267

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਐਲੀ ਅਸ਼ੋਕ ਪੁਰੀ, ਲੇਖਕ ਅਤੇ ਡਾਇਰੈਕਟਰ ਬਹੁ ਕਲਾ ਰੰਗ ਮੰਚ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

## ਪੀ ਐੱਸ ਪੀ ਸੀ ਐੱਲ ਪੈਨਸ਼ਨਰਜ਼ ਐਸੋਸੀਏਸ਼ਨ ਹੁਸ਼ਿਆਰਪੁਰ

ਖੁਸ਼ੀ ਰਾਮ ਮੰਡਲ ਪ੍ਰਧਾਨ | ਮਨਧੀਰ ਸਿੰਘ ਸੀਨੀ. ਮੀਤ ਪ੍ਰਧਾਨ | ਠਾਕੁਰ ਅਵਤਾਰ ਸਿੰਘ ਮੀਤ ਪ੍ਰਧਾਨ | ਅਸ਼ਵਨੀ ਕੁਮਾਰ ਸਕੱਤਰ
ਰਜਿੰਦਰ ਸਿੰਘ ਜੁਆਇੰਟ ਸਕੱਤਰ | ਜੈ ਦੇਵ ਵਿੱਤ ਸਕੱਤਰ | ਰੋਸ਼ਨ ਲਾਲ ਪ੍ਰੈਸ ਸਕੱਤਰ | ਗੀਤ ਪਾਲ ਸਿੰਘ ਐਡੀਟਰ

## ਪੀ ਡਬਲਿਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ

ਅਮਰਜੀਤ ਕੁਮਾਰ ਪ੍ਰਧਾਨ ਜੋਨ ਹੁਸ਼ਿਆਰਪੁਰ | ਸੁਖਦੇਵ ਸਿੰਘ ਜਾਜਾ ਜਨਰਲ ਸਕੱਤਰ ਜੋਨ ਹੁਸ਼ਿਆਰਪੁਰ | ਮੱਖਣ ਸਿੰਘ ਵਾਹਿਦਪੁਰੀ ਸੂਬਾ ਪ੍ਰਧਾਨ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਰਾਜੀਵ ਕੁਮਾਰ ਸ਼ਰਮਾ ਸੀਨੀ. ਪ੍ਰਧਾਨ ਜੋਨ ਹੁਸ਼ਿਆਰਪੁਰ | ਗੁਰਮੀਤ ਸਿੰਘ ਕੈਸ਼ੀਅਰ ਜੋਨ ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਓਂਕਾਰ ਸਿੰਘ ਜ਼ਿਲ੍ਹਾ ਪ੍ਰਧਾਨ | ਅਮਰੀਕ ਸਿੰਘ ਜ਼ਿਲਾ ਜਨਰਲ ਸਕੱਤਰ | ਜਗਜੀਤ ਸਿੰਘ ਜੱਗੀ ਸਹਾਇਕ ਸਕੱਤਰ

--✶ ਜਾਰੀ ਕਰਤਾ ✶--

ਪੰਜਾਬ ਪੈਨਸ਼ਨਰ (ਯੂਨੀਅਨ (ਰਜਿ.) ਰੋਡਵੇਜ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਆਓ, ਸਾਰੇ ਪੰਜਾਬ ਦੇ ਹੱਕਾਂ ਲਈ ਸ੍ਰ. ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਇੱਕਠੇ ਹੋ ਕੇ ਸੰਘਰਸ਼ ਕਰੀਏ

ਸ੍ਰ. ਸਿਮਰਨਜੀਤ ਸਿੰਘ ਮਾਨ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਸ੍ਰ. ਗੁਰਦੀਪ ਸਿੰਘ ਖੁਣਖੁਣ ਜ਼ਿਲ੍ਹਾ ਪ੍ਰਧਾਨ, ਸ਼੍ਰੋ. ਅ. ਦਲ ਅੰਮ੍ਰਿਤਸਰ | ਸ੍ਰ. ਗੁਰਨਾਮ ਸਿੰਘ ਸਿੰਗੜੀਵਾਲ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋ. ਅ. ਦਲ ਅੰਮ੍ਰਿਤਸਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

## ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਪੰਜਾਬ

ਸਤੀਸ਼ ਕੁਮਾਰ ਰਾਣਾ ਸੂਬਾ ਪ੍ਰਧਾਨ | ਮੱਖਣ ਸਿੰਘ ਵਾਹਿਦਪੁਰੀ ਜ਼ਿਲ੍ਹਾ ਪ੍ਰਧਾਨ | ਇੰਦਰਜੀਤ ਸਿੰਘ ਵਿਰਦੀ ਜ਼ਿਲ੍ਹਾ ਸਕੱਤਰ ਜਨਰਲ | ਮੱਖਣ ਸਿੰਘ ਲੰਗੇਰੀ ਜ਼ਿਲ੍ਹਾ ਵਿੱਤ ਸਕੱਤਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

OPEN CHALLENGE

Recent Song on You Tube

ਮੋਬਾ: 70096-67216

ਪੰਜਾਬੀ ਗਾਇਕ

ਹਰਕੀਰਤ ਵਿਰਦੀ

harkirat virdi 73408-37216

i_harkiratsingh

## ਮਗਨਰੇਗਾ ਵਰਕਰ ਯੂਨੀਅਨ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੁਰਜੀਤ ਸਿੰਘ ਬਗੜ ਸਾਬਕਾ ਐਮ ਸੀ | ਬਲਰਾਜ ਸਿੰਘ ਅਧਿਕਾਰੀ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਲੈਕ. ਮਨਮੋਹਨ ਸਿੰਘ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਭੁਪਿੰਦਰ ਸਿੰਘ ਪ੍ਰਧਾਨ | ਬਲਵਿੰਦਰ ਸਿੰਘ ਜੁਆਇੰਟ ਸਕੱਤਰ | ਬਲਵੀਰ ਸਿੰਘ ਵਿਰਕ ਜਨਰਲ ਸਕੱਤਰ

ਪੰਜਾਬ ਰੋਡਵੇਜ਼ ਪੈਨਸ਼ਨਰਜ਼ ਅਤੇ ਫੈਮਿਲੀ ਵੈੱਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਰਜਿੰਦਰ ਸਿੰਘ ਰਿਟਾ. ਪ੍ਰਿੰਸੀਪਲ | ਹਰਦੀਪ ਸਿੰਘ ਰਿਟਾ. ਪ੍ਰਿੰਸੀਪਲ | ਸੁਖਿੰਦਰ ਸਿੰਘ ਰਿਟਾ. ਪ੍ਰਿੰਸੀਪਲ | ਜਤਿੰਦਰ ਕੁਮਾਰ ਵਾਲੀਆ ਰਿਟਾ. ਜੀ. ਆਈ. | ਰਜਿੰਦਰ ਕੁਮਾਰ ਸੈਣੀ ਰਿਟਾ. ਜੀ. ਆਈ. | ਬਲਬੀਰ ਸਿੰਘ ਰਿਟਾ. ਪ੍ਰਿੰਸੀਪਲ | ਪਰਮਿੰਦਰ ਸਿੰਘ ਰਿਟਾ. ਪ੍ਰਿੰਸੀਪਲ | ਬਲਵਿੰਦਰ ਕੁਮਾਰ ਰਿਟਾ. ਪ੍ਰਿੰਸੀਪਲ
ਗੁਰਨਾਮ ਸਿੰਘ ਵਾਇਸ ਪ੍ਰਿੰਸੀਪਲ | ਮਸਤ ਰਾਮ ਟ੍ਰੇਨਿੰਗ ਅਫ਼ਸਰ | ਅਸ਼ਵਨੀ ਗਾਂਧੀ ਟ੍ਰੇਨਿੰਗ ਅਫ਼ਸਰ | ਗੁਰਦੇਵ ਸਿੰਘ ਟ੍ਰੇਨਿੰਗ ਅਫ਼ਸਰ | ਹਰਿੰਦਰ ਸਿੰਘ ਪ੍ਰਿੰ. ਆਈ ਟੀ ਆਈ ਹਰਿਆਣਾ | ਸਤਪਾਲ ਸਿੰਘ ਟ੍ਰੇਨਿੰਗ ਅਫ਼ਸਰ | ਸਤਪਾਲ ਟ੍ਰੇਨਿੰਗ ਅਫ਼ਸਰ | ਪ੍ਰਭਜਿੰਦਰ ਸਿੰਘ ਪ੍ਰਿੰ. ਆਈ ਟੀ ਆਈ ਆਦਮਪੁਰ
ਜਤਿੰਦਰ ਕੁਮਾਰ ਸਟੋਰ ਕੀਪਰ | ਗੁਰਲਾਲ ਸਿੰਘ ਕਲਰਕ | ਸਮਸ਼ੇਰ ਸਿੰਘ ਸਹਾਇਕ ਟ੍ਰੇਨਿੰਗ ਅਫ਼ਸਰ | ਦਲਜੀਤ ਸਿੰਘ ਸਹਾਇਕ ਟ੍ਰੇਨਿੰਗ ਅਫ਼ਸਰ | ਹੇਮ ਰਾਜ ਸਹਾਇਕ ਟ੍ਰੇਨਿੰਗ ਅਫ਼ਸਰ | ਗੁਰਜਿੰਦਰ ਸਿੰਘ ਭੱਟੀ ਸਹਾਇਕ ਟ੍ਰੇਨਿੰਗ ਅਫ਼ਸਰ | ਰਜਿੰਦਰ ਸਿੰਘ ਸਹਾਇਕ ਟ੍ਰੇਨਿੰਗ ਅਫ਼ਸਰ | ਜਗਦੀਪ ਸਿੰਘ ਸਹਾਇਕ ਟ੍ਰੇਨਿੰਗ ਅਫ਼ਸਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੁਰਜੀਤ ਸਿੰਘ ਰਿਟ. ਐੱਸ ਡੀ ਓ | ਗੁਰਚਰਨ ਸਿੰਘ ਕਿਸਾਨ ਆਗੂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਗੁਰਜਿੰਦਰ ਸਿੰਘ ਮੰਝਪੁਰ ਸੂਬਾ ਜਨਰਲ ਸਕੱਤਰ ਸੇਵਾ ਮੁਕਤ ਪੁਰਾਣੀ ਪੈਨਸ਼ਨ ਅਤੇ ਜ਼ਿਲ੍ਹਾ ਪ੍ਰਧਾਨ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਹੁਸ਼ਿਆਰਪੁਰ | ਇੰਦਰਸੁਖਦੀਪ ਸਿੰਘ ਦੋਆਬਾ ਜ਼ੋਨ ਕਨਵੀਨਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ACADEMIA
An Educational Hub
MAKING IELTS EASY
The world speaks IELTS
10+1 & 10+2
Med./Non-Med./Commerce
757, TIBBA SAHIB, HOSHIARPUR
94636-32309
94172-52078

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਬਾਲ ਕ੍ਰਿਸ਼ਨ | ਪਰਦੁਮਣ ਸਿੰਘ

14-April-PAGE-4.qxd 4/13/2025 8:49 PM Page 1

ਨਵਾਂ ਜ਼ਮਾਨਾ
ਸੋਮਵਾਰ, 14 ਅਪ੍ਰੈਲ 2025

# ਸ਼ਰਬਤ ਜਹਾਦ

*ਗੱਲ ਉਦੋਂ ਦੀ ਹੈ, ਜਦੋਂ ਲਾਲ ਕਿਲ੍ਹੇ 'ਤੇ ਆਜ਼ਾਦ ਹਿੰਦ ਫੌਜ ਦੇ ਕ੍ਰਾਂਤੀਕਾਰੀਆਂ 'ਤੇ ਮੁਕੱਦਮਾ ਚੱਲ ਰਿਹਾ ਸੀ। ਕਰਨਲ ਸਹਿਗਲ, ਢਿੱਲੋਂ ਤੇ ਸ਼ਾਹਨਵਾਜ਼ ਸਣੇ ਅਨੇਕਾਂ ਕਰਾਂਤੀਕਾਰੀ ਉੱਥੇ ਕੈਦ ਕਰਕੇ ਰੱਖੇ ਹੋਏ ਸਨ। ਇਹ ਕਰਾਂਤੀਕਾਰੀ ਭਾਰਤ ਦੇ ਸਵੈਮਾਣ ਦੇ ਪ੍ਰਤੀਕ ਬਣ ਚੁੱਕੇ ਸਨ। ਸਾਰਾ ਦੇਸ਼ ਇਨ੍ਹਾਂ ਦੇ ਨਾਲ ਖੜ੍ਹਾ ਸੀ। ਮੱਤਭੇਦਾਂ ਦੇ ਬਾਵਜੂਦ ਕਾਂਗਰਸ ਆਜ਼ਾਦ ਹਿੰਦ ਫੌਜ ਡਿਫੈਂਸ ਕਮੇਟੀ ਬਣਾ ਕੇ ਸੁਭਾਸ਼ ਬਾਬੂ ਦੇ ਇਨ੍ਹਾਂ ਨਾਇਕਾਂ ਦੇ ਬਚਾਅ ਵਿੱਚ ਖੜ੍ਹੀ ਹੋਈ। ਪੰਡਤ ਨਹਿਰੂ ਨੇ ਅਰਸੇ ਬਾਅਦ ਵਕੀਲ ਦਾ ਚੋਗਾ ਪਹਿਨਿਆ। ਇਨ੍ਹਾਂ ਕਰਾਂਤੀਕਾਰੀਆਂ ਦੀ ਗ੍ਰਿਫਤਾਰੀ ਤੇ ਉਨ੍ਹਾਂ 'ਤੇ ਮੁਕੱਦਮਾ ਚਲਾਏ ਜਾਣ ਦੌਰਾਨ ਪੂਰਾ ਦੇਸ਼ ਰੋਹ ਵਿੱਚ ਸੀ। ਧਰਮ ਤੇ ਜਾਤ ਦੀਆਂ ਕੰਧਾਂ ਟੁੱਟ ਗਈਆਂ ਸਨ, ਪਰ ਸਰਕਾਰ 'ਵੰਡੋ ਤੇ ਰਾਜ ਕਰੋ' ਦੀ ਨੀਤੀ ਤਹਿਤ ਇਸ ਕੌਮੀ ਏਕਤਾ ਨੂੰ ਫਿਰਕੂ ਚਾਲ ਨਾਲ ਤੋੜਨਾ ਚਾਹੁੰਦੀ ਸੀ। ਸਵੇਰੇ ਇਨ੍ਹਾਂ ਕ੍ਰਾਂਤੀਕਾਰੀਆਂ ਲਈ ਜਿਹੜੀ ਚਾਹ ਆਉਂਦੀ ਸੀ, ਉਸ ਨੂੰ ਹਿੰਦੂ ਤੇ ਮੁਸਲਮ ਚਾਹ ਦਾ ਨਾਂਅ ਦਿੱਤਾ ਗਿਆ। ਸਾਰੇ ਕ੍ਰਾਂਤੀਕਾਰੀਆਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ, ਪਰ ਸਰਕਾਰ ਦਾ ਹੁਕਮ ਸੀ ਕਿ ਹਰ ਹਾਲ ਵਿੱਚ ਹਿੰਦੂ ਚਾਹ ਤੇ ਮੁਸਲਮ ਚਾਹ ਵੱਖਰੀ ਬਣੇਗੀ ਤੇ ਇਨ੍ਹਾਂ ਨਾਵਾਂ ਨਾਲ ਹੀ ਵੰਡੀ ਜਾਵੇਗੀ। ਕ੍ਰਾਂਤੀਕਾਰੀਆਂ ਨੇ ਇਸ ਚਾਲ ਨੂੰ ਫੇਲ੍ਹ ਕਰਨ ਦਾ ਇਹ ਤੋੜ ਲੱਭਿਆ ਕਿ ਉਹ ਸਾਰੀ ਚਾਹ ਇੱਕ ਵੱਡੇ ਭਾਂਡੇ ਵਿੱਚ ਪਾ ਲੈਂਦੇ ਤੇ ਫਿਰ ਵੰਡ ਕੇ ਪੀਂਦੇ।*

*ਪਰ ਦੁੱਖ ਦੀ ਗੱਲ ਹੈ ਕਿ ਅੱਜ ਫਿਰ ਉਹੀ ਵੰਡਪਾਊ ਤਾਕਤਾਂ ਨਵੇਂ-ਨਵੇਂ ਢੰਗਾਂ ਨਾਲ ਭਾਰਤ ਦੀ ਸਮਾਜੀ ਸਦਭਾਵਨਾ ਨੂੰ ਤੋੜਨ ਲਈ ਸਰਗਰਮ ਹਨ। ਆਜ਼ਾਦ ਹਿੰਦ ਫੌਜ ਦੇ ਕ੍ਰਾਂਤੀਕਾਰੀਆਂ ਨੇ ਪੁਰਾਣੇ ਫਿਰੰਗੀਆਂ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਤਾਂ ਸਫਲ ਨਹੀਂ ਹੋਣ ਦਿੱਤੀ ਪਰ ਨਵੇਂ ਫਿਰੰਗੀਆਂ ਨੇ ਮੁੜ ਆਪਣੀਆਂ ਕੋਸ਼ਿਸ਼ਾਂ ਨੂੰ ਪ੍ਰਵਾਨ ਚੜ੍ਹਾਉਣਾ ਸ਼ੁਰੂ ਕਰ ਦਿੱਤਾ ਹੈ। ਸੰਤ ਦੇ ਚੋਲੇ ਵਿੱਚ ਕਾਰੋਬਾਰੀ ਹਿੱਤਾਂ ਨੂੰ ਅੱਗੇ ਵਧਾਉਣ ਵਾਲੇ ਰਾਮਦੇਵ ਨੇ ਕਿਹਾ ਹੈ ਕਿ ਫਲਾਂ ਸ਼ਰਬਤ ਪੀਓਗੇ ਤਾਂ ਮਸਜਿਦਾਂ ਤੇ ਮਦਰੱਸੇ ਬਣਨਗੇ ਅਤੇ ਪਤੰਜਲੀ ਦਾ ਪੀਓਗੇ ਤਾਂ ਗੁਰੂਕੁਲ ਬਣਨਗੇ। ਆਪਣੇ ਕਾਰੋਬਾਰੀ ਲਾਭ ਲਈ ਫਿਰਕਾਪ੍ਰਸਤੀ ਨੂੰ ਹਵਾ ਦੇਣ ਵਾਲਾ ਕਿੰਨਾ ਸ਼ਰਮਨਾਕ ਬਿਆਨ ਹੈ ਇਹ। ਆਜ਼ਾਦ ਹਿੰਦ ਫੌਜ ਦੇ ਕ੍ਰਾਂਤੀਕਾਰੀਆਂ ਨੂੰ ਹਿੰਦੂ ਤੇ ਮੁਸਲਮ ਚਾਹ ਦੇ ਨਾਂਅ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਗਈ ਤਾਂ ਹੁਣ ਦੇਸ਼ ਵਾਸੀਆਂ ਨੂੰ ਹਿੰਦੂ ਸ਼ਰਬਤ ਤੇ ਮੁਸਲਮ ਸ਼ਰਬਤ ਦੇ ਨਾਂਅ ਹੇਠ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।*

*ਕਦੇ ਸਵਾਮੀ ਸ਼ਰਧਾਨੰਦ ਨੇ ਜਾਮਾ ਮਸਜਿਦ ਤੋਂ ਹਿੰਦੂ-ਮੁਸਲਮ ਭਾਈਚਾਰੇ ਨੂੰ ਕਾਇਮ ਰੱਖਣ ਦਾ ਸੰਦੇਸ਼ ਦਿੱਤਾ ਸੀ, ਅੱਜ ਉਸੇ ਪਰੰਪਰਾ ਦੇ ਕੁਝ ਲੋਕ ਖਾਣ-ਪੀਣ ਤੇ ਭਾਸ਼ਾ ਵਿੱਚ ਵੀ ਹਿੰਦੂ-ਮੁਸਲਮਾਨ ਲੱਭ ਰਹੇ ਹਨ। ਅਜਿਹੇ ਲੋਕ ਨਾਅਰਾ ਤਾਂ ਅਖੰਡ ਭਾਰਤ ਦਾ ਦਿੰਦੇ ਹਨ, ਪਰ ਤੰਗਨਜ਼ਰੀ ਏਨੀ ਕਿ ਸੀਮਤ ਖੇਤਰ ਵਿੱਚ ਵੀ ਦੂਜੇ ਦੀ ਮੌਜੂਦਗੀ ਸਵੀਕਾਰ ਨਹੀਂ ਕਰਦੇ। ਦੂਜਿਆਂ ਦੇ ਬਾਈਕਾਟ ਦੇ ਮੌਕੇ ਲੱਭਦੇ ਰਹਿੰਦੇ ਹਨ। ਕਦੇ ਦੁਕਾਨ ਦੀ ਨੇਮ ਪਲੇਟ ਨੂੰ ਲੈ ਕੇ, ਕਦੇ ਕੁੰਭ ਵਿੱਚ ਨਾ ਆਉਣ ਨੂੰ ਲੈ ਕੇ ਸ਼ਰਮਨਾਕ ਬਿਆਨਬਾਜ਼ੀ ਕੀਤੀ ਜਾਂਦੀ ਹੈ। ਲੋਕਾਂ ਨੂੰ ਇਨ੍ਹਾਂ ਤੱਤਾਂ ਨੂੰ ਚੰਗੀ ਤਰ੍ਹਾਂ ਪਛਾਨਣਾ ਪੈਣਾ ਹੈ, ਤਾਂ ਕਿ ਉਨ੍ਹਾਂ ਦੇ ਮਨਸੂਬੇ ਕਾਮਯਾਬ ਨਾ ਹੋ ਸਕਣ ਤੇ ਸਮਾਜ ਵਿੱਚ ਸਦਭਾਵਨਾ ਕਾਇਮ ਰਹੇ।*

# ਡਾ. ਅੰਬੇਡਕਰ ਦੇ ਵਿਚਾਰਾਂ ਦਾ ਅਜੋਕੇ ਸਮੇਂ 'ਚ ਮਹੱਤਵ



ਡਾ. ਅਰੁਣ ਮਿੱਤਰਾ

ਡਾ: ਭੀਮ ਰਾਓ ਰਾਮਜੀ ਅੰਬੇਡਕਰ ਨਾ ਸਿਰਫ ਸੁਤੰਤਰ ਭਾਰਤ ਦੇ ਸੰਵਿਧਾਨ ਨੂੰ ਘੜਨ ਵਿੱਚ ਆਪਣੀ ਭੂਮਿਕਾ ਲਈ ਜਾਣੇ ਜਾਂਦੇ ਹਨ, ਪਰ ਇਸ ਤੋਂ ਵੀ ਵੱਧ ਜਾਤੀ ਦੇ ਅਧਾਰ 'ਤੇ ਵਿਤਕਰੇ ਦੇ ਜ਼ੁਲਮ ਦੇ ਵਿਰੁੱਧ ਸੰਘਰਸ ਲਈ ਉਹਨਾ ਦੀ ਪਛਾਣ ਹੈ। ਦੁਨੀਆ ਵਿੱਚ ਕਿਧਰੇ ਵੀ ਇਸ ਕਿਸਮ ਦੇ ਨਾਲ ਵਿਤਕਰਾ ਨਹੀਂ ਹੁੰਦਾ ਕਿ ਕੋਈ ਵਿਅਕਤੀ ਕਿਸ ਪਰਵਾਰ ਵਿੱਚ ਪੈਦਾ ਹੋਇਆ ਹੈ ਤੇ ਉਸ ਨੂੰ ਨੀਵੀਂ ਜਾਤੀ ਦਾ ਕਹਿ ਕੇ ਦੁਤਕਾਰਿਆ ਜਾਂਦਾ ਹੈ। ਇਹ ਮਨੂ ਸਮ੍ਰਿਤੀ ਦੇ ਮੁਤਾਬਕ ਹੈ, ਜਿਥੇ ਹਿੰਦੂ ਸਮਾਜ ਨੂੰ ਉਚੀਆਂ ਤੇ ਨੀਵੀਆਂ ਜਾਤਾਂ ਵਿੱਚ ਵੰਡ ਦਿੱਤਾ ਗਿਆ ਸੀ। ਜਿਹੜੇ ਲੋਕ ਮਿਹਨਤ ਨਾਲ ਹੱਥੀਂ ਕੰਮ ਕਰਦੇ ਸਨ ਅਤੇ ਮਿਹਨਤ-ਮਜ਼ਦੂਰੀ ਕਰਕੇ ਗੁਜ਼ਾਰਾ ਕਰਦੇ ਸਨ, ਉਹਨਾਂ ਨੂੰ ਛੋਟੀਆਂ ਜਾਤਾਂ ਕਰਾਰ ਦੇ ਦਿੱਤਾ ਗਿਆ। ਇਹ ਸਮਾਜ ਦੀ ਲਗਭਗ ਇਕ ਚੌਥਾਈ ਹਿੱਸਾ ਆਬਾਦੀ ਬਣਦੇ ਸਨ। ਇਸ ਹਿਸਾਬ ਨਾਲ ਇਹ ਅਖੌਤੀ ਨੀਵੀਂ ਜਾਤੀ ਦੇ ਲੋਕ ਅਛੂਤ ਮੰਨੇ ਜਾਂਦੇ ਸਨ। ਆਰਥਿਕ ਤੌਰ 'ਤੇ ਕਮਜੋਰ ਸਨ, ਸਿੱਖਿਅਤ ਨਹੀਂ ਸਨ ਤੇ ਮੁਢਲੇ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਹੁੰਦੇ ਹੋਏ ਵੀ ਆਪਣੀ ਆਵਾਜ਼ ਚੁੱਕਣ ਦੇ ਅਸਮਰਥ ਸਨ। ਇਹਨਾਂ ਹਾਲਤਾਂ ਵਿੱਚ ਭੀਮ ਰਾਓ ਰਾਮ ਜੀ ਅੰਬੇਦਕਰ 14 ਅਪ੍ਰੈਲ 1891 ਨੂੰ ਮਹੂ ਫੌਜੀ ਛਾਉਣੀ, ਜੋ ਕਿ ਹੁਣ ਮੱਧ ਪ੍ਰਦੇਸ਼ ਵਿੱਚ ਹੈ, ਦੇ ਇਕ ਦਲਿਤ ਪਰਵਾਰ ਵਿੱਚ ਪੈਦਾ ਹੋਏ। ਬਚਪਨ ਵਿੱਚ ਉਹਨਾ ਨੂੰ ਅਨੇਕਾਂ ਵਾਰ ਵਿਤਕਰੇ ਅਤੇ ਅਛੂਤਪਨ ਦਾ ਸਾਹਮਣਾ ਕਰਨਾ ਪਿਆ।

ਪਰ ਵਿਲੱਖਣ ਬੁੱਧੀ ਵਾਲੇ ਹੋਣ ਕਰਕੇ ਉਹਨਾ ਬਹੁਤ ਮੁਸ਼ਕਲ ਹਾਲਾਤ ਦੇ ਬਾਵਜੂਦ ਪੜ੍ਹਾਈ ਜਾਰੀ ਰੱਖੀ ਤੇ ਐਲਫਿਨਸਟਨ ਕਾਲਜ ਤੋਂ ਬੀ ਏ, ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਪੀ ਐੱਚ ਡੀ ਅਤੇ ਲੰਡਨ ਤੋਂ ਇੱਕ ਹੋਰ ਡਿਗਰੀ ਹਾਸਲ ਕੀਤੀ। ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਵਾਪਸ ਆਏ ਤੇ ਬੜੌਦਾ ਦੇ ਮਹਾਰਾਜਾ, ਜਿਸ ਨੇ ਕਿ ਉਨ੍ਹਾਂ ਦੀ ਸਿੱਖਿਆ ਦਾ ਖਰਚਾ ਕੀਤਾ ਸੀ, ਦੀ ਰਿਆਸਤ ਵਿੱਚ ਪ੍ਰਮੁੱਖ ਲੇਖਾਕਾਰ ਵੱਲੋਂ ਕੰਮ ਕਰਨ ਲੱਗ ਪਏ। 11 ਦਿਨ ਬਾਅਦ ਹੀ ਉਹਨਾ ਨੂੰ ਉਹ ਛੱਡਣਾ ਪਿਆ, ਕਿਉਂਕਿ ਜਾਤੀਗਤ ਵਿਤਕਰੇ ਦੇ ਕਾਰਨ ਉਹਨਾ ਨੂੰ ਰਹਿਣ ਦੀ ਕੋਈ ਥਾਂ ਨਹੀਂ ਮਿਲੀ।

ਭੀਮ ਰਾਓ ਅੰਬੇਡਕਰ ਨੇ ਦਲਿਤ ਅਧਿਕਾਰਾਂ ਲਈ 1924 ਵਿੱਚ 'ਬਹਿਸਕ੍ਰਿਤ ਹਿਤਕਾਰੀ ਸਭਾ' ਦੀ ਸਥਾਪਨਾ ਕੀਤੀ, ਜਿਸ ਦਾ ਕੰਮ ਪਛੜੇ ਵਰਗਾਂ ਨੂੰ ਸਿੱਖਿਅਤ ਕਰਨਾ ਤੇ ਆਵਾਜ਼ ਬੁਲੰਦ ਕਰਨ ਲਈ ਜਥੇਬੰਦ ਕਰਨਾ ਸੀ। 1927 ਵਿੱਚ ਅੰਬੇਡਕਰ ਨੇ ਜਨਤਕ ਥਾਵਾਂ 'ਤੇ ਪਾਣੀ ਦੀ ਵਰਤੋਂ ਦੇ ਆਪਣੇ ਅਧਿਕਾਰਾਂ ਨੂੰ ਜਤਾਉਣ ਲਈ ਸੱਤਿਆਗ੍ਰਹਿ ਸ਼ੁਰੂ ਕਰਨ ਦਾ ਫੈਸਲਾ ਕੀਤਾ। ਕੋਂਕਣ ਦੇ ਇੱਕ ਕਸਬੇ, ਮਹਾੜ ਨੂੰ ਇਸ ਸਰਗਰਮੀ ਲਈ ਚੁਣਿਆ ਗਿਆ। ਮੀਟਿੰਗ ਤੋਂ ਬਾਅਦ ਉਹ 'ਚਾਵਦਰ ਤਲਾਅ' ਵੱਲ ਚਲੇ ਗਏ। ਅੰਬੇਡਕਰ ਨੇ ਉਥੋਂ ਪਾਣੀ ਪੀਤਾ ਅਤੇ ਹਜ਼ਾਰਾਂ ਅਛੂਤ ਉਨ੍ਹਾਂ ਦੇ ਪਿੱਛੇ-ਪਿੱਛੇ ਆਏ। ਮਨੂੰ ਸਮ੍ਰਿਤੀ ਦੀਆਂ ਕਾਪੀਆਂ ਉਸੇ ਥਾਂ 'ਤੇ ਜਾ ਕੇ ਸਾੜੀਆਂ।

ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਾਲੀ ਕਮੇਟੀ ਦਾ ਉਨ੍ਹਾ ਨੂੰ ਚੇਅਰਮੈਨ ਬਣਾਇਆ ਗਿਆ। ਉਹਨਾ ਖੁਦਮੁਖਤਿਆਰ ਲੋਕਤੰਤਰਿਕ ਗਣਰਾਜ ਦੀ ਸੋਚ ਨੂੰ ਲੈ ਕੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਵਾਲੇ ਸੰਵਿਧਾਨ ਨੂੰ ਘੜਨ ਦੀ ਕੋਸ਼ਿਸ਼ ਕੀਤੀ।

ਇਸ ਸੰਵਿਧਾਨ ਦੇ ਮੁੱਖਬੰਦ ਦੇ ਵਿੱਚ ਸਭ ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਕਿਸੇ ਦੀ ਵੀ ਪੂਜਾ ਕਰਨ ਜਾਂ ਵਿਸਵਾਸ ਕਰਨ ਦੀ ਆਜਾਦੀ, ਸਭ ਨੂੰ ਬਰਾਬਰ ਅਵਸਰ ਪ੍ਰਾਪਤ ਕਰਨ ਦੀ ਆਜ਼ਾਦੀ ਅਤੇ ਸਾਰਿਆਂ ਵਿੱਚ ਆਪਸ ਵਿੱਚ ਸਦਭਾਵਨਾ ਦੀ ਆਜ਼ਾਦੀ ਦੀ ਵਿਆਖਿਆ ਕੀਤੀ ਗਈ, ਤਾਂ ਜੋ ਲੋਕਾਂ ਦੇ ਮਾਣ-ਸਨਮਾਨ ਦੇ ਨਾਲ ਦੇਸ਼ ਦੀ ਏਕਤਾ ਨੂੰ ਬਰਕਰਾਰ ਰੱਖਿਆ ਜਾ ਸਕੇ। ਉਨ੍ਹਾਂ ਦੀ ਮਿਹਨਤ ਸਦਕਾ ਇਹ ਸੰਵਿਧਾਨ 26 ਨਵੰਬਰ 1949 ਨੂੰ ਸੰਪੂਰਨ ਹੋਇਆ।

ਇਸ ਸੰਵਿਧਾਨ ਵਿੱਚ ਨਾਗਰਿਕਾਂ ਨੂੰ ਕੁਝ ਮੌਲਿਕ ਅਧਿਕਾਰ ਦਿੱਤੇ ਗਏ ਹਨ, ਜਿਸ ਦਾ ਮਤਲਬ ਹੈ ਕਿ ਇਹਨਾਂ ਅਧਿਕਾਰਾਂ ਬਾਰੇ ਦੇਸ਼ ਦੇ ਨਾਗਰਿਕਾਂ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੈ। ਇਹ ਅਧਿਕਾਰ ਹਨ; ਕਾਨੂੰਨ ਦੇ ਸਾਹਮਣੇ ਬਰਾਬਰੀ, ਧਰਮ, ਜਾਤੀ, ਲਿੰਗ ਪੈਦਾਇਸ਼ ਦੀ ਜਗ੍ਹਾ ਦੇ ਆਧਾਰ 'ਤੇ ਵਿਤਕਰੇ ਦੇ ਖਿਲਾਫ ਅਤੇ ਨੌਕਰੀ ਜਾਂ ਕੰਮ ਲਈ ਬਰਾਬਰ ਅਵਸਰ ਦਾ ਅਧਿਕਾਰ ਆਦਿ। ਬੋਲਣ ਦੀ ਆਜ਼ਾਦੀ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਇਕੱਠ ਕਰਨ, ਜਥੇਬੰਦੀ ਬਣਾਉਣ, ਰਿਹਾਇਸ਼ ਦੀ ਆਜ਼ਾਦੀ, ਕਿਸੇ ਵੀ ਪੇਸ਼ੇ ਨੂੰ ਅਪਣਾਉਣ ਦੀ ਆਜ਼ਾਦੀ ਆਦਿ।

ਇਸ ਤੋਂ ਇਲਾਵਾ ਨਿਰਦੇਸ਼ਕ ਸਿਧਾਂਤ ਬਣਾਏ ਗਏ, ਕਾਨੂੰਨੀ ਤੌਰ 'ਤੇ ਜਿਨ੍ਹਾਂ ਦੀ ਬੰਦਿਸ਼ ਤਾਂ ਨਹੀਂ ਹੈ, ਪਰ ਦੇਸ਼ ਦੇ ਪ੍ਰਸ਼ਾਸਨ ਦੇ ਲਈ ਇਹਨਾਂ ਅਧਿਕਾਰਾਂ ਦੀ ਜ਼ਰੂਰਤ ਹੈ ਤੇ ਸੱਤਾ ਨੂੰ ਇਨਾਂ ਅਧਿਕਾਰਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਇਹਨਾਂ ਵਿੱਚ ਸਰਕਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਸਮਾਜਿਕ ਨਿਆਂ, ਆਰਥਿਕ ਅਤੇ ਰਾਜਨੀਤਕ ਨਿਆਂ ਨੂੰ ਲਾਗੂ ਕਰਨ, ਔਰਤਾਂ ਤੇ ਆਦਮੀ ਦੋਨਾਂ ਨੂੰ ਬਰਾਬਰ ਕੰਮ ਦੀ ਬਰਾਬਰ ਉਜਰਤ ਦੇਣਾ ਯਕੀਨੀ ਬਣਾਉਣ, ਸਿੱਖਿਆ, ਸਿਹਤ, ਬੇਰੋਜ਼ਗਾਰੀ, ਬੁਢਾਪਾ, ਬਿਮਾਰੀ, ਅਪੰਗਤਾ ਜਾਂ ਇਸ ਕਿਸਮ ਦੀਆਂ ਲੋੜਾਂ ਦੇ ਸਮੇਂ ਸਰਕਾਰੀ ਸਹਾਇਤਾ ਯਕੀਨੀ ਬਣਾਉਣ। ਸਰਕਾਰ ਪੂਰੀ ਕੋਸ਼ਿਸ਼ ਕਰੇਗੀ ਕਿ ਕਾਮਿਆਂ ਨੂੰ ਲੋੜੀਂਦੀ ਤਨਖਾਹ ਮਿਲੇ,ਕੰਮ ਕਰਨ ਦੀਆਂ ਥਾਵਾਂ ਵਧੀਆ ਤੇ ਮਨੁੱਖੀ ਅਧਿਕਾਰਾਂ ਦੇ ਮੁਤਾਬਿਕ ਹੋਣ ਤੇ ਮੈਨੇਜਮੈਂਟ ਵਿੱਚ ਮਜ਼ਦੂਰਾਂ ਦੀ ਹਿੱਸੇਦਾਰੀ ਵੀ ਹੋਏ।

ਬੱਚਿਆਂ ਨੂੰ ਸਿਹਤਮੰਦ ਰਹਿਣ ਤੇ ਵਧਣ-ਫੁੱਲਣ ਲਈ ਬਰਾਬਰ ਦੇ ਅਵਸਰ ਦੇਣਾ, 14 ਸਾਲ ਦੀ ਉਮਰ ਤੱਕ ਜ਼ਰੂਰੀ ਸਿੱਖਿਆ ਪ੍ਰਦਾਨ ਕਰਨਾ, ਸ਼ਡਿਊਲਡ ਕਾਸਟ ਦੇ ਲੋਕਾਂ ਵਿੱਚ ਸਿੱਖਿਆ ਫੈਲਾਉਣ ਲਈ ਸਹਾਇਤਾ ਕਰਨਾ, ਨਿਆਂ ਪ੍ਰਣਾਲੀ ਨੂੰ ਰਾਜ ਪ੍ਰਣਾਲੀ ਜਾਂ ਪ੍ਰਸ਼ਾਸਨ ਤੋਂ ਵੱਖਰੇ ਕਰਨਾ, ਸਾਰੇ ਦੇਸ਼ ਦੇ ਲਈ ਇਕ ਯੂਨੀਫਾਰਮ ਸਿਵਲ ਕੋਡ ਬਣਾਉਣਾ ਤੇ ਕੌਮੀ ਇਮਾਰਤਾਂ ਦੀ ਰਾਖੀ, ਲੋੜਵੰਦਾਂ ਨੂੰ ਮੁਫਤ ਕਾਨੂੰਨੀ ਸਹਾਇਤਾ, ਜੰਗਲਾਤ ਦੀ ਰਾਖੀ, ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਵਧਾਉਣਾ, ਦੇਸ਼ਾਂ ਵਿਚਕਾਰ ਚੰਗੇ ਸੰਬੰਧ ਸਥਾਪਤ ਕਰਨੇ ਅਤੇ ਕੌਮਾਂਤਰੀ ਮਸਲਿਆਂ ਨੂੰ ਮਿਲ-ਜੁਲ ਕੇ ਹੱਲ ਕਰਨਾ ਵੀ ਦਰਜ ਕੀਤਾ ਗਿਆ।

ਇਸ ਭੂਮਿਕਾ ਵਿੱਚ ਉਨ੍ਹਾ ਦਾ ਸਭ ਤੋਂ ਮਹੱਤਵਪੂਰਨ ਦਖਲ ਹਿੰਦੂ ਕੋਡ ਬਿੱਲ ਪਾਸ ਕਰਨ ਦੀ ਕੋਸ਼ਿਸ਼ ਵਿੱਚ ਸੀ, ਜਿਸ ਨਾਲ ਹਿੰਦੂ ਨਿੱਜੀ ਕਾਨੂੰਨਾਂ ਵਿੱਚ ਸੁਧਾਰ ਕੀਤਾ ਜਾ ਸਕੇ, ਜੋ ਵਿਆਹ, ਤਲਾਕ, ਉਤਰਾਧਿਕਾਰ ਅਤੇ ਗੋਦ ਲੈਣ ਵਰਗੇ ਮਾਮਲਿਆਂ ਨੂੰ ਨਿਰਧਾਰਤ ਕਰਦੇ ਸਨ। ਭਾਵੇਂ ਉਸ ਵੇਲੇ ਸ਼ੁਰੂ ਵਿੱਚ ਆਰ ਐਸ ਐਸ ਤੇ ਹੋਰਨਾ ਕਈਆਂ ਵੱਲੋਂ ਵਿਰੋਧ ਕਰਕੇ ਇਹ ਬਿੱਲ ਵਾਪਸ ਲੈਣਾ ਪਿਆ, ਪਰ ਬਾਅਦ ਵਿੱਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਭਾਰਤੀ ਰਾਸ਼ਟਰੀ ਕਾਂਗਰਸ ਸਰਕਾਰ ਨੇ 1950 ਦੇ ਦਹਾਕੇ ਵਿੱਚ ਸੁਧਾਰਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ।

ਆਰ ਐੱਸ ਐੱਸ ਦੀ ਥਾਪੜੀ ਭਾਜਪਾ ਸਰਕਾਰ ਵੱਲੋਂ ਡਾ: ਅੰਬੇਡਕਰ ਦੇ ਵਿਚਾਰਾਂ 'ਤੇ ਅਧਾਰਤ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਮਿਹਨਤਕਸ਼ ਲੋਕਾਂ ਦੇ ਲਗਾਤਾਰ ਸੰਘਰਸ਼ ਕਰਕੇ ਦੇਸ਼ ਵਿੱਚ ਮਜ਼ਦੂਰਾਂ ਦੇ ਹੱਕਾਂ ਲਈ 44 ਕਾਨੂੰਨ ਬਣਾਏ ਗਏ ਸਨ, ਪਰ 2014 ਤੋਂ ਬਾਅਦ ਸੱਤਾ 'ਤੇ ਕਾਬਜ਼ ਆਰ ਐੱਸ ਐੱਸ ਦੀ ਹੱਥਠੋਕਾ ਮੋਦੀ ਸਰਕਾਰ ਨੇ ਇਹਨਾਂ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾ ਦਿੱਤੇ ਹਨ ਅਤੇ ਮਜ਼ਦੂਰਾਂ ਦੇ ਹੱਕਾਂ ਨੂੰ ਲਗਾਤਾਰ ਖੋਹਿਆ ਜਾ ਰਿਹਾ ਹੈ।

ਡਾ. ਅੰਬੇਡਕਰ ਨੇ ਚੇਤਾਵਨੀ ਦਿੱਤੀ ਸੀ, 'ਜਾਤ ਸਿਰਫ ਕਿਰਤ ਦੀ ਵੰਡ ਨਹੀਂ ਹੈ, ਇਹ ਮਜਦੂਰਾਂ ਦੀ ਵੰਡ ਹੈ।' ਅੱਜ, ਹਾਕਮ ਵਰਗ ਹਿੰਦੂਤਵ ਤਾਕਤਾਂ ਨਾਲ ਹੱਥ ਮਿਲਾ ਕੇ ਰਾਸ਼ਟਰਵਾਦ ਦੇ ਭੇਸ ਵਿੱਚ ਪਰੇਡ ਕਰਦੇ ਹੋਏ ਮਨੂ ਦੇ ਹੁਕਮ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸ਼ਾਸਨ ਅਧੀਨ ਪਿੱਤਰਸੱਤਾ ਵੀ ਵਧ-ਫੁੱਲ ਰਹੀ ਹੈ। ਔਰਤਾਂ ਵਿਰੁੱਧ ਹਿੰਸਾ, ਵਿਤਕਰਾ ਅਤੇ ਖੁਦਮੁਖਤਿਆਰੀ ਤੋਂ ਇਨਕਾਰ ਸੰਸਥਾਗਤ ਰੂਪ ਵਿੱਚ ਕੀਤਾ ਗਿਆ ਹੈ।

ਜਨਤਕ ਸਿੱਖਿਆ ਅਤੇ ਸਿਹਤ, ਰੁਜ਼ਗਾਰ, ਭੋਜਨ ਸੁਰੱਖਿਆ ਅਤੇ ਸਮਾਜਿਕ ਸੁਰੱਖਿਆ ਦੀ ਰੱਖਿਆ ਨੂੰ ਸਾਡੇ ਪ੍ਰੋਗਰਾਮ ਦੇ ਕੇਂਦਰ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਹ 'ਕਲਿਆਣਕਾਰੀ ਮੰਗਾਂ' ਨਹੀਂ ਹਨ, ਇਹ ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦੇ ਸਾਧਨ ਹਨ।

ਭਗਤ ਸਿੰਘ ਨੇ ਬ੍ਰਿਟਿਸ਼ ਸਾਮਰਾਜ ਨਾਲ ਲੜਦੇ ਹੋਏ ਇਹ ਨਾਅਰਾ ਦਿੱਤਾ ਸੀ, 'ਇਨਕਲਾਬ ਮਨੁੱਖਤਾ ਦਾ ਹੱਕ ਹੈ ਅਤੇ ਆਜ਼ਾਦੀ ਜਨਮ ਸਿੱਧ ਅਧਿਕਾਰ ਹੈ।' ਸਮਾਂ ਆ ਗਿਆ ਹੈ ਕਿ ਉਹਨਾ ਦੇ ਸ਼ਬਦਾਂ ਦੀ ਪਾਲਣਾ ਕੀਤੀ ਜਾਵੇ ਅਤੇ ਆਰ ਐੱਸ ਐੱਸ-ਭਾਜਪਾ ਤੋਂ ਆਪਣੀ ਆਜ਼ਾਦੀ ਵਾਪਸ ਲਈ ਜਾਵੇ।

ਆਜ਼ਾਦੀ ਤੋਂ ਉਪਰੰਤ ਇਹਨਾਂ ਮੱਦਾਂ ਦੇ ਮੁਤਾਬਕ ਮੁੱਢਲੀਆਂ ਸਰਕਾਰਾਂ ਨੇ ਦੇਸ਼ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ। ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਕਾਨੂੰਨ ਵੀ ਬਣਾਏ ਗਏ। ਸਿਹਤ ਤੇ ਸਿੱਖਿਆ ਸਬੰਧੀ ਕਾਨੂੰਨ ਵੀ ਬਣੇ। ਸਮਾਜੀ ਸਦਭਾਵਨਾ ਲਈ ਵੀ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਸ ਸੋਚ ਦੇ ਉਲਟ ਸੋਚ ਰੱਖਣ ਵਾਲੇ ਲੋਕ ਤੇ ਸ਼ਕਤੀਆਂ ਇਸ ਦੇਸ਼ ਵਿੱਚ ਆਜ਼ਾਦੀ ਤੋਂ ਪਹਿਲਾਂ ਵੀ ਮੌਜੂਦ ਸਨ ਤੇ ਹੁਣ ਵੀ ਮੌਜੂਦ ਹਨ।



ਅੱਜ ਉਹ ਸ਼ਕਤੀਆਂ, ਜੋ ਕਿ ਦਲਿਤ ਵਿਰੋਧੀ ਘੱਟ ਗਿਣਤੀਆਂ ਵਿਰੋਧੀ ਹਨ, ਦੇਸ਼ ਵਿੱਚ ਸੱਤਾ 'ਤੇ ਕਾਬਜ਼ ਹਨ। ਸੁਤੰਤਰਤਾ ਸੰਗਰਾਮ ਦੇ ਦੌਰਾਨ ਇਹਨਾਂ ਸ਼ਕਤੀਆਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਆਰ ਐੱਸ ਐੱਸ ਅਤੇ ਮੁਸਲਿਮ ਲੀਗ ਦੋਨਾਂ ਨੇ ਹੱਥ ਮਿਲਾਇਆ ਤੇ ਆਜ਼ਾਦੀ ਘੁਲਾਟੀਆਂ ਦੇ ਖਿਲਾਫ ਸਾਜ਼ਿਸ਼ਾਂ ਰਚੀਆਂ। ਸੰਨ 2014 ਤੋਂ ਤਾਂ ਸੰਵਿਧਾਨ ਦੀਆਂ ਉਪਰੋਕਤ ਸਾਰੀਆਂ ਮੱਦਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸੰਵਿਧਾਨਿਕ ਸੰਸਥਾਵਾਂ ਦੀ ਖੁਦਮੁਖਤਿਆਰੀ ਸਮਾਪਤ ਕੀਤੀ ਜਾ ਰਹੀ ਹੈ। ਸਮਾਜਿਕ ਸਦਭਾਵਨਾ ਨੂੰ ਛਿੱਕੇ ਟੰਗ ਕੇ ਘੱਟ ਗਿਣਤੀਆਂ ਤੇ ਦਲਿਤਾਂ 'ਤੇ ਅੱਤਿਆਚਾਰ ਵਧ ਰਹੇ ਹਨ। ਦੇਸ਼ ਦੀ ਸਾਰੀ ਸੰਪਤੀ ਚੰਦ ਕਾਰਪੋਰੇਟ ਘਰਾਣਿਆਂ ਨੂੰ ਸੌਂਪੀ ਜਾ ਰਹੀ ਹੈ। ਇਸ ਦੇ ਨਾਲ ਜਿੱਥੇ ਸਮਾਜਿਕ ਸਦਭਾਵਨਾ ਕਮਜੋਰ ਪੈ ਰਹੀ ਹੈ, ਉਸ ਦੇ ਨਾਲ ਹੀ ਕਾਮਿਆਂ ਦੇ ਹੱਕ ਸਮਾਪਤ ਹੋ ਰਹੇ ਹਨ, ਕਿਸਾਨਾਂ ਨੂੰ ਫਸਲਾਂ ਦਾ ਵਾਜਬ ਭਾਅ ਨਹੀਂ ਮਿਲ ਰਿਹਾ, ਸਿੱਖਿਆ ਤੇ ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ, ਇਸਤਰੀਆਂ ਉੱਪਰ ਅੱਤਿਆਚਾਰ ਵਧ ਰਹੇ ਹਨ ਤੇ ਕੇਂਦਰ ਵਿੱਚ ਮੋਦੀ ਸਰਕਾਰ ਦੋਸ਼ੀਆਂ ਨੂੰ ਬਚਾਉਣ 'ਤੇ ਪੂਰੀ ਤਰ੍ਹਾਂ ਲੱਗੀ ਹੋਈ ਹੈ।

ਇਹ ਇੱਕ ਅਤੀ ਗੰਭੀਰ ਸਥਿਤੀ ਹੈ, ਜਿਸ ਬਾਰੇ ਬਹੁਤ ਹੀ ਗੰਭੀਰਤਾ ਨਾਲ ਸੋਚ ਕੇ ਵਿਚਾਰਧਾਰਕ ਸੰਘਰਸ ਕਰਨ ਲਈ ਏਕਾ ਬਣਾਉਣ ਦੀ ਲੋੜ ਹੈ। ਅੱਜ ਦੇ ਦਿਨ ਅਸੀਂ ਡਾਕਟਰ ਬੀ ਆਰ ਅੰਬੇਡਕਰ ਵੱਲੋਂ ਸਮਾਜ ਲਈ ਕੀਤੇ ਗਏ ਕੰਮਾਂ ਨੂੰ ਯਾਦ ਕਰਦੇ ਹੋਏ ਉਹਨਾ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਅਹਿਦ ਕਰਦੇ ਹਾਂ।

*# ਸੰਪਰਕ : 94170-00360*

# ਨਸ਼ੇ ਦੀ ਪਹਿਲੀ ਪੌੜੀ-ਐਨਰਜੀ ਡਰਿੰਕਸ

ਸੰਦੀਪ ਕੁਮਾਰ

ਅੱਜ ਦਾ ਸਮਾਜ ਇਕ ਅਜਿਹੀ ਦੌੜ 'ਚ ਸ਼ਾਮਲ ਹੋ ਚੁੱਕਾ ਹੈ, ਜਿਸ ਵਿੱਚ ਹਰ ਕੋਈ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਆਪਣੀ ਜ਼ਿੰਦਗੀ ਦੀ ਗਤੀ ਨੂੰ ਬੇਹੱਦ ਤੇਜ਼ ਕਰ ਬੈਠਾ ਹੈ। ਇਨ੍ਹਾਂ ਹਾਲਤਾਂ ਵਿੱਚ ਨੌਜਵਾਨ ਪੀੜ੍ਹੀ, ਖਾਸ ਕਰਕੇ ਵਿਦਿਆਰਥੀ, ਆਪਣੇ ਮਨ ਅਤੇ ਸਰੀਰ ਨੂੰ ਥਕਾਵਟ ਤੋਂ ਬਚਾਉਣ ਲਈ ਵੱਖ-ਵੱਖ ਤਰੀਕਿਆਂ ਦੀ ਮਦਦ ਲੈ ਰਹੇ ਹਨ। ਅਜਿਹੇ ਵਿੱਚ ਐਨਰਜੀ ਡਰਿੰਕਸ ਇਕ ਨਵੇਂ ਤਰ੍ਹਾਂ ਦਾ ਰੁਝਾਨ ਬਣ ਚੁੱਕਾ ਹੈ ਜੋ ਕਿ ਸਿਹਤ ਲਈ ਤੱਤਕਾਲੀ ਤੌਰ 'ਤੇ ਤਾਂ ਊਰਜਾ ਦਾ ਭਰਮ ਪੈਦਾ ਕਰਦਾ ਹੈ, ਪਰ ਲੰਮੇ ਸਮੇਂ ਤੱਕ ਇਸ ਦੀ ਲਤ ਇਨਸਾਨ ਨੂੰ ਨਸ਼ੇ ਦੀ ਪਹਿਲੀ ਪੌੜੀ ਵੱਲ ਧੱਕਣ ਲੱਗਦੀ ਹੈ। ਐਨਰਜੀ ਡਰਿੰਕਸ ਆਮ ਤੌਰ 'ਤੇ ਇਸ ਤਰ੍ਹਾਂ ਦੇ ਵਿਗਿਆਪਨਾਂ ਰਾਹੀਂ ਪ੍ਰਚਾਰਤ ਕੀਤੇ ਜਾਂਦੇ ਹਨ ਕਿ ਇਹ ਮਨੁੱਖੀ ਸਰੀਰ ਨੂੰ ਤੁਰੰਤ ਤਾਜ਼ਗੀ ਅਤੇ ਜੋਸ਼ ਦੇਂਦੇ ਹਨ, ਪਰ ਹਕੀਕਤ ਇਹ ਹੈ ਕਿ ਇਨ੍ਹਾਂ ਵਿੱਚ ਮੌਜੂਦ ਕੈਫੀਨ, ਟੌਰੀਨ, ਗੁਲੂਕੋਜ ਅਤੇ ਹੋਰ ਰਸਾਇਣਕ ਤੱਤ ਸਰੀਰ ਵਿੱਚ ਆਮ ਤੌਰ 'ਤੇ ਹੋਣ ਵਾਲੀ ਰਸਾਇਣਕ ਪ੍ਰਕਿਰਿਆ ਨੂੰ ਬੇਤਰਤੀਬ ਕਰ ਦਿੰਦੇ ਹਨ। ਵਿਦਿਆਰਥੀ ਜਦੋਂ ਪੜ੍ਹਾਈ ਦੌਰਾਨ ਜਾਂ ਖੇਡਾਂ ਵਿੱਚ ਆਪਣੀ ਥਕਾਵਟ ਨੂੰ ਦੂਰ ਕਰਨ ਲਈ ਐਨਰਜੀ ਡਰਿੰਕ ਵੱਲ ਰੁਝਾਨ ਕਰਦੇ ਹਨ ਤਾਂ ਉਹਨਾਂ ਨੂੰ ਅਸਲ ਵਿੱਚ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਇੱਕ ਨਵੇਂ ਨਸ਼ੇ ਦੀ ਜਕੜ ਵਿੱਚ ਫਸ ਰਹੇ ਹਨ। ਸ਼ੁਰੂਆਤੀ ਦੌਰ ਵਿੱਚ ਇਹ ਆਦਤ ਸਿਰਫ ਇਕ ਡਰਿੰਕ ਤੱਕ ਸੀਮਤ ਰਹਿੰਦੀ ਹੈ, ਪਰ ਬਾਅਦ ਵਿੱਚ ਇਹ ਨਸ਼ੇ ਦੀਆਂ ਹੋਰ ਕਿਸਮਾਂ ਵੱਲ ਲਿਜਾਣ ਵਾਲਾ ਰਾਹ ਬਣ ਜਾਂਦੀ ਹੈ। ਬੱਚਿਆਂ ਅਤੇ ਘੱਟ ਉਮਰ ਦੇ ਨੌਜਵਾਨਾਂ ਵਿੱਚ ਇਹ ਆਦਤ ਹੋਰ ਵੀ ਖਤਰਨਾਕ ਸਾਬਤ ਹੁੰਦੀ ਹੈ। ਜਦੋਂ ਇੱਕ ਅਣਪੱਕਾ ਮਨ ਇਹ ਸੋਚ ਬਣਾ ਲੈਂਦਾ ਹੈ ਕਿ ਇਹ ਡਰਿੰਕ ਤਾਜ਼ਗੀ ਦਿੰਦੇ ਹਨ ਜਾਂ ਯਾਰ-ਮਿੱਤਰਾਂ ਵਿੱਚ ਰੌਲਾ ਬਣਾਉਣ ਲਈ ਲਾਜ਼ਮੀ ਹਨ, ਤਾਂ ਇਹ ਆਦਤ ਦਿਨੋ-ਦਿਨ ਪੱਕੀ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਕਈ ਮੁਲਕਾਂ ਵਿੱਚ ਐਨਰਜੀ ਡਰਿੰਕਸ ਦੀ ਖਰੀਦ ਉੱਤੇ ਉਮਰ ਦੀ ਹੱਦ ਲਾਈ ਗਈ ਹੈ। ਇੱਕ ਰਿਪੋਰਟ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐਨਰਜੀ ਡਰਿੰਕਸ ਪੀਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। ਉਲਟ, ਇਹ ਸੂਚਿਤ ਕੀਤਾ ਗਿਆ ਹੈ ਕਿ ਇਹ ਸਿਹਤ ਲਈ ਵੱਡਾ ਖਤਰਾ ਹਨ। ਜਿਵੇਂ ਕਿ ਅੱਜ ਦੇ ਸਮੇਂ ਬਜ਼ਾਰ ਵਿੱਚ ਰੈਡ ਬੁਲ, ਮੋਨਸਟਰ, ਸਟਿੰਗ, ਚਾਰਜ ਆਦਿ ਜਿਹੇ ਡਰਿੰਕਸ ਦੀ ਮੰਗ ਬਹੁਤ ਵਧ ਚੁੱਕੀ ਹੈ, ਇਨ੍ਹਾਂ ਦੀ ਉਪਲੱਬਧਤਾ ਹਰੇਕ ਦੁਕਾਨ 'ਤੇ ਆਸਾਨੀ ਨਾਲ ਹੋ ਰਹੀ ਹੈ। ਇਨ੍ਹਾਂ ਦੀਆਂ ਪੈਕੇਜਿੰਗ ਅਤੇ ਵਿਗਿਆਪਨ ਇਸ ਤਰੀਕੇ ਨਾਲ ਬਣਾਏ ਜਾਂਦੇ ਹਨ ਕਿ ਵਿਦਿਆਰਥੀ ਅਤੇ ਨੌਜਵਾਨ ਆਪਣੇ-ਆਪ ਇਸ ਨੂੰ ਲੈਣ ਲਈ ਮਜਬੂਰ ਮਹਿਸੂਸ ਕਰਦੇ ਹਨ। ਦੁਕਾਨਾਂ ਵਿੱਚ ਇਹਨਾਂ ਡਰਿੰਕਸ ਨੂੰ ਕੈਂਡੀ ਜਾਂ ਸੌਫਟ ਡਰਿੰਕ ਨਾਲ ਮਿਲਾ ਕੇ ਰੱਖਿਆ ਜਾਂਦਾ ਹੈ, ਜੋ ਕਿ ਨਿਸ਼ਾਨਾ ਸਿੱਧਾ ਬੱਚਿਆਂ ਉੱਤੇ ਹੁੰਦਾ ਹੈ। ਸਿਹਤ ਮਾਹਿਰਾਂ ਅਨੁਸਾਰ, ਇਹ ਡਰਿੰਕਸ ਜਦੋਂ ਸਰੀਰ ਵਿੱਚ ਜਾਂਦੇ ਹਨ ਤਾਂ ਕਈ ਤਰ੍ਹਾਂ ਦੀਆਂ ਐਲਰਜੀਆਂ, ਹਾਰਟ ਅਟੈਕ, ਉਲਟੀਆਂ, ਦਸਤ, ਸਰੀਰਕ ਹਾਰਮੋਨ ਵਿੱਚ ਬਦਲਾਅ ਅਤੇ ਮਾਨਸਿਕ ਚਿੰਤਾ ਪੈਦਾ ਕਰ ਸਕਦੇ ਹਨ। ਦਿਲ ਦੀ ਧੜਕਣ ਵਧ ਜਾਣਾ, ਬੇਚੈਨੀ ਮਹਿਸੂਸ ਕਰਨਾ ਅਤੇ ਨੀਂਦ ਨਾ ਆਉਣਾ ਆਮ ਲੱਛਣ ਹਨ। ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਤ ਹੁੰਦੀ ਹੈ ਅਤੇ ਉਹ ਆਪਣੀ ਸਹੀ ਸਮਝਦਾਰੀ ਗੁਆ ਦੇਂਦੇ ਹਨ। ਕੁਝ ਹਾਲਤਾਂ ਵਿੱਚ ਤਾਂ ਇਹਨਾਂ ਨਾਲ ਡੀਹਾਈਡ੍ਰੇਸ਼ਨ, ਲਿਵਰ ਡੈਮੇਜ ਅਤੇ ਨਰਵਸ ਸਿਸਟਮ ਦੀ ਗੜਬੜੀ ਵੀ ਹੋ ਸਕਦੀ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਹੇਠ ਸਿਹਤ ਵਿਭਾਗ ਨੇ ਇੱਕ ਵਧੀਆ ਕਦਮ ਚੁੱਕਿਆ ਹੈ। ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੇ ਬੱਚਿਆਂ ਉੱਤੇ ਨਿਗਰਾਨੀ ਰੱਖਣੀ ਪਵੇਗੀ। ਉਹਨਾਂ ਨੂੰ ਸਮਝਾਉਣਾ ਪਵੇਗਾ ਕਿ ਸਰੀਰਕ ਥਕਾਵਟ ਤੋਂ ਬਚਣ ਦੇ ਹੋਰ ਸਿਹਤਮੰਦ ਤਰੀਕੇ ਵੀ ਹਨ, ਜਿਵੇਂ ਕਿ ਵਿਆਯਾਮ, ਯੋਗਾ, ਪੌਸ਼ਟਿਕ ਭੋਜਨ ਅਤੇ ਪੂਰੀ ਨੀਂਦ ਲੈਣਾ ਆਦਿ। ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਮੀਡੀਆ ਅਤੇ ਵਿਗਿਆਪਨ ਇੰਡਸਟਰੀ ਨੂੰ ਵੀ ਆਪਣੀ ਭੂਮਿਕਾ ਸਮਝਣੀ ਪਵੇਗੀ। ਐਨਰਜੀ ਡਰਿੰਕਸ ਨੂੰ ਰੋਮਾਂਚਕ ਜਾਂ ਕੂਲ ਬਣਾਉਣ ਦੀ ਥਾਂ ਉਨ੍ਹਾਂ ਦੇ ਸਹੀ ਪ੍ਰਭਾਵਾਂ ਨੂੰ ਦਰਸਾਉਣ ਦੀ ਲੋੜ ਹੈ। ਜੇਕਰ ਇਹ ਸਾਰੀਆਂ ਤਾਕਤਾਂ ਇਕੱਠੀਆਂ ਹੋ ਕੇ ਕੰਮ ਕਰਨ ਤਾਂ ਇਹ ਲਹਿਰ ਇੱਕ ਇਨਕਲਾਬੀ ਰੂਪ ਲੈ ਸਕਦੀ ਹੈ, ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਵਧੇਗੀ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਐਨਰਜੀ ਡਰਿੰਕਸ ਇੱਕ ਨਵੇਂ ਰੂਪ ਵਿੱਚ ਨਸ਼ੇ ਦੀ ਸ਼ੁਰੂਆਤ ਹਨ। ਇਹਨਾਂ ਦੇ ਰਾਹੀਂ ਨੌਜਵਾਨੀ ਨੂੰ ਜੋ ਰਸਤਾ ਦਿਖਾਇਆ ਜਾ ਰਿਹਾ ਹੈ, ਉਹ ਆਖਰਕਾਰ ਖਤਰਨਾਕ ਨਸ਼ਿਆਂ ਦੀ ਜਕੜ ਵੱਲ ਲੈ ਜਾਂਦਾ ਹੈ। ਇਸ ਤਰ੍ਹਾਂ ਦੇ ਡਰਿੰਕਸ ਨੂੰ ਸਿਰਫ ਤੰਦਰੁਸਤ ਸਰੀਰ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਲਈ ਵੀ ਖਤਰਾ ਮੰਨਣਾ ਪਵੇਗਾ।

*# ਸੰਪਰਕ : 70098-07121*

# ਮੁੱਖ ਮੰਤਰੀ ਬਣਨ ਲਈ ਕਈ ਕਾਂਗਰਸੀ ਕਾਹਲੇ

ਉਜਾਗਰ ਸਿੰਘ

ਪੰਜਾਬ ਦੇ ਕਾਂਗਰਸੀ ਨੇਤਾ ਹਰਿਆਣਾ ਦੇ ਕਾਂਗਰਸੀ ਨੇਤਾਵਾਂ ਦੀਆਂ ਗ਼ਲਤੀਆਂ ਤੋਂ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹਨ। 2024 ਵਿੱਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੀ ਕੁਰਸੀ ਪਿੱਛੇ ਲੜਦਿਆਂ ਕਾਂਗਰਸੀ ਨੇਤਾਵਾਂ ਨੇ ਜਿੱਤੀ ਹੋਈ ਬਾਜ਼ੀ ਗੁਆ ਲਈ ਸੀ। ਉਸ ਸਮੇਂ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਨ ਦੀ ਪੂਰੀ ਸੰਭਾਵਨਾ ਸੀ। ਇਸ ਸਮੇਂ ਵੀ ਪੰਜਾਬ ਦੇ ਲੋਕ 2027 ਵਿੱਚ ਫਿਰ ਬਦਲਾਓ ਲਿਆਉਣ ਬਾਰੇ ਸੋਚ ਰਹੇ ਹਨ, ਕਿਉਂਕਿ ਆਮ ਆਦਮੀ ਪਾਰਟੀ ਨੇ ਗਰੰਟੀਆਂ ਜ਼ਿਆਦਾ ਕਰ ਲਈਆਂ ਸਨ, ਜਿਨ੍ਹਾਂ ਨੂੰ ਪੰਜਾਬ ਦੀ ਡਾਵਾਂਡੋਲ ਆਰਥਿਕ ਹਾਲਤ ਕਰਕੇ ਪੂਰਾ ਕਰਨਾ ਅਸੰਭਵ ਲੱਗਦਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਜੇ ਲਗਭੱਗ ਦੋ ਸਾਲ ਬਾਕੀ ਹਨ, ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੀ ਕੁਰਸੀ ਲਈ ਪਹਿਲਾਂ ਹੀ ਲਟਾਪੀਂਘ ਹੋਏ ਪਏ ਹਨ। ਕਾਂਗਰਸੀ ਨੇਤਾ ਬਿਨਾਂ ਪਾਣੀ ਤੋਂ ਹੀ ਮੌਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲੀ ਵੀ ਨਹੀਂ, ਪ੍ਰੰਤੂ ਛੇ ਕਾਂਗਰਸੀ ਨੇਤਾ ਪਹਿਲਾਂ ਹੀ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਨੂੰ ਚਿੰਬੜ ਕੇ ਖਿੱਚਣ ਲੱਗੇ ਪਏ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਕੁਰਸੀ ਦੀਆਂ ਟੰਗਾਂ ਆਪੇ ਹੀ ਤੋੜ ਨਾ ਦੇਣ, ਇਹ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਲਈ ਲਾਹੇਵੰਦ ਨਹੀਂ, ਪ੍ਰੰਤੂ ਕਾਂਗਰਸੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਛੇ ਕਾਂਗਰਸੀਆਂ ਦੇ ਨਾਂਅ ਦੱਸਣ ਦੀ ਕੋਈ ਲੋੜ ਨਹੀ, ਕਿਉਂਕਿ ਪੰਜਾਬੀ ਪੜ੍ਹੇ-ਲਿਖੇ ਸੂਝਵਾਨ ਹਨ, ਹਰ ਰੋਜ਼ ਅਖ਼ਬਾਰਾਂ ਪੜ੍ਹਦਿਆਂ ਕਾਂਗਰਸੀਆਂ ਦੇ ਕਾਟੋ-ਕਲੇਸ਼ ਤੋਂ ਵਾਕਫ਼ ਹਨ, ਕਿਵੇਂ ਉਹ ਇੱਕ-ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸੀ ਨੇਤਾਵੋ, ਕਿਤੇ ਇੰਜ ਹੀ ਨਾ ਹੋਵੇ, ਜਿਵੇਂ ਬਿਲੀਆਂ ਦੀ ਲੜਾਈ ਵਿੱਚ ਰੋਟੀ ਵੰਡਾਉਣ ਸਮੇਂ ਬਾਂਦਰੀ ਬਾਜ਼ੀ ਮਾਰ ਗਈ ਸੀ, ਪੰਜਾਬ ਦੀਆਂ ਚੋਣਾਂ ਵਿੱਚ ਕੋਈ ਹੋਰ ਤੀਜੀ ਧਿਰ ਕੁਰਸੀ ਖੋਹ ਲਵੇ, ਵਿਰੋਧੀ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ।

ਕਾਂਗਰਸੀ ਨੇਤਾ ਅਕਾਲੀ ਧੜਿਆਂ ਦੀ ਲੜਾਈ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੇ ਪੱਲੇ ਕੁਝ ਨਹੀਂ ਪ੍ਰੰਤੂ ਇਤਿਹਾਸ ਗਵਾਹ ਹੈ ਕਿ ਭਾਵੇਂ ਕਿੰਨੇ ਹੀ ਅਕਾਲੀ ਦਲ ਦੇ ਧੜੇ ਚੋਣ ਲੜਨ, ਪ੍ਰੰਤੂ ਪੰਜਾਬੀਆਂ ਨੇ ਹਮੇਸ਼ਾ ਅਕਾਲੀ ਦਲ ਦੇ ਇੱਕੋ ਧੜੇ ਸਾਥ ਦਿੱਤਾ ਹੈ, ਇਹ ਵੀ ਜ਼ਰੂਰੀ ਨਹੀਂ ਉਸ ਧੜੇ ਨੂੰ ਸਿਆਸੀ ਤਾਕਤ ਦੇਣ, ਕਿਸੇ ਹੋਰ ਨਵੇਂ ਧੜੇ ਦਾ ਨੂੰ ਵੀ ਸਿਆਸੀ ਤਾਕਤ ਦੇ ਦੇਣ, ਜਿਵੇਂ 1985 ਵਿੱਚ ਸੁਰਜੀਤ ਸਿੰਘ ਬਰਨਾਲਾ ਪਰਕਾਸ਼ ਸਿੰਘ ਬਾਦਲ ਨੂੰ ਠਿੱਬੀ ਲਾ ਗਿਆ ਸੀ। ਇੱਕ ਵਾਰ ਮਾਨ ਅਕਾਲੀ ਦਲ ਨੂੰ ਨੌਂ ਲੋਕ ਸਭਾ ਦੀਆਂ ਸੀਟਾਂ ਜਿਤਾ ਦਿੱਤੀਆਂ ਸਨ। ਪਿਛਲੀਆਂ ਮਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਜਿਤਾ ਕੇ ਵੋਟਰਾਂ ਨੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਸੀ। ਆਮ ਆਦਮੀ ਪਾਰਟੀ ਨੂੰ 2022 ਦੀਆਂ ਵਿਧਾਨ ਸਭਾ ਵਿੱਚ ਜਿੱਤਾਕੇ ਸਥਾਪਤ ਪਾਰਟੀਆਂ ਗੁੱਠੇ ਲਾ ਦਿੱਤਾ ਸੀ।

ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿੱਚ ਖੰਭ ਖਿਲਾਰ ਰਹੀ ਹੈ, ਜਿਹੜੀ ਹੁਣ ਤੱਕ ਸ਼ਹਿਰਾਂ ਦੀਆਂ 23 ਵਿਧਾਨ ਸਭਾ ਸੀਟਾਂ ਤੱਕ ਸੀਮਤ ਸੀ, ਹੁਣ ਉਹ ਪਿੰਡਾਂ ਵਿੱਚ ਆਪਣੀਆਂ ਯੂਨਿਟਾਂ ਬਣਾ ਕੇ ਆਪਣੇ ਪੈਰ ਪਸਾਰ ਚੁੱਕੀ ਹੈ। ਇੱਥੋਂ ਤੱਕ ਕਈ ਜ਼ਿਲ੍ਹਿਆਂ ਦੇ ਪ੍ਰਧਾਨ ਜੱਟ ਸਿੱਖ ਬਣਾ ਕੇ ਦਿਹਾਤੀ ਵੋਟਾਂ ਨੂੰ ਖ਼ੋਰਾ ਲਾ ਰਹੀ ਹੈ। ਪੰਜਾਬ ਦੇ ਇੱਕ ਨੌਜਵਾਨ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਕੇਂਦਰ ਵਿੱਚ ਮੰਤਰੀ ਬਣਾ ਕੇ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾ ਲਿਆ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਤਿੰਨ ਲੋਕ ਸਭਾ ਸੀਟਾਂ ਲੁਧਿਆਣਾ, ਗੁਰਦਾਸਪੁਰ ਅਤੇ ਜਲੰਧਰ ਵਿੱਚ ਦੂਜੇ ਨੰਬਰ 'ਤੇ ਰਹੀ, ਛੇ ਸੀਟਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਪਟਿਆਲਾ ਵਿੱਚ ਤੀਜੇ ਨੰਬਰ 'ਤੇ ਰਹੀ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚੋਂ ਵੋਟ ਸ਼ੇਅਰ ਵਧ ਗਿਆ। ਬਠਿੰਡਾ ਉਮੀਦਵਾਰ ਚੌਥੇ ਨੰਬਰ 'ਤੇ ਰਿਹਾ। ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18.56 ਫ਼ੀਸਦੀ ਰਹੀ, ਜੋ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਹੈ। ਹਾਲਾਂ ਕਿ ਉਨ੍ਹਾਂ 1996 ਤੋਂ ਬਾਅਦ ਪਹਿਲੀ ਵਾਰ ਇਕੱਲਿਆਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ 46 ਉਮੀਦਵਾਰਾਂ ਨੇ 20-20 ਹਜ਼ਾਰ ਵੋਟਾਂ ਲਈਆਂ ਹਨ। ਇਸ ਲਈ ਭਾਰਤੀ ਜਨਤਾ ਪਾਰਟੀ ਬਾਰੇ ਕਾਂਗਰਸ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ, ਉਹ ਵੀ ਦਾਅ ਮਾਰ ਸਕਦੇ ਹਨ। ਲੁਧਿਆਣਾ ਪੱਛਮੀ ਵਿਧਾਨ ਸਭਾ ਦੀ ਉਪ ਚੋਣ ਕਿਸੇ ਮੌਕੇ ਵੀ ਹੋ ਸਕਦੀ ਹੈ। ਇਹ ਚੋਣ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਈ ਵਕਾਰ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਤੋਂ ਬਿਨਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਕਾਂਗਰਸ ਦਾ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਐਕਟਿੰਗ ਪ੍ਰਧਾਨ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਹੈ, ਜਿਹੜਾ ਸਥਾਨਕ ਪ੍ਰਭਾਵਸ਼ਾਲੀ ਨੇਤਾ ਹੈ, ਪ੍ਰੰਤੂ ਉਸ ਦੇ ਉਮੀਦਵਾਰ ਬਣਦਿਆਂ ਹੀ ਆਪਸੀ ਫੁੱਟ ਦੀਆਂ ਖ਼ਬਰਾਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਗਈਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਭਾਰਤ ਭੂਸ਼ਨ ਆਸ਼ੂ ਦੇ ਆਪਸੀ ਮਤਭੇਦਾਂ ਦੀਆਂ ਖ਼ਬਰਾਂ ਲੋਕ ਸਭਾ ਚੋਣਾਂ ਮੌਕੇ ਵੀ ਪੜ੍ਹਨ ਨੂੰ



ਮਿਲਦੀਆਂ ਰਹੀਆਂ ਹਨ। ਭਾਰਤ ਭੂਸ਼ਨ ਆਸ਼ੂ ਨੂੰ ਕੇਂਦਰੀ ਕਾਂਗਰਸ ਦੇ ਵੱਡੇ ਨੇਤਾ ਦਾ ਅਸ਼ੀਰਵਾਦ ਪ੍ਰਾਪਤ ਹੈ। ਕਾਂਗਰਸ ਪਾਰਟੀ ਪ੍ਰਧਾਨ ਦੇ ਨਾਲ ਐਕਟਿੰਗ ਪ੍ਰਧਾਨ ਬਣਾ ਕੇ ਦੋ ਸਿਆਸੀ ਧੁਰੇ ਬਣਾ ਦਿੱਤੇ ਹਨ। ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦਾ ਹਮੇਸ਼ਾ ਹੀ ਸੇਹ ਦਾ ਤੱਕਲਾ ਗੱਡਿਆ ਰਹਿੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੌਕੇ ਵੀ ਨਵਜੋਤ ਸਿੰਘ ਸਿੱਧੂ ਨੂੰ ਬਰਾਬਰ ਦੀ ਧਿਰ ਬਣਾ ਕੇ ਧੜੇਬੰਦੀ ਸਰਬ ਹਿੰਦ ਕਾਂਗਰਸ ਕਮੇਟੀ ਨੇ ਆਪ ਪੈਦਾ ਕੀਤੀ ਸੀ, ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਲੁਧਿਆਣਾ ਦਾ ਅਜੇ ਚੋਣ ਦੰਗਲ ਸ਼ੁਰੂ ਨਹੀਂ ਹੋਇਆ, ਪਾਰਟੀ ਦੀ ਫੁੱਟ ਦੀਆਂ ਖ਼ਬਰਾਂ ਫਿਰ ਅਖਬਾਰਾਂ ਵਿੱਚ ਲਗਾਤਾਰ ਆ ਰਹੀਆਂ ਹਨ। ਦੂਜੇ ਪਾਸੇ ਕਪੂਰਥਲਾ ਜ਼ਿਲ੍ਹੇ ਦੀ ਸਿਆਸਤ ਦਾ ਦੰਗਲ ਆਪਸੀ ਧੜੇਬੰਦੀ ਕਰਕੇ ਸ਼ੁਰੂ ਹੋ ਚੁੱਕਾ ਹੈ। ਇੱਕੋ ਦਿਨ ਇੱਕੋ ਹਲਕੇ ਵਿੱਚ ਦੋ ਜਲਸੇ ਹੁੰਦੇ ਹਨ। ਇੱਕ ਜਲਸੇ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਮੁਖੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੰਬੋਧਨ ਕਰਦੇ ਹਨ, ਜਿਹੜਾ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਨੇ ਆਯੋਜਿਤ ਕੀਤਾ ਸੀ। ਦੂਜਾ ਜਲਸਾ ਕਪੂਰਥਲੇ ਤੋਂ ਕਾਂਗਰਸੀ ਵਿਧਾਨਕਾਰ ਤੇ ਸਾਬਕਾ ਮੰਤਰੀ ਦੇ ਸਪੁੱਤਰ ਆਜ਼ਾਦ ਵਿਧਾਨਕਾਰ ਨੇ ਜਲਸਾ ਕੀਤਾ ਹੈ। ਭੁਲੱਥ ਤੋਂ ਵਿਧਾਨਕਾਰ ਤੇ ਕਪੂਰਥਲਾ ਹਲਕੇ ਦੇ ਵਿਧਾਨਕਾਰ ਦਾ ਛੱਤੀ ਦਾ ਅੰਕੜਾ ਪੰਜਾਬੀਆਂ ਨੂੰ ਪਤਾ ਹੀ ਹੈ। ਗੁਰਦਾਸਪੁਰ ਵਿੱਚ ਕਾਂਗਰਸ ਦੇ ਤਿੰਨ ਧੜੇ ਹਨ। ਇਸੇ ਤਰ੍ਹਾਂ ਰੋਪੜ, ਪਟਿਆਲਾ, ਫਰੀਦਕੋਟ ਦੀ ਪਾਟੋਧਾੜ ਜੱਗ-ਜ਼ਾਹਰ ਹੈ। ਜੇਕਰ ਕੇਂਦਰੀ ਕਾਂਗਰਸ ਨੇ ਨੇਤਾਵਾਂ ਦੀ ਧੜੇਬੰਦੀ ਖ਼ਤਮ ਕਰਨ ਲਈ ਕੋਈ ਸਾਰਥਿਕ ਕਦਮ ਨਾ ਚੁੱਕਿਆ ਤਾਂ ਕਾਂਗਰਸ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੀ ਜ਼ਿੰਮੇਵਾਰ ਸਰਬ ਭਾਰਤੀ ਕਾਂਗਰਸ ਹੈ, ਕਿਉਂਕਿ ਉਹ ਇਨ੍ਹਾਂ ਦੀ ਧੜੇਬੰਦੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਦੇ ਕੇਂਦਰੀ ਨੇਤਾ ਇਨ੍ਹਾਂ ਧੜਿਆਂ ਦੀ ਪੁਸ਼ਤਪਨਾਹੀ ਕਰ ਰਹੇ ਹਨ, ਤਾਂ ਜੋ ਇਹ ਨੇਤਾ ਉਨ੍ਹਾਂ ਦੀ ਖਿਦਮਤ ਵਿੱਚ ਹਾਜ਼ਰੀ ਭਰਦੇ ਰਹਿਣ। ਕਾਂਗਰਸ ਦਾ ਮਾੜਾ ਹਾਲ ਵੀ ਕੇਂਦਰੀ ਕਾਂਗਰਸ ਦੇ ਨੇਤਾਵਾਂ ਦੀਆਂ ਗ਼ਲਤੀਆਂ ਦਾ ਨਤੀਜਾ ਹੈ। ਪੰਜਾਬ ਦੇ ਲੋਕ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਹਨ। ਓਧਰ ਕਾਂਗਰਸ ਹਾਈ ਕਮਾਂਡ ਗਹਿਰੀ ਨੀਂਦ ਸੁੱਤੀ ਪਈ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹਾਈ ਕਮਾਂਡ ਕਾਂਗਰਸੀਆਂ ਦੀ ਜ਼ੋਰ-ਅਜਮਾਈ ਨੂੰ ਵੇਖ ਰਹੀ ਹੈ। ਕਾਂਗਰਸ ਹਾਈ ਕਮਾਂਡ ਨੂੰ ਪੰਜਾਬ ਦੇ ਕਾਂਗਰਸੀਆਂ ਦੀ ਧੜੇਬੰਦੀ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਦੇਰੀ ਕਰਨ ਨਾਲ ਬਾਜ਼ੀ ਹੀ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵੇ। ਕਾਂਗਰਸ ਹਾਈ ਕਮਾਂਡ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਦੀ ਹੈ। ਭਾਵ ਫਾਈਲ ਬਹੁਤ ਧੀਮੀ ਸਪੀਡ ਨਾਲ ਚਲਦੀ ਹੈ।

*# ਸੰਪਰਕ : 94178-13072*

14-APR-PAGE-5.qxd 4/13/2025 8:25 PM Page 1



# ਦਲਿਤਾਂ ਦੇ ਹੱਕਾਂ ਤੇ ਭਲਾਈ ਲਈ ਮਿਲ ਕੇ ਯਤਨ ਕਰਾਂਗੇ : ਕਿਰਨਜੀਤ ਗਹਿਰੀ

## ਸੰਯੁਕਤ ਦਲਿਤ ਮੋਰਚਾ ਵੱਲੋਂ ਮੋਗਾ 'ਚ ਵਿਸ਼ਾਲ ਕਨਵੈਨਸ਼ਨ



ਮੋਗਾ (ਇਕਬਾਲ ਸਿੰਘ ਖਹਿਰਾ)-ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਸੰਯੁਕਤ ਦਲਿਤ ਮੋਰਚਾ ਵੱਲੋਂ ਖਾਲਸਾ ਪੰਥ ਦੇ ਜਨਮ ਦਿਹਾੜੇ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਤ 'ਦਲਿਤ ਮਸਲਿਆਂ ਨੂੰ ਵਿਚਾਰਨ ਹਿੱਤ' ਵੱਖ ਵੱਖ ਜਥੇਬੰਦੀਆਂ ਨੇ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਵਿਸ਼ਾਲ ਦਲਿਤ ਕਨਵੈਨਸ਼ਨ ਦਾ ਆਯੋਜਨ ਕੀਤਾ, ਜਿਸ ਵਿੱਚ ਪੰਜਾਬ ਭਰ ਤੋਂ ਨੁਮਾਇੰਦੇ ਸ਼ਾਮਲ ਹੋਏ।ਮੰਚ 'ਤੇ ਕੋਰ ਕਮੇਟੀ ਵਿੱਚ ਸ਼ਾਮਲ ਮੈਂਬਰ ਕਿਰਨਜੀਤ ਸਿੰਘ ਗਹਿਰੀ ਚੇਅਰਮੈਨ ਗੈਰ ਸੰਗਠਿਤ ਮਜ਼ਦੂਰ ਤੇ ਮੁਲਾਜ਼ਮ ਕਾਂਗਰਸ ਕੇ ਕੇ ਸੀ ਵਿਭਾਗ ਪੰਜਾਬ, ਬਲਦੇਵ ਸਿੰਘ ਕਲਿਆਣ ਸਾਬਕਾ ਵਿਧਾਇਕ ਸੀਨੀਅਰ ਆਗੂ ਹਾਸ਼ੀਆ ਲੋਕ ਦਲ, ਸੁਖਮੰਦਰ ਸਿੰਘ ਗੱਜਣਵਾਲਾ ਆਲ ਆਲ ਇੰਡੀਆ ਮਜ਼ਬੀ ਸਿੱਖ ਵੈੱਲਫੇਅਰ ਐਸੋਸੀਏਸ਼ਨ, ਡਾ. ਕਸ਼ਮੀਰ ਸਿੰਘ ਖੁੰਡਾ ਪ੍ਰਧਾਨ ਮਜ਼ਬੀ ਸਿੱਖ ਤੇ ਵਾਲਮੀਕ 12.5% ਰਾਖਵਾਂਕਰਨ ਬਚਾਓ ਮੋਰਚਾ, ਭਗਵੰਤ ਸਿੰਘ ਸਮਾਓਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ, ਜਗਤਾਰ ਸਿੰਘ ਮੱਖੂ ਚੇਅਰਮੈਨ ਵਾਲਮੀਕ ਤੇ ਮਜ਼ਬੀ ਸਿੱਖ ਮਹਾਸਭਾ, ਚਰਨ ਸਿੰਘ ਮੱਟੂ ਚੇਅਰਮੈਨ ਬਾਬਾ ਜੀਵਨ ਸਿੰਘ ਨਿਸ਼ਕਾਮ ਸੇਵਾ ਸੁਸਾਇਟੀ ਤੇ ਪ੍ਰਗਟ ਸਿੰਘ ਰਾਜੇਆਣਾ ਮਜ਼ਬੀ ਸਿੱਖ ਵਾਲਮੀਕ ਭਲਾਈ ਮੰਚ ਪੰਜਾਬ ਨੂੰ ਸ਼ਾਮਲ ਕੀਤਾ ਗਿਆ।ਮੰਚ ਦਾ ਸੰਚਾਲਨ ਸ੍ਰ. ਬੇਅੰਤ ਸਿੰਘ ਸਿੱਧੂ ਕੋਟਕਪੂਰਾ, ਰਜਿੰਦਰ ਸਿੰਘ ਰਿਆੜ ਤੇ ਹਰਵਿੰਦਰ ਸਿੰਘ ਸੇਮਾ ਨੇ ਸਾਂਝੇ ਤੌਰ 'ਤੇ ਕੀਤਾ।

ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਵੀ ਦਲਿਤਾਂ 'ਤੇ ਕੋਈ ਵਧੀਕੀ ਜਾਂ ਅਨਿਆਂ ਹੋਵੇਗਾ, ਸੰਯੁਕਤ ਦਲਿਤ ਮੋਰਚੇ ਦੇ ਨੁਮਾਇੰਦੇ ਸਹਾਇਤਾ ਲਈ ਪੁੱਜਣਗੇ।ਉਨ੍ਹਾਂ ਕਿਹਾ ਕਿ ਦਲਿਤਾਂ ਦੇ ਮਕਾਨ ਲਾਲ ਲਕੀਰ ਦੇ ਅੰਦਰ ਹੋਣ ਕਰਕੇ ਕੋਈ ਕਰਜ਼ਾ ਨਹੀਂ ਲੈ ਸਕਦੇ ਸਨ, ਇਹ ਮਸਲਾ ਪਿਛਲੇ ਲੰਬੇ ਸਮੇਂ ਦੇ ਸੰਘਰਸ਼ ਤੋਂ ਬਾਅਦ ਹੱਲ ਹੋਇਆ ਤੇ ਬਹੁਤ ਸਾਰੇ ਮਕਾਨ ਮਾਲਕਾਂ ਨੂੰ ਆਪਣੇ ਹੱਕ ਮਿਲ ਗਏ ਹਨ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਾਕੀ ਕੰਮ ਜਲਦੀ ਮੁਕੰਮਲ ਕੀਤਾ ਜਾਵੇ।ਉਨ੍ਹਾ ਕਿਹਾ ਦਲਿਤਾਂ ਨੂੰ ਇਕੱਤਰ ਕਰਨ ਲਈ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਤੇ ਸੰਗਠਨ ਬਣੇ, ਪਰ ਆਗੂਆਂ ਨੇ ਆਪਣੇ ਮੰਤਵ ਲਈ ਵਰਤਿਆ।ਉਨ੍ਹਾਂ ਕਿਹਾ ਕਿ ਸੰਯੁਕਤ ਦਲਿਤ ਮੋਰਚੇ ਦੇ ਮੈਂਬਰ ਇਕੱਠੇ ਹੋ ਕੇ ਦਲਿਤਾਂ ਦੇ ਹੱਕ ਪ੍ਰਾਪਤ ਕਰਨ ਤੇ ਭਲਾਈ ਲਈ ਯਤਨ ਕਰਨਗੇ।ਸਮੂਹ ਬੁਲਾਰਿਆਂ ਨੇ ਵਿਸ਼ਵਾਸ ਦੁਆਇਆ ਕਿ ਉਹ ਦਲਿਤਾਂ ਨੂੰ ਇਕੱਠੇ ਕਰਨ ਤੇ ਭਲਾਈ ਲਈ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਮਾਝੇ ਵਿੱਚ ਹੋਣ ਤਿਆਰੀ ਕਨਵੈਨਸ਼ਨ ਲਈ ਦਲਿਤ ਕਨਵੈਨਸ਼ਨ ਤੇ ਸਤੰਬਰ ਮਹੀਨੇ ਵਿੱਚ ਹੋਣ ਵਾਲੀ ਦਲਿਤ ਮਹਾਂ ਪੰਚਾਇਤ ਨੂੰ ਕਾਮਯਾਬ ਕਰਨ ਲਈ ਹਰੇਕ ਜ਼ਿਲ੍ਹੇ 'ਚ ਜ਼ਿਲ੍ਹਾ ਪੱਧਰੀ ਤਿਆਰੀ ਮੀਟਿੰਗਾਂ ਕੀਤੀਆਂ ਜਾਣਗੀਆਂ।

ਵਿਸ਼ਾਲ ਦਲਿਤ ਕਨਵੈਨਸ਼ਨ ਵੱਲੋਂ ਮਤਿਆਂ ਨੂੰ ਪਾਸ ਕੀਤਾ ਗਿਆ।ਪਹਿਲਾ ਦਲਿਤਾਂ ਵਿਰੁੱਧ ਹੁੰਦੇ ਅੱਤਿਆਚਾਰਾਂ ਨੂੰ ਰੋਕਣਾ।ਦੂਜਾ ਜਾਤੀ ਅਧਾਰਤ ਗਿਣਤੀ ਕਰਵਾ ਕੇ ਅਨੁਸੂਚਿਤ ਜਾਤੀਆਂ ਨੂੰ ਹਰੇਕ ਸਾਧਨ ਸੰਸਾਧਨ 'ਚ ਬਰਾਬਰ ਵੰਡ ਕੀਤੀ ਜਾਵੇ, ਤੀਜਾ ਯੂ ਐੱਸ ਏ ਵਿੱਚ ਬੈਠੇ ਗੁਰਪਤਵੰਤ ਪੰਨੂ ਵਿਰੁੱਧ ਭਾਰਤ ਸਰਕਾਰ ਵੱਲੋਂ ਅਮਰੀਕਾ ਸਰਕਾਰ ਨਾਲ ਗੱਲ ਕਰਕੇ ਉਸ ਤੇ ਹਰੇਕ ਤਰ੍ਹਾਂ ਦੀ ਪਾਬੰਦੀ ਲਗਾਈ ਜਾਵੇ ਤੇ ਸੰਬੰਧਤ ਸਰਕਾਰਾਂ ਉਸ ਤੇ ਪਰਚੇ ਦਰਜ ਕਰਕੇ ਉਸ ਨੂੰ ਵਿਵਾਦਤ ਬਿਆਨਾਂ ਕਾਰਨ ਭੜਕਾਊ ਪ੍ਰਚਾਰ ਕਾਰਨ ਕਾਨੂੰਨੀ ਸਜ਼ਾਵਾਂ ਦੇਣ ਕਿਉਂਕਿ ਉਹ ਦਲਿਤ ਸਿੱਖਾਂ (ਅਨੁਸੂਚਿਤ ਜਾਤੀ) ਤੇ ਕੁਝ ਕੁ ਅਖੌਤੀ ਉੱਚ ਜਾਤੀ ਦੇ ਸਿੱਖਾਂ ਨੂੰ ਆਪਸ ਵਿੱਚ ਇੱਕ ਦੂਸਰੇ ਵਿਰੁੱਧ ਖੜੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਸਦੀਆਂ ਤੋਂ ਸਿਧਾਂਤਕ ਜਾਤੀ ਭੇਦ ਤੋਂ ਰਹਿਤ ਸਿੱਖਾਂ ਨੂੰ ਆਪਸ ਵਿੱਚ ਵੰਡ ਕੇ ਲੜਾਉਣ ਦੀ ਕੋਸ਼ਿਸ਼ ਕਰ ਰਿਹਾ।ਐੱਸ. ਡੀ. ਐੱਮ. ਬਾਬਾ ਸਾਹਿਬ ਅੰਬੇਡਕਰ ਦਾ ਸਨਮਾਨ ਕਰਦਾ ਹੈ ਤੇ ਉਨ੍ਹਾਂ ਦੁਆਰਾ ਰਚਿਤ ਸੰਵਿਧਾਨ ਵਿੱਚ ਪੂਰਨ ਵਿਸ਼ਵਾਸ ਰੱਖਦਾ ਹੈ।ਚੌਥਾ ਯੁੱਧ ਨਸ਼ਿਆਂ ਵਿਰੁੱਧ ਲਈ ਸਰਕਾਰ ਦਾ ਸੰਯੁਕਤ ਦਲਿਤ ਮੋਰਚਾ ਧੰਨਵਾਦ ਕਰਦਾ ਹੈ, ਪਰ ਇਸ ਆੜ 'ਚ ਸਿਰਫ ਦਲਿਤਾਂ ਤੇ ਗਰੀਬਾਂ ਦੇ ਘਰਾਂ 'ਤੇ ਬਲਡੋਜ਼ਰ ਚਲਾਏ ਜਾਣ ਦਾ ਮੋਰਚਾ ਸਖਤ ਵਿਰੋਧ ਕਰਦਾ ਹੈ।ਪੰਜਵਾਂ ਲੈਂਡ ਸੀਲਿੰਗ ਐਕਟ ਨੂੰ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਲੋਕਾਂ 'ਚ ਵੰਡੀਆਂ ਜਾਣ।ਛੇਵਾਂ ਈ. ਐੱਸ. ਆਈ. ਤੇ ਈ.ਪੀ.ਐੱਫ. ਮਜ਼ਦੂਰਾਂ ਦੀ ਘੱਟੋ ਘੱਟ ਆਮਦਨ ਹੱਦ 50 ਹਜ਼ਾਰ ਰੁਪਏ ਰੱਖੀ ਜਾਵੇ।ਸੱਤਵਾਂ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਤੁਰੰਤ 800 ਰੁਪਏ ਕਰਕੇ ਅੱਗੇ ਤੋਂ ਮਹਿੰਗਾਈ ਸੂਚਕ ਅੰਕ ਨਾਲ ਜੋੜਿਆ ਜਾਵੇ ਤੇ ਸਾਲ ਵਿੱਚ ਕੰਮ ਦੇ ਦਿਨਾਂ ਦੀ ਗਿਣਤੀ ਵਧਾ ਕੇ ਘੱਟੋ ਘੱਟ 200 ਕੀਤੀ ਜਾਵੇ।

ਅੱਠਵਾਂ ਅਨੁਸੂਚਿਤ ਜਾਤੀਆਂ ਲਈ ਗਰੀਬੀ ਰੇਖਾ ਲਈ ਰੱਖੀ ਗਈ ਸਾਲਾਨਾ ਢਾਈ ਲੱਖ ਦੀ ਆਮਦਨੀ ਦੀ ਹੱਦ, ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਜਨਰਲ ਜਾਤੀਆਂ) ਦੇ ਬਰਾਬਰ 10 ਲੱਖ ਕੀਤੀ ਜਾਵੇ।ਨੌਵਾਂ ਹਰੇਕ ਸਰਕਾਰੀ ਸਕੂਲ ਨੂੰ ਸਕੂਲ ਆਫ ਐਮੀਨੈਂਸ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ। ਦਸਵਾਂ ਲਾਲ ਲਕੀਰ ਦੇ ਅੰਦਰ ਤੇ ਸਰਕਾਰੀ ਜ਼ਮੀਨ ਉੱਪਰ ਰਹਿ ਰਹੇ ਪਰਵਾਰਾਂ ਤੇ ਐੱਸ ਸੀ ਸੋਸਾਇਟੀ ਦੀਆਂ ਜ਼ਮੀਨਾਂ ਦਾ ਮਾਲਕਾਨਾ ਹੱਕ ਦਿੱਤੇ ਜਾਣ।ਗਿਆਰਵਾਂ ਵੱਖ ਵੱਖ ਸਰਕਾਰੀ ਅਦਾਰਿਆਂ 'ਚ ਕੱਚੇ ਮੁਲਾਜ਼ਮਾਂ ਤੇ ਸਕੀਮਾਂ ਤਹਿਤ ਕੰਮ ਕਰਦੇ ਵਰਕਰਾਂ ਨੂੰ ਪੱਕਿਆਂ ਕੀਤਾ ਜਾਵੇ।ਕਨਵੈਨਸ਼ਨ ਨੂੰ ਸਰਵ ਡਾ. ਕਸ਼ਮੀਰ ਸਿੰਘ ਖੁੰਡਾ, ਕਿਰਨਜੀਤ ਸਿੰਘ ਗਹਿਰੀ, ਭਗਵੰਤ ਸਿੰਘ ਸਮਾਓਂ, ਚਰਨ ਸਿੰਘ ਮੱਟੂ, ਜਗਤਾਰ ਸਿੰਘ ਮੱਖੂ, ਪ੍ਰਗਟ ਸਿੰਘ ਰਾਜੇਆਣਾ, ਦਲਬੀਰ ਸਿੰਘ ਬੱਲ, ਪਰਮਿੰਦਰ ਸਿੰਘ ਡਿੰਪਾ, ਅਰਸ਼ ਉਮਰੀਆਣਾ ਆਦਿ ਨੇ ਸੰਬੋਧਨ ਕੀਤਾ।ਇਸ ਸਮੇਂ ਕਰਨ ਧਾਲੀਵਾਲ ਐਡਵੋਕੇਟ, ਕਮਲਜੀਤ ਸਿੰਘ ਗਿੱਲ, ਮੰਗਲ ਸਿੰਘ ਸਰਪੰਚ, ਅਵਤਾਰ ਸਿੰਘ, ਗੁਰਚਰਨ ਸਿੰਘ ਮੌੜ, ਸਤਿਨਾਮ ਸਿੰਘ, ਬਲਦੇਵ ਸਿੰਘ ਪੰਚ, ਮੋਦਨ ਸਿੰਘ ਪੰਚ, ਜਸਵਿੰਦਰ ਸਿੰਘ ਘਾਰੂ, ਜਸਵੀਰ ਸਿੰਘ ਗੋਬਿੰਦਪੁਰਾ, ਅਜੈਬ ਸਿੰਘ, ਬਲਜੀਤ ਸਿੰਘ, ਵਾਰਿਆਮ ਸਿੰਘ, ਗੁਰਿੰਦਰ ਸਿੰਘ, ਬਿਕਰਮ ਸਿੰਘ, ਦਵਿੰਦਰ ਸਿੰਘ, ਮਿੱਤਰ ਸਿੰਘ, ਗੁਰਪ੍ਰੀਤ ਸਿੰਘ, ਵਿਜੇ ਸਿੰਘ, ਸੋਨ ਸਿੰਘ, ਧਰਮਿੰਦਰ ਸਿੰਘ, ਵਿਸ਼ਾਲ ਸਿੰਘ, ਬੋਵੀ, ਸੰਤਾ ਸਿੰਘ, ਜੋਗਾ ਸਿੰਘ, ਹਰਤੇਜ ਸਿੰਘ, ਗੁਰਧਿਆਨ ਸਿੰਘ, ਅਮਰਿੰਦਰ ਸਿੰਘ, ਤਲਵਿੰਦਰ ਸਿੰਘ, ਡਾਕਟਰ ਕਰਮਜੀਤ ਸਿੰਘ, ਜੁਗਰਾਜ ਸਿੰਘ, ਹੁਸ਼ਿਆਰ ਸਿੰਘ, ਰਵਿੰਦਰ ਸਿੰਘ, ਰੇਸ਼ਮ ਸਿੰਘ, ਮੰਗਤ ਸਿੰਘ, ਮੁੱਖਾ ਸਿੰਘ ਤੋਂ ਇਲਾਵਾ ਸੈਂਕੜੇ ਸਾਥੀ ਹਾਜ਼ਰ ਸਨ।

# ਭਰਾਤਰੀ ਜਥੇਬੰਦੀਆਂ ਵੱਲੋਂ ਪੱਤਰਕਾਰ ਗਗਨ ਸਿੱਧੂ 'ਤੇ ਪਰਚਾ ਦਰਜ ਕਰਨ ਦੀ ਨਿੰਦਾ





ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਵੱਖ ਵੱਖ ਭਰਾਤਰੀ ਜਥੇਬੰਦੀਆਂ ਵੱਲੋਂ ਪੱਤਰਕਾਰ ਗਗਨ ਸਿੱਧੂ 'ਤੇ ਕੀਤੇ ਗਏ ਪਰਚੇ ਦੀ ਨਿਖੇਧੀ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਵੱਲੋਂ ਫਰੀਦਕੋਟ ਵਿਖੇ ਧਰਨਾ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਸੀ, ਪਰ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਨੇ ਐੱਸ ਪੀ ਵੱਲੋਂ ਤਫਤੀਸ਼ ਕਰਕੇ ਜਲਦੀ ਪਰਚਾ ਰੱਦ ਕਰਨ ਦਾ ਭਰੋਸਾ ਦਿੱਤਾ ਹੈ, ਜਿਸ 'ਤੇ ਐੱਸ ਪੀ ਫਰੀਦਕੋਟ ਦੇ ਭਰੋਸੇ 'ਤੇ ਅੱਜ ਦਾ ਧਰਨਾ ਪ੍ਰਦਰਸ਼ਨ ਰੱਦ ਕੀਤਾ ਤੇ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਜਰਨਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਵੱਲੋਂ ਪੱਤਰਕਾਰ ਗਗਨ ਸਿੱਧੂ 'ਤੇ ਕਰਵਾਏ ਪਰਚੇ ਦੀ ਨਿਖੇਧੀ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਕਿਸਾਨ ਆਗੂ ਹੋਣ 'ਤੇ ਪੱਤਰਕਾਰ ਗਗਨ ਸਿੱਧੂ ਨੇ ਇੱਕ ਲੜਕੀ ਹੋਣ ਦੇ ਬਾਵਜੂਦ ਚੰਦਭਾਨ ਮਾਮਲੇ ਨੂੰ ਨਿਰਪੱਖ ਹੋ ਕੇ ਸਾਰਾ ਮੁੱਦਾ ਲੋਕਾਂ ਸਾਹਮਣੇ ਲਿਆਂਦਾ ਹੈ। ਇਸ ਦੌਰਾਨ ਗਮਦੂਰ ਸਿੰਘ ਕਾਲਾ ਦੀਪ ਸਿੰਘ ਵਾਲਾ ਵੱਲੋਂ ਪੱਤਰਕਾਰ ਗਗਨ ਸਿੱਧੂ ਦੇ ਚੈਨਲ 'ਤੇ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦੇ ਖਿਲਾਫ ਕਾਫੀ ਤੱਥ ਰੱਖੇ ਅਤੇ ਇੱਕ ਪੈਸੇ ਦੇ ਲੈਣ ਦੇਣ ਦੀ ਆਡੀਓ ਵੀ ਗਗਨ ਸਿੱਧੂ ਨੂੰ ਦਿੱਤੀ, ਜਿਸ ਨੂੰ ਚੈਨਲ 'ਤੇ ਚਲਾਇਆ ਗਿਆ, ਜਿਸ ਵਿੱਚ ਸਾਫ ਕਲੀਅਰ ਹੁੰਦਾ ਹੈ ਕਿ ਅਵਾਜ਼ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਨੌ ਨਿਹਾਲ ਸਿੰਘ ਦੀ ਹੈ, ਪਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਵੱਲੋਂ ਦਰਖ਼ਾਸਤ ਗਗਨ ਸਿੱਧੂ ਤੇ ਗਮਦੂਰ ਸਿੰਘ ਚੰਦਭਾਨ 'ਤੇ ਦਿੱਤੀ ਗਈ ਅਤੇ ਪਰਚਾ ਕਰਵਾਇਆ, ਜੋ ਸਰਾਸਰ ਗ਼ਲਤ ਹੈ। ਗਮਦੂਰ ਸਿੰਘ ਚੰਦਭਾਨ ਨੂੰ ਸਾਜ਼ਿਸ਼ ਤਹਿਤ ਇਸ ਪਰਚੇ ਵਿਚ ਪਾਉਣ ਦਾ ਸਿੱਧਾ ਮਤਲਬ ਉਸ ਨੂੰ ਬਲੈਕਮੇਲ ਕਰਨਾ ਹੈ, ਜਿਸ ਦੀ ਭਰਾਤਰੀ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਗਈ ਅਤੇ ਇਸ ਪਰਚੇ ਨੂੰ ਜਲਦ ਰੱਦ ਕਰਨ ਦੀ ਮੰਗ ਰੱਖੀ। ਜੇਕਰ ਆਉਣ ਵਾਲੇ ਦਿਨਾਂ ਵਿਚ ਇਹ ਪਰਚਾ ਖਾਰਜ ਨਹੀਂ ਕੀਤਾ ਜਾਂਦਾ ਤਾਂ ਜਥੇਬੰਦੀਆਂ ਵੱਲੋਂ ਕੀਤੇ ਸੰਘਰਸ਼ ਦਾ ਜ਼ਿੰਮੇਵਾਰ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਫਰੀਦਕੋਟ ਦੇ ਐੱਸ ਪੀ ਮਨਵਿੰਦਰ ਵੀਰ ਸਿੰਘ ਮੌਕੇ 'ਤੇ ਹਾਜ਼ਰ ਰਹੇ ਅਤੇ ਪਰਚਾ ਰੱਦ ਕਰਨ ਦਾ ਵਿਸ਼ਵਾਸ ਦਿੱਤਾ। ਅੱਜ ਦੇ ਪ੍ਰਦਰਸ਼ਨ ਵਿਚ ਸ਼ਾਮਲ ਜਥੇਬੰਦੀਆਂ ਵਿੱਚ ਬੀਕੇਯੂ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਪੰਜਾਬ, ਬੀਕੇਯੂ ਡਕੌਂਦਾ, ਆਲ ਇੰਡੀਆ ਕਿਸਾਨ ਯੂਨੀਅਨ ਫਤਿਹ, ਲੋਕ ਸੰਘਰਸ਼ ਹਜੂਮ ਕਿਸਾਨ ਯੂਨੀਅਨ, ਆਲ ਕਿਸਾਨ ਸੰਘਰਸ਼ ਕਮੇਟੀ ਪਿੰਡ ਚੰਦਭਾਨ, ਭਾਰਤੀ ਕਿਸਾਨ ਯੂਨੀਅਨ ਮਜ਼ਦੂਰ ਮਝੈਲ, ਸਰਪੰਚ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ, ਅੰਤਰਰਾਸ਼ਟਰੀ ਜੱਟ ਸਿੱਖ ਭਾਈਚਾਰਾ ਜਥੇਬੰਦੀ, ਭਾਰਤੀ ਮਜ਼ਦੂਰ ਕਿਸਾਨ ਲੋਕ ਹਿੱਤ ਕ੍ਰਾਂਤੀ ਮੋਰਚਾ, ਮਿਸਲ ਸਤਲੁਜ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਦਿ ਸ਼ਾਮਲ ਸਨ।

## ਕਾਤਰਾਂ

### ਦੁਕਾਨ 'ਚੋਂ ਸਾਮਾਨ ਤੇ ਨਕਦੀ ਚੋਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਕੀਰਤੀ ਨਗਰ ਵਿਖੇ ਅਣਪਛਾਤੇ ਚੋਰਾਂ ਨੇ ਇਕ ਦੁਕਾਨ ਦੀ ਦੀਵਾਰ ਤੋੜ ਕੇ ਦੁਕਾਨ ਵਿੱਚੋਂ ਡੀਵੀਆਰ, ਕੈਸ਼ ਭਾਨ ਤੇ ਹੋਰ ਸਾਮਾਨ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਵੀ ਬਜਾਜ ਪੁੱਤਰ ਮਨੋਹਰ ਸਿੰਘ ਬਜਾਜ ਵਾਸੀ 457 ਕੀਰਤੀ ਨਗਰ ਫਿਰੋਜ਼ਪੁਰ ਨੇ ਦੱਸਿਆ ਕਿ ਬੀਤੀ 9 ਅਪ੍ਰੈਲ 2025 ਨੂੰ ਉਹ ਰੋਜ਼ਾਨਾ ਦੀ ਤਰ੍ਹਾਂ ਦੁਕਾਨ ਬੰਦ ਕਰਕੇ ਤਕਰੀਬਨ ਸਾਢੇ 10 ਵਜੇ ਘਰ ਗਿਆ ਸੀ ਤੇ ਜਦ 10 ਅਪ੍ਰੈਲ 2025 ਨੂੰ ਸਵੇਰੇ ਦੁਕਾਨ 'ਤੇ ਆਇਆ ਤਾਂ ਸ਼ਟਰ ਖੋਲ੍ਹ ਕੇ ਅੰਦਰ ਦੀ ਦੀਵਾਰ ਤੋੜ ਕੇ ਚੋਰ ਦੁਕਾਨ ਵਿੱਚੋਂ ਡੀਵੀਆਰ, ਕੈਸ਼ ਭਾਨ ਤੇ ਹੋਰ ਢੂੰਢਕ ਪੈਸੇ ਤਕਰੀਬਨ 1 ਲੱਖ ਰੁਪਏ, ਜਿਸ ਵਿੱਚ 30 ਹਜ਼ਾਰ ਰੁਪਏ ਦੀ ਭਾਨ ਤੇ 70 ਹਜ਼ਾਰ ਤਕਰੀਬਨ ਪਰਚੀਆਂ ਅਤੇ ਬੈਂਡ ਰੁਪਏ, ਡਰਾਈਫਰੂਟ ਅਤੇ ਹੋਰ ਸਾਮਾਨ ਤਕਰੀਬਨ 2 ਲੱਖ ਰੁਪਏ ਦੀ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਸ਼ੂਕ ਮਸੀਹ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

### ਸਮਾਓਂ-ਰੱਲਾ ਸੜਕ ਦਾ ਬੁਰਾ ਹਾਲ

ਭੀਖੀ (ਗੁਰਿੰਦਰ ਸਿੰਘ ਔਲਖ)-ਕਸਬਾ ਭੀਖੀ ਦੇ ਨਾਲ ਹੀ ਜੁੜੇ ਪਿੰਡ ਸਮਾਓਂ ਤੋਂ ਰੱਲਾ ਵਾਇਆ ਅਤਲਾ ਖੁਰਦ, ਅਤਲਾ ਕਲਾ, ਭੁਪਾਲ ਕੋਠੇ ਹੁੰਦੇ ਹੋਏ ਰੱਲਾ ਹੁੰਦੇ ਹੋਏ ਨੂੰ ਬਰਨਾਲਾ ਸਰਸਾ ਮੇਨ ਰੋਡ ਨੂੰ ਮਿਲਾਉਣ ਵਾਲੀ ਲਿੰਕ ਸੜਕ ਦਾ ਬੁਰਾ ਹਾਲ ਹੈ।ਉਹ ਕਿਹੜੀ ਥਾਂ ਹੈ, ਜਿੱਥੋਂ ਇਹ ਸੜਕ ਟੁੱਟੀ ਨਹੀਂ ਹੋਈ।ਇਹ ਲਿੰਕ ਸੜਕ ਚਹਿਲਾਂ ਦੇ ਮੱਕੇ ਵਜੋਂ ਜਾਣੇ ਜਾਂਦੇ ਬਾਬਾ ਜੋਗੀ ਪੀਰ ਬੁਲੰਦ ਝਿੜੀ ਵਿੱਚੋਂ ਦੀ ਹੋ ਕੇ ਗੁਜ਼ਰਦੀ ਹੈ, ਜਿੱਥੇ ਸਾਲ ਦੋ ਵਾਰ ਬਹੁਤ ਹੀ ਵੱਡੇ ਮੇਲੇ ਭਰਦੇ ਹਨ।ਇਸ ਸੜਕ ਤੋਂ ਰੋਜ਼ਾਨਾ ਸਫਰ ਕਰਨ ਵਾਲੇ ਲੋਕਾਂ ਨੇ ਦੱਸਿਆ ਕਿ ਖਾਸਕਰ ਦੋ ਪਹੀਆ ਵਾਹਨਾਂ ਦਾ ਇਸ ਸੜਕ 'ਤੇ ਚੱਲਣਾ ਖਤਰੇ ਤੋਂ ਘੱਟ ਨਹੀਂ, ਥਾਂ ਥਾਂ ਖਿੱਲਰੇ ਵੱਟਿਆਂ ਤੋਂ ਦੋ ਪਹੀਆ ਵਾਹਨ ਕਦੋਂ ਫਿਸਲ ਜਾਵੇ, ਪਤਾ ਹੀ ਨਹੀਂ ਚਲਦਾ। ਛੋਟੇ ਮੋਟੇ ਹਾਦਸੇ ਇਸ ਸੜਕ 'ਤੇ ਆਮ ਜਿਹੀ ਗੱਲ ਹੋ ਗਈ ਹੈ।ਜਾਣਕਾਰ ਦਸਦੇ ਹਨ ਕਿ ਇਸ ਸੜਕ ਦੀ ਮੁਰੰਤ ਹੋਇਆਂ ਕਰੀਬ 6-7 ਸਾਲ ਹੋ ਗਏ ਹਨ।ਲੋਕਾਂ ਨੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਛੇਤੀ ਹੀ ਨਵੇਂ ਸਿਰਿਓਂ ਬਣਾਇਆ ਜਾਵੇ।

### ਨਬਾਲਗ ਲੜਕੀ ਨੂੰ ਵਰਗਲਾ ਕੇ ਭਜਾਉਣ ਵਾਲਾ ਕਾਬੂ

ਸ਼ੇਰਪੁਰ (ਰਵੀ ਟਿੱਬਾ)-ਬੀਤੇ ਦਿਨੀਂ ਜਸਵੀਰ ਕੌਰ ਪਤਨੀ ਅਨਬਰ ਖਾਂ ਵਾਸੀ ਅਲੀਪੁਰ ਖਾਲਸਾ ਨੇ ਥਾਣਾ ਸ਼ੇਰਪੁਰ ਵਿਖੇ ਇਤਲਾਹ ਦਿੱਤੀ ਸੀ ਕਿ ਉਸ ਦੀ ਨਬਾਲਗ ਲੜਕੀ (ਸੋਨੀ ਕੌਰ ਕਲਪਾਨਿਕ ਨਾਮ) ਮੁਲਜ਼ਮ ਸਤਿਵੰਦਰ ਸਿੰਘ ਉਰਫ ਗੱਗੀ ਪੁੱਤਰ ਮੇਜਰ ਸਿੰਘ ਵਾਸੀ ਅਲੀਪੁਰ ਖਾਲਸਾ ਵਿਆਹ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ ਸੀ, ਜਿਸ ਦੇ ਬਿਆਨ 'ਤੇ ਮੁਲਜ਼ਮ ਸਤਿਵੰਦਰ ਸਿੰਘ ਉਰਫ ਗੱਗੀ ਖਿਲਾਫ ਮੁਕੱਦਮਾ ਥਾਣਾ ਸ਼ੇਰਪੁਰ ਦਰਜ ਕੀਤਾ।ਜਿਸ ਦੀ ਤਫਤੀਸ਼ ਦੇ ਸੰਬੰਧ ਵਿੱਚ ਕੱਲ੍ਹ 12 ਅਪ੍ਰੈਲ 2025 ਨੂੰ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਸਮੇਤ ਪੁਲਸ ਪਾਰਟੀ ਦੇ ਨਾਲ ਰਵਾਨਾ ਸੀ ਤਾਂ ਬੱਸ ਸਟੈਂਡ ਪਿੰਡ ਬੜੀ ਤੋਂ ਮੁਦਈ ਜਸਵੀਰ ਕੌਰ ਦੀ ਸ਼ਨਾਖਤ 'ਤੇ ਮੁਲਜ਼ਮ ਸਤਿਵੰਦਰ ਸਿੰਘ ਉਰਫ ਗੱਗੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਨਬਾਲਗ ਲੜਕੀ ਨੂੰ ਬਰਾਮਦ ਕਰਾਇਆ।ਲੜਕੀ ਨੂੰ ਵਾਰਿਸਾਂ ਦੇ ਹਵਾਲੇ ਕੀਤਾ ਗਿਆ ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਜੇਲ੍ਹ ਭੇਜਿਆ ਗਿਆ।

# ਪ੍ਰੋ. ਜਸਵੀਰ ਕੌਰ ਸ਼ੇਰਗਿੱਲ ਨੇ ਮਾਰਕੀਟ ਕਮੇਟੀ ਦਿੜ੍ਹਬਾ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ



ਦਿੜ੍ਹਬਾ/ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਤੇ ਬਰਿੰਦਰ ਕੁਮਾਰ ਗੋਇਲ ਦੀ ਮੌਜੂਦਗੀ ਵਿੱਚ ਪ੍ਰੋ. ਜਸਵੀਰ ਕੌਰ ਸ਼ੇਰਗਿੱਲ ਨੇ ਮਾਰਕੀਟ ਕਮੇਟੀ ਦਿੜ੍ਹਬਾ ਦੇ ਚੇਅਰਪਰਸਨ ਵਜੋਂ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਵ ਨਿਯੁਕਤ ਚੇਅਰਪਰਸਨ ਨੂੰ ਨਿੱਘੀ ਮੁਬਾਰਕਬਾਦ ਦਿੰਦੇ ਕਰਦਿਆਂ ਕਿਹਾ ਕਿ ਪ੍ਰੋ. ਜਸਵੀਰ ਕੌਰ ਸ਼ੇਰਗਿੱਲ ਆਮ ਆਦਮੀ ਪਾਰਟੀ ਦੇ ਮਿਹਨਤੀ ਵਰਕਰ ਵਜੋਂ ਪੂਰੀ ਤਨਦੇਹੀ ਨਾਲ ਹਲਕਾ ਦਿੜ੍ਹਬਾ ਵਿੱਚ ਸਰਗਰਮ ਹਨ ਤੇ ਉਨ੍ਹਾਂ ਦੀ ਸਾਫ ਸੁਥਰੀ ਕਾਰਜਸ਼ੈਲੀ ਤੇ ਮਿਲਣਸਾਰ ਸ਼ਖਸੀਅਤ ਨੂੰ ਦੇਖਦੇ ਹੋਏ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ, ਜਿਸ ਦਾ ਸਿੱਧਾ ਸਬੰਧ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ, ਟ੍ਰਾਂਸਪੋਰਟਰਾਂ ਸਮੇਤ ਹੋਰ ਵਰਗਾਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਉਹ ਪੂਰੇ ਆਸਵੰਦ ਹਨ ਕਿ ਪ੍ਰੋ. ਸ਼ੇਰਗਿੱਲ ਦੀ ਅਗਵਾਈ ਹੇਠ ਮਾਰਕੀਟ ਕਮੇਟੀ ਦੇ ਪ੍ਰਬੰਧ ਪਹਿਲਾਂ ਨਾਲੋਂ ਵਧੇਰੇ ਮਜ਼ਬੂਤ ਹੋਣਗੇ।ਇਸ ਮੌਕੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਪ੍ਰੋ. ਸ਼ੇਰਗਿੱਲ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਵਰਕਰਾਂ ਦੀ ਮਿਹਨਤ ਦਾ ਮੁੱਲ ਪੈਂਦਾ ਹੈ।ਉਨ੍ਹਾਂ ਕਿਹਾ ਕਿ ਚੇਅਰਪਰਸਨ ਵਜੋਂ ਮਿਲੀ ਇਹ ਜ਼ਿੰਮੇਵਾਰੀ ਵੀ ਇਮਾਨਦਾਰੀ ਤੇ ਲੋਕ ਸੇਵਾ ਲਈ ਸਰਗਰਮ ਉਪਰਾਲਿਆਂ ਦੀ ਮੰਗ ਕਰਦੀ ਹੈ ਤੇ ਉਨ੍ਹਾਂ ਨੂੰ ਪੂਰਨ ਯਕੀਨ ਹੈ ਕਿ ਪ੍ਰੋ. ਸ਼ੇਰਗਿੱਲ ਆਪਣੀ ਇਸ ਨਵੀਂ ਡਿਊਟੀ ਨੂੰ ਹੋਰ ਵੀ ਜ਼ਿੰਮੇਵਾਰੀ ਨਾਲ ਨਿਭਾਉਣ ਵਿੱਚ ਸਫ਼ਲ ਸਾਬਿਤ ਹੋਣਗੇ।ਇਸ ਦੌਰਾਨ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵੀ ਚੇਅਰਪਰਸਨ ਪ੍ਰੋ. ਸ਼ੇਰਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿਛਲੇ ਦਹਾਕੇ ਤੋਂ ਵੀ ਵੱਧ ਸਮੇਂ ਵਿੱਚ ਆਪਣੀ ਕਾਬਲੀਅਤ, ਸਿਰੜ ਤੇ ਵਫ਼ਾਦਾਰੀ ਨਾਲ ਇਲਾਕੇ ਵਿੱਚ ਜਾਣੇ ਜਾਂਦੇ ਹਨ ਅਤੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਉੱਤੇ ਲਾਗੂ ਕਰਵਾਉਣ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ।ਇਸ ਮੌਕੇ ਚੇਅਰਪਰਸਨ ਪ੍ਰੋ. ਜਸਵੀਰ ਕੌਰ ਸ਼ੇਰਗਿੱਲ ਨੇ ਸਾਰੀਆਂ ਹੀ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਸਮਰਪਤ ਭਾਵਨਾ ਨਾਲ ਨਿਭਾਉਣਗੇ ਤੇ ਸਰਕਾਰ ਤੇ ਪਾਰਟੀ ਦੀ ਸ਼ਾਖ ਨੂੰ ਹੋਰ ਵੀ ਮਜ਼ਬੂਤ ਕਰਨਗੇ।ਇਸ ਤੋਂ ਪਹਿਲਾਂ ਮਾਰਕੀਟ ਕਮੇਟੀ ਦਫ਼ਤਰ ਵਿਖੇ ਪ੍ਰਮਾਤਮਾ ਦੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਪ੍ਰਮੁੱਖ ਸ਼ਖਸੀਅਤਾਂ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

# ਐੱਸ ਵੀ ਆਈ ਈ ਟੀ 'ਚ ਸੱਭਿਆਚਾਰਕ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ

## 600 ਤੋਂ ਵੱਧ ਵਿਦਿਆਰਥੀਆਂ ਨੇ ਫੈਸ਼ਨ, ਨਾਟਕ, ਨਾਚ, ਸੰਗੀਤ ਤੇ ਹੋਰਨਾਂ 'ਚ ਦਿਖਾਈ ਕਲਾ



ਰਾਜਪੁਰਾ (ਰਮੇਸ਼ ਕਟਾਰੀਆ)-ਐੱਸ.ਵੀ.ਆਈ.ਈ.ਟੀ. ਕਾਲਜ ਵੱਲੋਂ ਸਾਲਾਨਾ ਸੱਭਿਆਚਾਰਕ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ 600 ਤੋਂ ਵੱਧ ਵਿਦਿਆਰਥੀਆਂ ਨੇ ਜੋਸ਼ ਤੇ ਜਜ਼ਬੇ ਨਾਲ ਹਿੱਸਾ ਲੈ ਕੇ ਆਪਣੇ ਕਲਾ ਕੌਸ਼ਲ ਦਾ ਪ੍ਰਦਰਸ਼ਨ ਕੀਤਾ।ਤਿੰਨ ਦਿਨਾਂ ਤੱਕ ਚੱਲੇ ਇਸ ਰੰਗਾ-ਰੰਗ ਮੇਲੇ ਦੀ ਸ਼ੁਰੂਆਤ ਪਹਿਲੇ ਦਿਨ ਰੰਗੀਨ ਕਲਚਰਲ ਪ੍ਰੋਸੈਸ਼ਨ ਤੇ ਸ਼ਾਨਦਾਰ ਉਦਘਾਟਨ ਸਮਾਰੋਹ ਨਾਲ ਹੋਈ, ਜਿਸ ਨਾਲ ਸਾਰੇ ਕੈਂਪਸ 'ਚ ਉਤਸ਼ਾਹ ਦਾ ਮਾਹੌਲ ਬਣ ਗਿਆ।ਦੂਜੇ ਦਿਨ ਦੀ ਸ਼ੁਰੂਆਤ ਤਿਲਕ ਸਮਾਰੋਹ ਤੇ ਦੀਪ ਪ੍ਰਜਵਲਨ ਨਾਲ ਹੋਈ।ਇਸ ਮੌਕੇ ਐੱਸ ਵੀ ਆਈ ਈ ਟੀ ਦੇ ਚੇਅਰਮੈਨ ਅਸ਼ਵਨੀ ਗਰਗ, ਪ੍ਰਧਾਨ ਅਸ਼ੋਕ ਗਰਗ ਤੇ ਡਾਇਰੈਕਟਰ [illegible] ਵੱਲੋਂ ਉਤਸ਼ਾਹਜਨਕ ਭਾਸ਼ਣ ਦਿੱਤੇ ਗਏ, ਜੋ ਵਿਦਿਆਰਥੀਆਂ ਲਈ ਪ੍ਰੇਰਣਾਦਾਇਕ ਸਾਬਿਤ ਹੋਏ।ਇਸ ਦਿਨ ਭਰ ਚੱਲੇ ਲਿਖਤੀ ਕਲਾ, ਸੰਗੀਤ ਤੇ ਨਾਚ ਮੁਕਾਬਲਿਆਂ ਅਤੇ ਫੈਸ਼ਨ ਸ਼ੋਅ ਨੇ ਦਰਸ਼ਕਾਂ ਨੂੰ ਮੋਹ ਲਿਆ।ਤੀਜੇ ਦਿਨ ਦੀ ਸ਼ੁਰੂਆਤ ਜੋਸ਼ੀਲੇ ਨਾਚ ਪ੍ਰਦਰਸ਼ਨਾਂ ਤੇ ਫਾਈਨ ਆਰਟਸ ਡਿਸਪਲੇਅ ਨਾਲ ਹੋਈ।ਕੈਂਪਸ ਨੂੰ ਗਰਵ ਹਾਸਲ ਹੋਇਆ, ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ।ਇਸ ਦਿਨ ਐੱਸ.ਡੀ.ਐੱਮ. ਰਾਜਪੁਰਾ ਅਵਿਕੇਸ਼ ਗੁਪਤਾ, ਡੀ.ਐੱਸ.ਪੀ. ਮਨਜੀਤ ਸਿੰਘ ਤੇ ਐੱਸ.ਐੱਚ.ਓ. ਗੁਰਸੇਵਕ ਸਿੰਘ ਵੀ ਗੈਸਟ ਆਫ ਆਨਰ ਵਜੋਂ ਪਹੁੰਚੇ।ਇਸ ਤਿੰਨ ਦਿਨਾ ਮੇਲੇ ਦਾ ਸਭ ਤੋਂ ਰੋਮਾਂਚਕ ਪਲ ਬਾਈਕ ਸਟੰਟ ਸ਼ੋਅ ਰਿਹਾ, ਜਿਸ ਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ।ਇਸ ਤੋਂ ਬਾਅਦ ਇਨਾਮ ਵੰਡ ਸਮਾਰੋਹ ਰੱਖਿਆ ਗਿਆ, ਜਿਸ 'ਚ ਵਿਦਿਆਰਥੀਆਂ ਦੀ ਕਲਾ ਤੇ ਮੇਹਨਤ ਨੂੰ ਸਨਮਾਨਤ ਕੀਤਾ ਗਿਆ।ਅੰਤ ਵਿੱਚ ਸਾਹਿਲ ਸਿੰਡੀਕੇਟ ਬੈਂਡ ਦੀ ਝੂਮਾਂਦਾਰ ਲਾਈਵ ਪ੍ਰਫਾਰਮੈਂਸ ਨੇ ਮੇਲੇ ਨੂੰ ਸ਼ਾਨਦਾਰ ਅੰਜਾਮ ਦਿੱਤਾ।

# ਮੁੱਖ ਮੰਤਰੀ ਨੇ ਵਿਸਾਖੀ ਦੇ ਪਵਿੱਤਰ ਤਿਉਹਾਰ 'ਤੇ ਪੰਜਾਬੀਆਂ ਨੂੰ ਦਿੱਤੀ ਵਧਾਈ

## ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਮੱਥਾ ਟੇਕਿਆ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਦੁਨੀਆ ਭਰ ਦੇ ਪੰਜਾਬੀਆਂ ਨੂੰ ਪੰਜਾਬ, ਪੰਜਾਬੀਅਤ ਤੇ ਅਨੇਕਤਾ ਵਿੱਚ ਏਕਤਾ ਦੇ ਪ੍ਰਤੀਕ 'ਖਾਲਸਾ ਪੰਥ ਦੇ ਸਾਜਨਾ ਦਿਵਸ' ਤੇ 'ਵਿਸਾਖੀ' ਦੇ ਪਵਿੱਤਰ ਮੌਕੇ 'ਤੇ ਵਧਾਈ ਦਿੱਤੀ।ਇੱਥੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਅਕੀਦਤ ਭੇਟ ਕਰਨ ਪੁੱਜੇ ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਦੀ ਪੂਰੀ ਨਿਮਰਤਾ ਤੇ ਸਮਰਪਣ ਭਾਵਨਾ ਨਾਲ ਸੇਵਾ ਕਰਨ ਲਈ ਪ੍ਰਮਾਤਮਾ ਤੋਂ ਆਸ਼ੀਰਵਾਦ ਮੰਗਿਆ।ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ [illegible] ਸਕੇ।ਭਗਵੰਤ ਸਿੰਘ ਮਾਨ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਇਮਾਨਦਾਰੀ, ਸਮਰਪਣ ਤੇ ਵਚਨਬੱਧਤਾ ਨਾਲ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਵਿਸਾਖੀ ਦੇ ਪਵਿੱਤਰ ਮੌਕੇ 'ਤੇ ਮੁੱਖ ਮੰਤਰੀ ਨੇ ਸੂਬੇ ਦੀ ਸ਼ਾਂਤੀ, ਤਰੱਕੀ ਤੇ ਖੁਸ਼ਹਾਲੀ ਲਈ ਵੀ ਅਰਦਾਸ ਕੀਤੀ।ਦੁਨੀਆ ਭਰ ਦੇ ਪੰਜਾਬੀਆਂ ਨੂੰ ਵਧਾਈ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਇਸ ਦਿਨ ਦੀ ਅਮੀਰ ਸ਼ਾਨਦਾਰ ਤੇ ਸੱਭਿਆਚਾਰਕ ਵਿਰਾਸਤ ਬਾਰੇ ਯਾਦ ਦਿਵਾਇਆ ਤੇ ਕਿਹਾ ਕਿ 1699 ਵਿੱਚ ਇਸ ਵਿਸਾਖੀ ਦਿਨ ਦਸਵੇਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਖੇਤਰਾਂ ਅਤੇ ਧਰਮਾਂ ਨਾਲ ਸਬੰਧਤ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ ਪਵਿੱਤਰ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।ਉਨ੍ਹਾਂ ਕਿਹਾ ਕਿ ਦਸਮੇਸ਼ ਪਿਤਾ ਨੇ ਇਸ ਤਰ੍ਹਾਂ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਕੀਤੀ ਤੇ ਮਨੁੱਖਤਾ ਲਈ ਪਿਆਰ ਅਤੇ ਦਿਆ, ਸਦੀਵੀ ਸ਼ਾਂਤੀ ਤੇ ਭਾਈਚਾਰਕ ਸਦਭਾਵਨਾ ਦੇ ਉਪਦੇਸ਼ ਦਿੱਤੇ।ਮੁੱਖ ਮੰਤਰੀ ਨੇ ਕਿਹਾ ਕਿ ਇਹ ਤਿਉਹਾਰ ਹਾੜ੍ਹੀ ਦੀਆਂ ਫ਼ਸਲਾਂ ਦੇ ਪੱਕਣ ਤੇ ਵਾਢੀ ਦੀ ਸ਼ੁਰੂਆਤ ਨੂੰ ਵੀ ਦਰਸਾਉਂਦਾ ਹੈ।ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਇਸ ਇਤਿਹਾਸਕ ਤਿਉਹਾਰ ਨੂੰ ਰਵਾਇਤੀ ਉਤਸ਼ਾਹ ਤੇ ਖੁਸ਼ੀ ਨਾਲ ਸਮੂਹਕ ਤੌਰ 'ਤੇ ਮਨਾਉਣ ਦਾ ਸੱਦਾ ਦਿੱਤਾ।

# ਦੋ ਵਿਅਕਤੀਆਂ ਨਾਲ ਕੁੱਟਮਾਰ ਕਰਨ ਵਾਲੇ ਪੁਲਸ ਮੁਲਾਜ਼ਮ ਮੁਅੱਤਲ, ਮਾਮਲੇ ਦੀ ਜਾਂਚ ਲਈ ਸਿੱਟ ਦਾ ਗਠਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਤੇ ਦਿਨੀਂ ਖੇੜਾ ਪੁਲਸ ਚੌਕੀ ਵਿੱਚ ਪੁਲਸ ਵੱਲੋਂ 2 ਵਿਅਕਤੀਆਂ 'ਤੇ ਕੀਤੇ ਤਸ਼ਦਦ ਦੇ ਮਾਮਲੇ 'ਤੇ ਫੌਰੀ ਕਾਰਵਾਈ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਸ਼ੁਭਮ ਅਗਰਵਾਲ ਵੱਲੋਂ ਸਿੱਟ ਦਾ ਗਠਨ ਕੀਤਾ ਗਿਆ ਹੈ ਅਤੇ ਇਸ ਮਾਮਲੇ ਵਿੱਚ ਸ਼ਾਮਲ 2 ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।ਪੁਲਸ ਵੱਲੋਂ ਇਸ ਮਾਮਲੇ ਵਿੱਚ ਕਥਿਤ ਦੋਸ਼ੀਆਂ ਵਿਰੁੱਧ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਐੱਫ ਆਈ ਆਰ ਵੀ ਦਰਜ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਐੱਸ ਪੀ (ਡੀ) ਰਾਕੇਸ਼ ਯਾਦਵ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।ਉਨ੍ਹਾ ਕਿਹਾ ਕਿ ਇਸ ਮਾਮਲੇ ਬਾਰੇ ਪਹਿਲਾਂ ਕਿਸੇ ਵੀ ਧਿਰ ਵੱਲੋਂ ਪੁਲਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ ਗਈ ਸੀ ਤੇ ਅੱਜ ਜਦੋਂ ਇਸ ਮਾਮਲੇ ਬਾਰੇ ਸ਼ਿਕਾਇਤਕਰਤਾ ਨੇ ਮਾਮਲਾ ਜ਼ਿਲ੍ਹਾ ਪੁਲਸ ਮੁਖੀ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾਂ ਵੱਲੋਂ ਉਨ੍ਹਾਂ ਦੀ ਗੱਲ ਸੁਣਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ।ਐੱਸ ਪੀ ਯਾਦਵ ਨੇ ਕਿਹਾ ਕਿ ਪੁਲਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਨਹੀਂ ਬਖਸ਼ੇਗੀ ਤੇ ਇਸ ਮਾਮਲੇ ਵਿੱਚ ਸ਼ਾਮਲ ਪੁਲਸ ਮੁਲਾਜ਼ਮਾਂ ਵਿਰੁੱਧ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

# ਵਿਧਾਇਕ ਕੁਲਵੰਤ ਸਿੰਘ ਨੇ ਘੱਗਾ 'ਚ ਕਣਕ ਦੀ ਖਰੀਦ ਸ਼ੁਰੂ ਕਰਵਾਈ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਅਨਾਜ ਮੰਡੀ ਘੱਗਾ ਵਿਖੇ ਕਣਕ ਦੀ ਚੀਜ਼ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਦੌਰਾਨ ਉਨ੍ਹਾਂ ਨਾਲ ਮਾਰਕੀਟ ਕਮੇਟੀ ਪਾਤੜਾਂ ਦੇ ਨਵ-ਨਿਯੁਕਤ ਚੇਅਰਮੈਨ ਮਹਿੰਗਾ ਸਿੰਘ ਬਰਾੜ, ਅਨਾਜ ਮੰਡੀ ਆੜ੍ਹਤੀ ਐਸੋਸੀਏਸ਼ਨ ਘੱਗਾ ਦੇ ਪ੍ਰਧਾਨ ਚਿਮਨ ਲਾਲ ਕਲਵਾਣੂ ਤੇ ਖਰੀਦ ਦੇ ਅਧਿਕਾਰੀ ਹਾਜ਼ਰ ਸਨ।ਖਰੀਦ ਸ਼ੁਰੂ ਕਰਨ ਨੂੰ ਉਪਰੰਤ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਲਈ ਸਰਕਾਰ ਵੱਲੋਂ ਪ੍ਰਬੰਧ ਪੂਰੇ ਤਰ੍ਹਾਂ ਮੁਕੰਮਲ ਕੀਤੇ ਹੋਏ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਦਿੱਕਤ ਕਿਸਾਨਾਂ ਨੂੰ ਨਾ ਆਵੇ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਫਸਲ ਨੂੰ ਪੂਰੀ ਤਰ੍ਹਾਂ ਪੱਕਣ ਉਪਰੰਤ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਪੁਲਸ ਜਬਰ ਦਾ ਸ਼ਿਕਾਰ ਮਹਿਲਾ ਕਿਸਾਨ ਆਗੂਆਂ ਵੱਲੋਂ ਮੁੱਖ ਮੰਤਰੀ ਤੇ ਉੱਚ ਪੁਲਸ ਅਧਿਕਾਰੀਆਂ ਨੂੰ ਪੱਤਰ

## ਦੋਸ਼ੀ ਪੁਲਸ ਅਫਸਰਾਂ ਖਿਲਾਫ ਕੀਤੀ ਸਖਤ ਕਾਰਵਾਈ ਦੀ ਮੰਗ



ਬਠਿੰਡਾ (ਪਰਵਿੰਦਰ ਜੀਤ ਸਿੰਘ)

ਆਦਰਸ਼ ਸਕੂਲ ਚਾਉਕੇ ਦੀ ਮੈਨੇਜਮੈਂਟ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਖਿਲਾਫ ਅਵਾਜ਼ ਉਠਾਉਣ ਵਾਲੇ ਅਧਿਆਪਕਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਮਾਮਲੇ 'ਚ ਅਧਿਆਪਕਾਂ ਦੀ ਹਮਾਇਤ 'ਤੇ ਆਉਣ ਕਾਰਨ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਈਆਂ ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਨੇ ਮੁੱਖ ਮੰਤਰੀ ਪੰਜਾਬ, ਡੀ ਜੀ ਪੀ ਪੰਜਾਬ ਤੇ ਐੱਸ ਐੱਸ ਪੀ ਬਠਿੰਡਾ ਨੂੰ ਪੱਤਰ ਭੇਜ ਕੇ ਦੋਸ਼ੀ ਪੁਲਸ ਅਫਸਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।ਇਹ ਜਾਣਕਾਰੀ ਸਿਵਲ ਹਸਪਤਾਲ ਬਠਿੰਡਾ ਵਿਖੇ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਤੇ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਵੱਲੋਂ ਜਾਰੀ ਕੀਤੇ ਪ੍ਰੈੱਸ ਬਿਆਨ ਰਾਹੀਂ ਦਿੱਤੀ ਗਈ।ਮਹਿਲਾ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਤੇ ਉੱਚ ਪਲਸ ਅਧਿਕਾਰੀਆਂ ਨੂੰ ਭੇਜੇ ਪੱਤਰ ਵਿੱਚ ਦੋਸ਼ ਲਾਇਆ ਕਿ 5 ਅਪ੍ਰੈਲ ਨੂੰ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਗ੍ਰਿਫ਼ਤਾਰੀਆਂ ਦੇ ਮਾਮਲੇ ਨੂੰ ਲੈ ਕੇ ਜਦੋਂ ਉਨ੍ਹਾਂ ਸਮੇਤ ਕੁੱਝ ਹੋਰ ਕਿਸਾਨ ਆਗੂ ਤੇ ਵਰਕਰ ਗਿੱਲ ਕਲਾਂ ਪੁਲਸ ਚੌਕੀ (ਥਾਣਾ ਸਦਰ ਰਾਮਪੁਰਾ) ਪਹੁੰਚੇ ਤਾਂ ਡੀ ਐੱਸ ਪੀ ਪ੍ਰਦੀਪ ਸਿੰਘ ਦੇ ਹੁਕਮਾਂ 'ਤੇ ਥਾਣੇਦਾਰ ਜੋਗਿੰਦਰ ਸਿੰਘ, ਸਬ ਇੰਸਪੈਕਟਰ ਹਰਪ੍ਰੀਤ ਕੌਰ ਤੇ ਸੁਖਵੀਰ ਕੌਰ ਸਮੇਤ ਹੋਰ ਪੁਲਸ ਕਰਮਚਾਰੀਆਂ ਵੱਲੋਂ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਗਿਆ, ਥਾਣੇ ਲਿਜਾ ਕੇ ਨਕਾਰਾ ਕਰਨ ਦੇ ਇਰਾਦੇ ਨਾਲ ਮਹਿਲਾ ਪੁਲਸ ਤੋਂ ਇਲਾਵਾ ਮਰਦਾਨਾ ਪੁਲਸ ਵੱਲੋਂ ਵੀ ਉਨ੍ਹਾਂ ਦੀ ਕੁੱਟਮਾਰ ਤੇ ਇੱਜਤ ਹੱਤਕ ਕੀਤੀ ਗਈ ਅਤੇ ਅਸ਼ਲੀਲ ਗਾਲਾਂ ਤੇ ਇਸ਼ਾਰੇ ਕੀਤੇ ਗਏ।ਉਨ੍ਹਾਂ ਆਪਣੇ ਪੱਤਰ 'ਚ ਇਹ ਵੀ ਦੋਸ਼ ਲਾਇਆ ਕਿ 10 ਅਪ੍ਰੈਲ ਦੇਰ ਸ਼ਾਮ ਜੇਲ੍ਹ 'ਚੋਂ ਬਾਹਰ ਆਉਣ ਤੋਂ ਅਗਲੇ ਦਿਨ 11 ਅਪ੍ਰੈਲ 2025 ਨੂੰ ਉਹ ਸਰਕਾਰੀ ਹਸਪਤਾਲ ਬਾਲਿਆਂਵਾਲੀ ਵਿਖੇ ਇਲਾਜ ਲਈ ਪਹੁੰਚੀਆਂ ਤਾਂ ਡਾਕਟਰਾਂ ਵੱਲੋਂ ਸਬੰਧਤ ਪੁਲਸ ਅਧਿਕਾਰੀਆਂ ਨੂੰ ਰੁੱਕਾ ਭੇਜਣ ਦੇ ਬਾਵਜੂਦ ਕੋਈ ਪੁਲਸ ਅਧਿਕਾਰੀ ਦੋ ਦਿਨ ਬੀਤਣ ਦੇ ਬਾਵਜੂਦ ਉਨ੍ਹਾਂ ਦੇ ਬਿਆਨ ਦਰਜ ਕਰਨ ਨਹੀਂ ਪਹੁੰਚਿਆ। ਉਨ੍ਹਾਂ ਆਖਿਆ ਕਿ ਬਾਲਿਆਂਵਾਲੀ ਦੇ ਡਾਕਟਰਾਂ ਵੱਲੋਂ ਐੱਮ ਐੱਲ ਆਰ ਕੱਟਣ ਉਪਰੰਤ ਉਨ੍ਹਾਂ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ ਸੀ।ਕਿਸਾਨ ਆਗੂ ਝੰਡਾ ਸਿੰਘ ਜੇਠੂਕੇ ਤੇ ਸ਼ਿੰਗਾਰਾ ਸਿੰਘ ਮਾਨ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਮਹਿਲਾ ਕਿਸਾਨ ਆਗੂਆਂ ਸਮੇਤ ਅਧਿਆਪਕਾਂ ਤੇ ਹੋਰਨਾਂ ਲੋਕਾਂ 'ਤੇ ਤਸ਼ੱਦਦ ਢਾਹੁਣ ਵਾਲੇ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਜਥੇਬੰਦਕ ਸੰਘਰਸ਼ ਦੇ ਨਾਲ ਕਾਨੂੰਨੀ ਲੜਾਈ ਵੀ ਪੂਰੇ ਜ਼ੋਰ ਨਾਲ ਲੜੇਗੀ।ਇਸ ਮੌਕੇ ਆਦਰਸ਼ ਸਕੂਲ ਚਾਉਕੇ ਦੀ ਅਧਿਆਪਕ ਆਗੂ ਪਵਨਦੀਪ ਕੌਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਅਮ੍ਰਿਤਪਾਲ ਸਿੰਘ ਵੀ ਮੌਜੂਦ ਸਨ।

# ਹਰ 18 ਮਿੰਟ ਬਾਅਦ ਬੰਦ ਮਿਲਦੇ ਹਨ ਬਰੇਟਾ ਦੇ ਰੇਲਵੇ ਫਾਟਕ



ਬਰੇਟਾ (ਗੀਤਵਾਲ)-ਦਿੱਲੀ-ਫਿਰੋਜ਼ਪੁਰ ਰੇਲਵੇ ਲਾਈਨ 'ਤੇ ਪੈਂਦੇ ਸਥਾਨਕ ਰੇਲਵੇ ਫਾਟਕਾਂ ਦੀ ਸਮੱਸਿਆ ਦਿਨੋਂ ਦਿਨ ਗੰਭੀਰ ਹੁੰਦੀ ਜਾ ਰਹੀ ਹੈ।ਕਿਸੇ ਸਮੇਂ ਕੋਟਕਪੂਰਾ ਸ਼ਹਿਰ ਦੇ ਬੰਦ ਪਏ ਫਾਟਕਾਂ ਦੀ ਸਮੱਸਿਆ ਦਾ ਜ਼ਿਕਰ ਗੀਤਾਂ ਵਿੱਚ ਸੁਣਨ ਨੂੰ ਮਿਲਦਾ ਹੁੰਦਾ ਸੀ, ਪਰ ਅੱਜ ਬਰੇਟਾ ਦੇ ਹਰ ਵਕਤ ਬੰਦ ਰਹਿਣ ਵਾਲੇ ਰੇਲਵੇ ਫਾਟਕਾਂ ਨੇ ਕੋਟਕਪੂਰੇ ਦੇ ਫਾਟਕ ਨੂੰ ਵੀ ਮਾਤ ਪਾ ਦਿੱਤੀ ਹੈ।ਦੱਸਣਯੋਗ ਹੈ ਕਿ ਹਰ ਸਮੇਂ ਬੰਦ ਰਹਿੰਦੇ ਇਨ੍ਹਾਂ ਫਾਟਕਾਂ 'ਤੇ ਆਵਾਜਾਈ ਵੀ ਜ਼ਿਆਦਾ ਹੋਣ ਦੀ ਵਜ੍ਹਾ ਨਾਲ ਅਕਸਰ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਦੱਸਦੇ ਚੱਲੀਏ ਕਿ ਉਕਤ ਫਾਟਕ ਰਾਹੀਂ ਰੋਜ਼ਾਨਾ 6 ਦਰਜਨ ਦੇ ਕਰੀਬ ਟਰੇਨਾਂ ਦਾ ਆਉਣਾ ਜਾਣਾ ਹੈ, ਜਿਸ ਕਰਕੇ ਜ਼ਿਆਦਾਤਰ ਸਮੇਂ ਇਹ ਰੇਲਵੇ ਫਾਟਕ ਬੰਦ ਹੀ ਰਹਿੰਦੇ ਹਨ।ਇਸ ਵਜ੍ਹਾ ਕਰਕੇ ਨੌਕਰੀ ਪੇਸ਼ਾ ਲੋਕ ਤੇ ਸਕੂਲ ਜਾਣ ਵਾਲੇ ਵਿਦਿਆਰਥੀ ਅਕਸਰ ਲੇਟ ਹੋ ਜਾਂਦੇ ਹਨ।ਰੇਲਵੇ ਫਾਟਕਾਂ ਦੇ ਪਾਰ ਖੇਤਾਂ ਵਿੱਚ ਕੰਮ ਧੰਦੇ ਜਾਣ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਆਪਣੇ ਛੋਟੇ ਵੱਡੇ ਵਾਹਨ ਲਿਜਾਣ 'ਚ ਭਾਰੀ ਮੁਸ਼ਕਲ ਆਉਂਦੀ ਹੈ।ਕਣਕ ਦੀ ਕਟਾਈ ਮੌਕੇ ਇਨ੍ਹਾਂ ਫਾਟਕਾਂ ਦੇ ਜ਼ਿਆਦਾਤਰ ਸਮਾਂ ਬੰਦ ਰਹਿਣ ਕਾਰਨ ਕੰਬਾਈਨਾਂ ਤੇ ਟਰੈਕਟਰ ਟਰਾਲੀਆਂ ਦੀਆਂ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ।ਨਤੀਜੇ ਵਜੋਂ ਰੇਲਵੇ ਫਾਟਕ ਖੁੱਲ੍ਹਣ ਬਾਅਦ ਵੀ ਕਾਫੀ ਸਮਾਂ ਆਵਾਜਾਈ 'ਚ ਵਿਘਨ ਪਿਆ ਰਹਿੰਦਾ ਹੈ ਅਤੇ ਕੁੱਝ ਦੇਰ ਬਾਅਦ ਇਹ ਫਾਟਕ ਫਿਰ ਲੱਗ ਜਾਂਦੇ ਹਨ।ਦੱਸਣਯੋਗ ਇਹ ਹੈ ਕਿ ਇਸ ਮਾਰਗ 'ਤੇ ਵੱਧ ਰੇਲ ਗੱਡੀਆਂ ਦੀ ਆਵਾਜਾਈ ਹੋਣ ਕਾਰਨ ਇਹ ਫਾਟਕ ਕਰੀਬ ਹਰ 18 ਮਿੰਟ ਬਾਅਦ ਬੰਦ ਹੀ ਮਿਲਦੇ ਹਨ ਤੇ ਫਾਟਕ ਖੁੱਲ੍ਹਣ ਤੋਂ ਬਾਅਦ ਹਰ ਵਿਅਕਤੀ ਆਪਣੇ ਵਾਹਨ ਨੂੰ ਇੱਕ ਦੂਜੇ ਤੋਂ ਅੱਗੇ ਕੱਢਣ ਦੀ ਕੋਸ਼ਿਸ਼ ਕਰਦਾ ਹੈ।ਇਲਾਕੇ ਦੇ ਲੋਕਾਂ ਹਰਬੰਸ ਸਿੰਘ ਬਰੇਟਾ, ਗੁਰਦਾਸ ਸਿੰਘ ਧਰਮਪੁਰਾ, ਕੌਂਸਲਰ ਨੀਲਮ ਬਾਲੀ ਤੇ ਜਰਨੈਲ ਸਿੰਘ ਕੁਲਰੀਆਂ ਨੇ ਰੇਲ ਮੰਤਰੀ ਤੇ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਰੇਲਵੇ ਦੇ ਦੋਵੇਂ ਫਾਟਕਾਂ 'ਤੇ ਅੰਡਰਬ੍ਰਿਜ ਜਾਂ ਓਵਰਬ੍ਰਿਜ ਬਣਾਇਆ ਜਾਵੇ।

# 'ਖੇਤੀਬਾੜੀ ਸੰਕਟ ਦੇ ਸੰਦਰਭ 'ਚ ਪੇਂਡੂ ਔਰਤਾਂ ਖਿਲਾਫ ਹੋਣ ਵਾਲੀ ਢਾਂਚਾਗਤ ਹਿੰਸਾ' ਵਿਸ਼ੇ 'ਤੇ ਸੈਮੀਨਾਰ



ਮੂਨਕ (ਰਾਜਪਾਲ ਸਿੰਗਲਾ)-ਯੂਨੀਵਰਸਿਟੀ ਕਾਲਜ ਮੂਨਕ (ਸੰਗਰੂਰ) ਵਿਖੇ ਡਾ. ਰਾਜਿੰਦਰ ਸਿੰਘ ਦੀ ਰਹਿਨੁਮਾਈ ਤੇ ਡਾ. ਪੁਸ਼ਪਿੰਦਰ ਜੀਤ ਕੌਰ ਦੀ ਅਗਵਾਈ ਹੇਠ ਵਿਮੈਨਜ਼ ਸਟੱਡੀਜ਼ ਸੈਂਟਰ ਦੇ ਸਹਿਯੋਗ ਨਾਲ 'ਖੇਤੀਬਾੜੀ ਸੰਕਟ ਦੇ ਸੰਦਰਭ ਵਿੱਚ ਪੇਂਡੂ ਔਰਤਾਂ ਖਿਲਾਫ ਹੋਣ ਵਾਲੀ ਢਾਂਚਾਗਤ ਹਿੰਸਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ।

ਇਸ ਮੌਕੇ ਕਾਲਜ ਵਿਖੇ ਮੁੱਖ ਮਹਿਮਾਨ ਵਜੋਂ ਡਾ. ਹਰਪ੍ਰੀਤ ਕੌਰ ਡਾਇਰੈਕਟਰ ਵਿਮੈਨਜ਼ ਸਟੱਡੀਜ਼ ਸੈਂਟਰ, ਪ੍ਰੋ. ਅਮਨਦੀਪ ਕੌਰ ਵਿਮੈਨਜ਼ ਸਟੱਡੀਜ਼ ਸੈਂਟਰ, ਡਾ. ਅਰਵਿੰਦ ਕਾਕੜਾ ਪਬਲਿਕ ਕਾਲਜ ਸਮਾਣਾ, ਸ਼ੀਰਨ ਲੋਕ ਮੋਰਚਾ ਪੰਜਾਬ, ਸੁਰਜੀਤ ਕੌਰ ਅਟਵਾਲ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ (ਮਹਿਲਾ), ਮਨਜੀਤ ਕੌਰ ਕਾਸ਼ਤਕਾਰ (ਮਹਿਲਾ), ਪ੍ਰੋ. ਬੀ. ਐੱਸ. ਸ਼ੇਰਗਿੱਲ, ਡਾ. ਇਕਬਾਲ ਸਿੰਘ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ, ਪ੍ਰੋ. ਅਨੁਪਮਾ ਇਕਨਾਮਿਕਸ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਉਚੇਚੇ ਤੌਰ 'ਤੇ ਕਾਲਜ ਪਹੁੰਚੇ। ਇਸ ਮੌਕੇ ਸੈਮੀਨਾਰ ਦੇ ਤਿੰਨ ਸੈਸ਼ਨ ਰੱਖੇ ਗਏ, ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਉਨ੍ਹਾਂ ਦੱਸਿਆ ਕਿ ਖੇਤੀਬਾੜੀ ਸੰਕਟ ਦੇ ਸੰਦਰਭ ਵਿੱਚ ਔਰਤਾਂ ਦੀ ਸਥਿਤੀ ਦੀ ਪੜਚੋਲ ਕਰਨੀ ਅਤਿ ਜ਼ਰੂਰੀ ਹੈ।ਖੇਤੀਬਾੜੀ ਸਬੰਧਿਤ ਸੰਸਥਾਵਾਂ ਦਾ ਢਾਂਚਾ ਪੇਂਡੂ ਔਰਤਾਂ ਲਈ ਘੱਟ ਹੀ ਮਾਫਕ ਆਉਂਦਾ ਪ੍ਰਤੀਤ ਹੁੰਦਾ ਹੈ।ਇਸ ਲਈ ਇਸ ਵਿੱਚ ਕ੍ਰਾਂਤੀਕਾਰੀ ਤਬਦੀਲੀ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ।ਇਸ ਮੌਕੇ ਸਫਲਤਾਪੂਰਵਕ ਮੰਚ ਸੰਚਾਲਨ ਡਾ. ਰਣਜੀਤ ਸਿੰਘ ਨੇ ਕੀਤਾ।ਵਿਦਿਆਰਥੀਆਂ, ਅਧਿਆਪਕਾਂ ਤੇ ਬਾਹਰੋਂ ਆਏ ਡੈਲੀਗੇਟਸ ਵਿੱਚ ਇਸ ਵਿਚਾਰ ਚਰਚਾ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਗਿਆ।ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਹਰੀਕਾ ਨੇ ਕਾਲਜ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਵਿਧਾਇਕਾ ਵੱਲੋਂ ਕਾਉਂਕੇ ਤੇ ਡੱਲਾ ਦੇ ਸਕੂਲਾਂ 'ਚ ਵੱਖ-ਵੱਖ ਪ੍ਰੋਜੈਕਟਾਂ ਦੇ ਉਦਘਾਟਨ

## ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਜੰਗੀ ਪੱਧਰ 'ਤੇ ਉਪਰਾਲੇ ਕਰ ਰਹੀ ਹੈ : ਮਾਣੂੰਕੇ



ਹਠੂਰ (ਨਛੱਤਰ ਸੰਧੂ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਵੱਲੋਂ ਪਿੰਡ ਕਾਉਂਕੇ ਕਲਾਂ, ਕਾਉਂਕੇ ਕਲੌਨੀਆਂ ਤੇ ਡੱਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਭੇਜੀਆਂ ਗ੍ਰਾਂਟਾਂ ਨਾਲ ਤਿਆਰ ਕੀਤੇ ਗਏ ਵੱਖ-ਵੱਖ ਪ੍ਰੋਜੈਕਟਾਂ ਦੇ ਨੀਂਹ ਪੱਥਰਾਂ ਦੇ ਉਦਘਾਟਨ ਕੀਤੇ ਗਏ।ਪਿੰਡ ਕਾਉਂਕੇ ਕਲੌਨੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਬਾਥਰੂਮਾਂ ਵਾਸਤੇ 50 ਹਜ਼ਾਰ ਰੁਪਏ, ਨਵੀਂ ਚਾਰਦਿਵਾਰੀ 80 ਮੀਟਰ ਵਾਸਤੇ 4 ਲੱਖ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ। ਸਰਕਾਰ ਪ੍ਰਾਇਮਰੀ ਸਮਾਰਟ ਸਕੂਲ ਕਾਉਂਕੇ-2 ਵਿਖੇ ਸਕੂਲ ਦੀ ਚਾਰਦਿਵਾਰੀ ਲਈ 3 ਲੱਖ 30 ਹਜ਼ਾਰ ਰੁਪਏ ਦਾ ਪ੍ਰੋਜੈਕਟ ਲੋਕ ਅਰਪਣ ਕੀਤਾ ਗਿਆ।ਇਸੇ ਤਰ੍ਹਾਂ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਉਂਕੇ ਕਲਾਂ ਵਿਖੇ ਵਿਦਿਆਰਥੀਆਂ ਦੀ ਸਹੂਲਤ ਲਈ ਬਾਥਰੂਮਾਂ ਵਾਸਤੇ 2 ਲੱਖ 50 ਹਜ਼ਾਰ ਰੁਪਏ ਤੇ ਲਾਇਬ੍ਰੇਰੀ ਵਾਸਤੇ 25 ਹਜ਼ਾਰ ਰੁਪਏ ਦਾ ਪ੍ਰੋਜੈਕਟ ਵਿਦਿਆਰਥੀਆਂ ਨੂੰ ਸੌਂਪਿਆ ਗਿਆ।ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਵਿਖੇ ਦਿਵਿਆਂਗ ਬੱਚਿਆਂ ਲਈ 2 ਲੱਖ ਰੁਪਏ ਦੀ ਲਾਗਤ ਨਾਲ ਬਾਥਰੂਮ, ਚਾਰਦੀਵਾਰੀ ਲਈ 2 ਲੱਖ 50 ਹਜ਼ਾਰ ਰੁਪਏ ਤੇ ਬਾਸਕਟ ਬਾਲ ਗਰਾਊਂਡ ਲਈ ਇੱਕ ਲੱਖ 60 ਹਜ਼ਾਰ ਰੁਪਏ ਦੇ ਪ੍ਰੋਜੈਕਟ ਵਿਦਿਆਰਥੀਆਂ ਨੂੰ ਸਮਰਪਤ ਕੀਤੇ ਗਏ। ਸਮਾਗਮਾਂ ਦੌਰਾਨ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਜੰਗੀ ਪੱਧਰ 'ਤੇ ਉਪਰਾਲੇ ਕਰ ਰਹੀ ਹੈ ਤੇ ਸਕੂਲਾਂ ਦੇ ਪ੍ਰੋਜੈਕਟਾਂ ਦੇ ਸਾਰੇ ਕੰਮ ਮੁਕੰਮਲ ਹੋਣ ਉਪਰੰਤ ਉਦਘਾਟਨ ਕੀਤੇ ਜਾ ਰਹੇ ਹਨ ਅਤੇ ਇਹ ਪ੍ਰੋਜੈਕਟ ਵਿਦਿਆਰਥੀਆਂ ਦਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਬੌਧਿਕ ਵਿਕਾਸ ਤੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਵੀ ਸਹਾਈ ਹੋਣਗੇ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਬਦਲ ਰਹੀ ਨੁਹਾਰ ਨੂੰ ਵੇਖ ਕੇ ਇਸ ਵਾਰ ਪ੍ਰਾਈਵੇਟ ਸਕੂਲਾਂ ਨੂੰ ਛੱਡਕੇ 8905 ਵਿਦਿਆਰਥੀਆਂ ਨੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਲਿਆ ਹੈ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਚੰਦਰਯਾਨ-3 ਅਤੇ ਅਦਿੱਤਿਆ ਐੱਲ-1 ਲਾਂਚ ਦੇਖਣ ਲਈ ਇਸਰੋ ਦਾ ਦੌਰਾ ਕੀਤਾ। ਉਹਨਾਂ ਹੋਰ ਦੱਸਿਆ ਕਿ ਪਿਛਲੇ ਤਿੰਨ ਸਾਲਾ ਦੌਰਾਨ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਸ਼ਵ ਪੱਧਰੀ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਸਿੰਘਾਪੁਰ ਵਿਖੇ 234 ਪ੍ਰਿੰਸੀਪਲ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ।ਫਿਨਲੈਂਡ ਵਿਖੇ 144 ਪ੍ਰਾਇਮਰੀ ਸਕੂਲਾਂ ਦੇ ਅਧਿਆਪਕ, ਮੁੱਖ ਅਧਿਆਪਕ ਅਤੇ ਬੀ.ਪੀ.ਈ.ਓ. ਟ੍ਰੇਨਿੰਗ ਲੈ ਚੁੱਕੇ ਹਨ।ਇਸ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਕੇ ਉਨ੍ਹਾਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ।

ਇਨ੍ਹਾਂ ਸਮਾਗਮਾਂ ਦੌਰਾਨ ਬੀ.ਪੀ.ਈ.ਓ. ਜਗਰਾਉਂ ਸੁਖਦੇਵ ਸਿੰਘ ਹਠੂਰ, ਸੀਨੀ: ਸੈਕੰ: ਸਕੂਲ ਕਾਉਂਕੇ ਕਲਾਂ ਦੇ ਪ੍ਰਿੰਸੀਪਲ ਦਲਜੀਤ ਕੌਰ ਤੇ ਸੀਨੀ: ਸੈਕੰ: ਸਕੂਲ ਡੱਲਾ ਦੇ ਪ੍ਰਿੰਸੀਪਲ ਹਰਜਿੰਦਰ ਕੌਰ ਨੇ ਪੰਜਾਬ ਸਰਕਾਰ ਤੇ ਹਲਕਾ ਜਗਰਾਉਂ ਦੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦਾ ਗਰਾਂਟਾਂ ਜਾਰੀ ਕਰਵਾਉਣ ਲਈ ਧੰਨਵਾਦ ਕੀਤਾ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਅਤੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਯੋਗ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਵੱਲੋਂ ਪਰਮਪਿਤਾ ਪਰਮੇਸ਼ਵਰ ਦਾ ਨਾਮ ਲੈਂਦੇ ਹੋਏ ਪਾਠ ਦਾ ਆਰੰਭ ਕੀਤਾ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।ਮੈਡਮ ਸ਼ਿਵਾਨੀ ਵੱਲੋਂ ਇੱਕ ਭਾਸ਼ਣ ਦੁਆਰਾ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਬਾਰੇ ਜਾਣੂ ਕਰਵਾਇਆ ਗਿਆ।ਪ੍ਰਾਇਮਰੀ ਵਿਭਾਗ ਦੇ ਕੋਆਰਡੀਨੇਟਰ ਮੈਡਮ ਰਿਚਾ ਵੱਲੋਂ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਆਰਟ ਐਂਡ ਕਰਾਫਟ, ਡਾਂਸ, ਲਾਈਟ ਮੇਕਿੰਗ, ਭੰਗੜਾ ਗਿੱਧਾ ਆਦਿ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਹ ਤਿਉਹਾਰ ਵਿਸਾਖ ਦੇ ਮਹੀਨੇ ਪਹਿਲੀ ਤਰੀਕ ਨੂੰ ਕਣਕ ਦੀ ਫਸਲ ਦੇ ਪੱਕਣ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ।ਵਿਸਾਖ ਦੇ ਤਿਉਹਾਰ ਨੂੰ ਕਈ ਕਾਰਨਾਂ ਕਰਕੇ ਪਵਿੱਤਰ ਮੰਨਿਆ ਜਾਂਦਾ ਹੈ।ਕਣਕ ਦੀ ਵਾਢੀ ਇਸ ਦਿਨ ਸ਼ੁਰੂ ਕੀਤੀ ਜਾਂਦੀ ਹੈ।ਲੋਕ ਖੁਸ਼ੀ ਵਿੱਚ ਭੰਗੜੇ ਪਾਉਂਦੇ ਹਨ ਕਈ ਥਾਵਾਂ ਤੇ ਬਹੁਤ ਭਾਰੀ ਮੇਲੇ ਲੱਗਦੇ ਹਨ।ਉਨ੍ਹਾਂ ਦੱਸਿਆ ਕਿ ਇਸੇ ਦਿਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1629 ਈਸਵੀ ਵਿੱਚ ਅਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ।ਇਸ ਮੌਕੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਦੱਸਿਆ ਕਿ 13 ਅਪ੍ਰੈਲ 1919 ਵਿੱਚ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਜਲ੍ਹਿਆਂਵਾਲਾ ਬਾਗ ਵਿੱਚ ਜਨਰਲ ਡਾਇਰ ਵੱਲੋਂ ਨਿਹੱਥੇ ਪੰਜਾਬੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ, ਜਿਸ ਦਾ ਬਦਲਾ ਊਧਮ ਸਿੰਘ ਨੇ ਇੰਗਲੈਂਡ ਵਿੱਚ ਜਨਰਲ ਡਾਇਰ ਨੂੰ ਗੋਲੀ ਮਾਰ ਕੇ ਲਿਆ। ਵਿਸਾਖੀ ਵਾਲੇ ਦਿਨ ਹੀ 1801 ਈਸਵੀ ਨੂੰ ਰਣਜੀਤ ਸਿੰਘ ਨੂੰ ਮਹਾਰਾਜਾ ਦੀ ਉਪਾਧੀ ਦਿੱਤੀ ਗਈ।ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਕੁਆਰਡੀਨੇਟਰ ਮੁਕੇਸ਼ ਅਰੋੜਾ, ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ ਤੇ ਪ੍ਰਾਇਮਰੀ ਵਿੰਗ ਦੇ ਕੋਆਰਡੀਨੇਟਰ ਮੈਡਮ ਰਿਚਾ ਹਾਜ਼ਰ ਸਨ।

## ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਵਰਕਰਾਂ ਵੱਲੋਂ ਸ਼ਹੀਦ ਸੁਖਰਾਜ ਸਿੰਘ ਖੱਦਰ ਨੂੰ ਸ਼ਰਧਾਂਜਲੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਅੱਜ ਨਕਸਲੀ ਸ਼ਹੀਦ ਸੁਖਰਾਜ ਸਿੰਘ ਖੱਦਰ ਦੇ 41ਵੇਂ ਸ਼ਹੀਦੀ ਦਿਵਸ ਮੌਕੇ ਉਹਨਾਂ ਦੇ ਪਿੰਡ ਖਦਰ ਵਿੱਚ ਬਣੀ ਸ਼ਹੀਦੀ ਯਾਦਗਾਰ ਉੱਪਰ ਪਹੁਚ ਕੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਵਰਕਰਾਂ ਨੇ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ। ਇਸ ਸਮੇਂ ਉਹਨਾਂ ਦੀ ਯਾਦਗਾਰ ਉੱਪਰ ਮਜ਼ਦੂਰ ਆਗੂ ਦਲਬੀਰ ਮਲਕਵਾਲ ਨੇ ਝੰਡਾ ਝੁਲਾਉਣ ਦੀ ਰਸਮ ਅਦਾ ਕੀਤੀ। ਸ਼ਹੀਦ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਲਿਬਰੇਸ਼ਨ ਦੇ ਆਗੂ ਗੁਰਦੀਪ ਸਿੰਘ ਕਾਮਲਪੁਰ, ਅਸ਼ਵਨੀ ਕੁਮਾਰ ਲੱਖਣ ਕਲਾਂ, ਸ਼ਿਵਰਾਪ ਬਿਸ਼ਨਪੁਰ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਕਿਹਾ ਕਿ 12 ਅਪ੍ਰੈਲ 1984 ਨੂੰ ਸਾਥੀ ਸੁਖਰਾਜ ਸਿੰਘ ਦੇ ਘਰ ਅੰਦਰ ਦਾਖਲ ਹੋ ਕੇ ਜਨੂੰਨੀਆਂ ਨੇ ਉਸ ਦਾ ਕਤਲ ਇਸ ਕਰਕੇ ਕਰ ਦਿੱਤਾ ਸੀ ਕਿਉਂਕਿ ਸੁਖਰਾਜ ਖੱਦਰ ਸਾਂਝੀਵਾਲਤਾ ਦੀ ਗੱਲ ਕਰਦਾ ਸੀ ਅਤੇ ਧਰਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲਿਆਂ ਦਾ ਵਿਰੋਧ ਕਰਦਾ ਸੀ। ਉਹਨਾਂ ਕਿਹਾ ਕਿ ਪੰਜਾਬ ਵਿੱਚ ਦੁਬਾਰਾ ਫਿਰ 1980 ਦੇ ਦਹਾਕੇ ਵਾਲੀ ਰਾਜਨੀਤੀ ਦੀਆਂ ਗੋਟਾਂ ਗੁੰਦੀਆਂ ਜਾ ਰਹੀਆਂ ਹਨ ਕਿਉਂਕਿ ਪੰਜਾਬ ਦੀਆਂ 2027 ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਕੁਝ ਪੰਜਾਬ ਵਿਰੋਧੀ ਅਤੇ ਧਾਰਮਿਕ ਕੱਟੜਤਾਵਾਦੀ ਸ਼ਕਤੀਆਂ ਪੰਜਾਬ ਦੀ ਸੱਤਾ 'ਤੇ ਕਬਜ਼ਾ ਕਰਨ ਲਈ ਲੋਕਾਂ ਦਾ ਧਰੁਵੀਕਰਨ ਕਰਨ ਦੀ ਰਾਜਨੀਤਿਕ ਖੇਡ ਖੇਡ ਰਹੀਆਂ ਹਨ। ਪੰਜਾਬ ਵਿੱਚ ਵੱਖ-ਵੱਖ ਜਗ੍ਹਾ ਉੱਪਰ ਸੁੱਟੇ ਜਾ ਰਹੇ ਗਰਨੇਡ ਅਤੇ ਚਲਾਈਆਂ ਜਾ ਰਹੀਆਂ ਗੋਲੀਆਂ ਇੱਕ ਗਹਿਰੀ ਰਾਜਨੀਤਕ ਸਾਜਿਸ਼ ਦਾ ਹਿੱਸਾ ਹੈ ਜਿਸ ਨੂੰ ਪੰਜਾਬ ਸਰਕਾਰ ਸਮਝਣ ਅਤੇ ਕੰਟਰੋਲ ਕਰਨ ਦੀ ਬਜਾਏ ਪਾਕਿਸਤਾਨ ਦੀ ਗੁਪਤਚਰ ਏਜੰਸੀ ਆਈ ਐਸ ਆਈ ਦੇ ਸਿਰ ਮੜ੍ਹ ਕੇ ਆਪਣਾ ਪੱਲਾ ਝਾੜ ਰਹੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੂੰ ਚਲਾਉਣ ਦਾ ਕੋਈ ਵੀ ਇੱਕ ਕੇਂਦਰ ਬਿੰਦੂ ਨਹੀਂ ਹੈ, ਜਿਸ ਕਾਰਨ ਪੰਜਾਬ ਵਿੱਚ ਭਰਿਸ਼ਟਾਚਾਰ, ਨਸ਼ੇ ਅਤੇ ਅਮਨ ਕਨੂੰਨ ਦੀ ਹਾਲਤ ਲਗਾਤਾਰ ਬਦਤਰ ਹੋਈ ਹੈ। ਇਸ ਸਮੇ ਗੁਰਿੰਦਰ ਸਿੰਘ ਖੱਦਰ, ਕੁਲਵੰਤ ਸਿੰਘ ਰਾਮਦੀਵਾਲੀ, ਲਖਵਿੰਦਰ ਸਿੰਘ ਰੋਸੇ, ਫੂਲ ਚੰਦ, ਪ੍ਰੇਮ ਮਸੀਹ ਸੋਨਾ ਅਤੇ ਜੋਗਿੰਦਰ ਪਾਲ ਲੇਹਲ ਹਾਜ਼ਰ ਸਨ।।

## ਜੇ ਬੀ ਐੱਲ ਨੇ ਭਾਰਤ ਵਿੱਚ ਟਿਊਨ ਸੀਰੀਜ਼ 2 ਲਾਂਚ ਕੀਤੀ

**ਜਲੰਧਰ**-ਜੇ.ਬੀ.ਐੱਲ. ਨੇ ਭਾਰਤ ਵਿੱਚ ਆਪਣੀ ਗੇਮ-ਚੇਂਜਿੰਗ ਟਿਊਨ ਸੀਰੀਜ਼ 2 ਦੀ ਸ਼ੁਰੂਆਤ ਦੀ ਘੋਸ਼ਣਾ ਕੀਤੀ ਹੈ, ਜੋ ਰੋਜ਼ਾਨਾ ਆਡੀਓ ਅਨੁਭਵਾਂ ਨੂੰ ਉੱਚਾ ਚੁੱਕਣ ਦੇ ਇੱਕ ਵਾਧੂ ਪਰਤ ਜੋੜਨ ਦਾ ਵਾਅਦਾ ਕਰਦਾ ਹੈ। ਨਵੀਂ ਸੀਰੀਜ਼ ਤਿੰਨ ਵੱਖ-ਵੱਖ ਸ਼ੈਲੀਆਂ ਪੇਸ਼ ਕਰਦੀ ਹੈ - ਬਡਜ 2, ਬੀਮ 2, ਅਤੇ ਫਲੈਕਸ 2 - ਹਰੇਕ ਨੂੰ ਵੱਖ-ਵੱਖ ਜੀਵਨ ਸ਼ੈਲੀ ਪਸੰਦਾਂ ਅਤੇ ਸੁਣਨ ਦੇ ਅਨੁਭਵਾਂ ਨਾਲ ਮੇਲ ਕਰਨ ਲਈ ਤਿਆਰ ਕੀਤਾ ਗਿਆ ਹੈ। ਟਿਊਨ 2 ਸੀਰੀਜ਼ ਪਹਿਲੀ ਵਾਰ ਅਡੈਪਟਿਵ ਨੋਇਸ ਕੈਂਸਲਿੰਗ, ਵਧੇ ਹੋਏ ਡਰਾਈਵਰਾਂ ਅਤੇ ਸਮੱਸਿਆ ਸਾਊਂਡ ਵਰਗੇ ਫੀਚਰਾਂ ਨਾਲ ਆਡੀਓ ਉੱਤਮਤਾ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ, ਜੋ ਯਾਤਰਾ ਦੌਰਾਨ ਜੀਵਨ ਲਈ ਗਤੀਸ਼ੀਲ ਅਤੇ ਲਚਕਦਾਰ ਸੁਣਨ ਦੇ ਅਨੁਭਵ ਪ੍ਰਦਾਨ ਕਰਦੀ ਹੈ। ਮਲਟੀ-ਪੁਆਇੰਟ ਕਨੈਕਸ਼ਨ ਅਤੇ ਗੂਗਲ ਦੇ ਫਾਸਟ ਪੇਅਰ ਨਾਲ, ਯੂਜ਼ਰ ਹਰ ਸਮੇਂ ਸਹਿਜ ਕਨੈਕਟਿਵਿਟੀ ਨੂੰ ਯਕੀਨੀ ਬਣਾਉਂਦੇ ਹੋਏ ਆਸਾਨੀ ਨਾਲ ਡਿਵਾਈਸਾਂ ਵਿਚਕਾਰ ਸਵਿੱਚ ਕਰ ਸਕਦੇ ਹਨ ਅਤੇ ਐਂਡਰਾਇਡ ਡਿਵਾਈਸਾਂ ਨਾਲ ਤੁਰੰਤ ਪੇਅਰਿੰਗ ਦਾ ਆਨੰਦ ਮਾਣ ਸਕਦੇ ਹਨ। ਇਸ ਸੀਰੀਜ਼ ਦੇ ਹਰੇਕ ਮਾਡਲ ਵਿੱਚ ਅਡਵਾਂਸਡ ਫੀਚਰ ਸ਼ਾਮਲ ਹਨ, ਜਿਨ੍ਹਾਂ ਵਿੱਚ ਬਲੂਟੁੱਥ 5.3, ਐੱਲ.ਈ. ਆਡੀਓ ਅਤੇ 6 ਮਾਈਕ੍ਰੋਫ਼ੋਨ ਸ਼ਾਮਲ ਹਨ, ਜੋ ਚੁਣੌਤੀਪੂਰਨ ਵਾਤਾਵਰਣ ਵਿੱਚ ਵੀ ਕ੍ਰਿਸਟਲ-ਕਲੀਅਰ ਕਾਲਾਂ ਨੂੰ ਯਕੀਨੀ ਬਣਾਉਂਦੇ ਹਨ। ਟਾਕਥਰੂ ਫੀਚਰ ਤੁਹਾਨੂੰ ਈਅਰਬਡਸ ਨੂੰ ਹਟਾਏ ਬਿਨਾਂ ਗੱਲਬਾਤ ਵਿੱਚ ਸ਼ਾਮਲ ਹੋਣ ਦਿੰਦਾ ਹੈ। ਜੇ.ਬੀ.ਐੱਲ. ਪਰਸੋਨੀ-ਐੱਫ਼.ਆਈ. 3.0 ਨਾਲ ਨਿੱਜੀਕਰਨ ਨੂੰ ਅਗਲੇ ਪੱਧਰ 'ਤੇ ਲੈ ਜਾਂਦਾ ਹੈ। ਹਰਮਨ ਇੰਡੀਆ ਦੇ ਮੁੱਖ ਪ੍ਰਧਾਨ ਵਿਕਰਮ ਖੇਰ ਨੇ ਕਿਹਾ, ਜੇ.ਬੀ.ਐੱਲ. ਵਿਖੇ ਸਾਡਾ ਇਹ ਮੰਨਣਾ ਹੈ ਕਿ ਵਧੀਆ ਆਵਾਜ਼ ਹਰ ਇੱਕ ਪਲ ਦਾ ਹਿੱਸਾ ਹੋਣੀ ਚਾਹੀਦੀ ਹੈ, ਜੋ ਮਾਇਨੇ ਰੱਖਦਾ ਹੈ। ਭਾਰਤ ਵਿੱਚ ਜੇ.ਬੀ.ਐੱਲ. ਟਿਊਨ ਸੀਰੀਜ਼ ਦੇ ਵਿਸਥਾਰ ਦੇ ਨਾਲ, ਅਸੀਂ ਅਡੈਪਟਿਵ ਨੋਇਸ ਕੈਂਸਲਿੰਗ ਅਤੇ ਵੌਇਸਅਵੇਅਰ ਦੇ ਫੀਚਰ ਵਾਲਾ ਇੱਕ ਵਧੀਆ ਹੋਇਆ ਇਮਰਸਿਵ ਆਡੀਓ ਅਨੁਭਵ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜਿਸ ਨਾਲ ਯੂਜ਼ਰਾਂ ਨੂੰ ਉੱਤਮ ਆਵਾਜ਼ ਗੁਣਵੱਤਾ ਅਤੇ ਸਾਰਾ ਦਿਨ ਆਰਾਮ ਨਾਲ ਆਪਣੇ ਸੁਣਨ ਦੇ ਅਨੁਭਵ ਨੂੰ ਨਿੱਜੀ ਬਣਾਉਣ ਦੀ ਆਗਿਆ ਮਿਲਦੀ ਹੈ।

## ਆਰ ਐੱਮ ਪੀ ਆਈ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਜਲ੍ਹਿਆਂਵਾਲਾ ਬਾਗ ਸ਼ਹੀਦੀ ਸਾਕੇ ਬਾਰੇ ਸੈਮੀਨਾਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਵੱਲੋਂ ਖਾਲਸਾ ਪੰਥ ਦੀ ਸਾਜਨਾ ਦੇ ਇਤਿਹਾਸਕ ਮਹੱਤਵ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦੀ ਸਾਕੇ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਿਕਤਾ 'ਤੇ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਦੇ ਵਰਤਮਾਨ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵਾਂ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਖਾਲਸਾ ਪੰਥ ਦੀ ਸਥਾਪਨਾ ਦੇ ਇਤਿਹਾਸਕ ਪਿਛੋਕੜ ਅਤੇ ਉਸ ਸਮੇਂ ਦੇ ਵਿਚਾਰਧਾਰਕ ਵਿਵਾਦਾਂ ਨੂੰ ਸਮਝਣਾ ਅੱਜ ਦੇ ਸਮੇਂ ਵਿੱਚ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬਾਨ ਦੇ ਨਿਸ਼ਾਨੇ ਸਿਰਫ ਧਾਰਮਿਕ ਨਹੀਂ ਸਨ, ਸਗੋਂ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਸਿਧਾਂਤਾਂ 'ਤੇ ਆਧਾਰਤ ਸਨ, ਜੋ ਅੱਜ ਵੀ ਪ੍ਰਸੰਗਿਕ ਹਨ। ਸੈਮੀਨਾਰ ਵਿੱਚ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਇਸ ਘਟਨਾ ਨੂੰ ਬ੍ਰਿਟਿਸ਼ ਸਾਮਰਾਜਵਾਦ ਦੇ ਵਿਰੁੱਧ ਲੜਾਈ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਦੱਸਿਆ। ਉਹਨਾਂ ਨੇ ਇਸ ਘਟਨਾ ਨੂੰ ਅੱਜ ਦੇ ਸਮੇਂ ਵਿੱਚ ਸਾਂਝੇ ਸੰਘਰਸ਼ ਦੀ ਪ੍ਰੇਰਨਾ ਵਜੋਂ ਦੇਖਣ ਦੀ ਲੋੜ 'ਤੇ ਜ਼ੋਰ ਦਿੱਤਾ। ਸਾਥੀ ਪਾਸਲਾ ਨੇ ਕਿਹਾ ਕਿ ਮਨੂੰਵਾਦ ਦੇ ਕਾਤਲ ਸਾਮਰਾਜ ਦੀਆਂ ਸਾਜ਼ਿਸ਼ਾਂ ਅਤੇ ਮਨਸੂਬਿਆਂ ਨੂੰ ਭਾਂਜ ਦੇਣ ਲਈ ਸਾਮਰਾਜੀ ਤਾਕਤਾਂ ਦੀ ਝੋਲੀ ਚੁੱਕ ਪਾਰਟੀ ਭਾਜਪਾ ਨੂੰ ਗੱਦੀ ਤੋਂ ਲਹੁਣਾ ਅਤਿ ਜ਼ਰੂਰੀ ਹੈ।ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਆਰ ਐੱਸ ਐੱਸ ਅਤੇ ਹਿੰਦੂਵਾਦੀ ਸੰਗਠਨਾਂ ਦੇ ਰਾਜਨੀਤਿਕ ਏਜੰਡੇ ਬਾਰੇ ਚਰਚਾ ਕੀਤੀ। ਸੈਮੀਨਾਰ ਦੀ ਪ੍ਰਧਾਨਗੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਸੁਲੱਖਣ ਸਿੰਘ ਤੁੜ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਕਿਹਾ ਇਨ੍ਹਾਂ ਦੋਨਾਂ ਇਤਿਹਾਸਕ ਘਟਨਾਵਾਂ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਨਿਆਂ, ਏਕਤਾ, ਜਮਹੂਰੀਅਤ ਅਤੇ ਧਰਮ-ਨਿਰਪੱਖਤਾ ਲਈ ਲੜਾਈ ਜਾਰੀ ਰੱਖਣ ਦੀ ਲੋੜ ਹੈ।ਸੈਮੀਨਾਰ ਦੀ ਵਿਚਾਰ ਚਰਚਾ ਵਿੱਚ ਹੋਰਨਾਂ ਤੋਂ ਇਲਾਵਾ ਗੁਰਦਰਸ਼ਨ ਸਿੰਘ ਬੀਕਾ, ਮਾਸਟਰ ਸ਼ੰਗਾਰਾ ਸਿੰਘ ਘੜਕਾ , ਸਤਪਾਲ ਸ਼ਰਮਾ ,ਰੇਸ਼ਮ ਸਿੰਘ ਫੈਲੋਕੇ, ਧਰਮ ਸਿੰਘ, ਨਰਿੰਦਰ ਸਿੰਘ ਰਟੌਲ, ਮਨਜੀਤ ਸਿੰਘ ਬੱਗੂ ਆਦਿ ਆਗੂਆਂ ਨੇ ਹਿੱਸਾ ਲਿਆ।

## ਸਕੂਲਾਂ 'ਚ ਹੋਏ ਕੰਮਾਂ ਉੱਤੇ ਟਿੱਪਣੀਆਂ ਕਰਨੀਆਂ ਆਮ ਲੋਕਾਂ ਦਾ ਮਜ਼ਾਕ ਉਡਾਉਣ ਵਾਲੀ ਗੱਲ : ਧਾਲੀਵਾਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਿਸ਼ਾ ਅਤੇ ਦਸ਼ਾ ਬਦਲਣ ਲਈ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਉੱਤੇ ਟਿੱਪਣੀਆਂ ਕਰਨ ਵਾਲੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਇਹਨਾਂ ਆਗੂਆਂ ਨੇ 75 ਸਾਲ ਪੰਜਾਬ ਉਤੇ ਰਾਜ ਕੀਤਾ ਪਰ ਆਪ ਸਕੂਲਾਂ ਦੀ ਸਾਰ ਤੱਕ ਨਹੀਂ ਲਈ। ਹੁਣ ਜੇ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਸਾਡੀ ਸਰਕਾਰ ਸਕੂਲਾਂ ਵਿੱਚ ਮੁਢਲੀਆਂ ਸਹੂਲਤਾਂ ਬੱਚਿਆਂ ਨੂੰ ਦੇ ਰਹੀ ਹੈ ਤਾਂ ਇਹ ਬੈਠੇ ਸੋਸ਼ਲ ਮੀਡੀਆ ਉੱਤੇ ਵਨ-ਸੁਵੰਨੀਆਂ ਟਿੱਪਣੀਆਂ ਕਰ ਰਹੇ ਹਨ। ਉਹਨਾਂ ਕਿਹਾ ਕਿ ਸਕੂਲਾਂ ਦੇ ਵਿੱਚ ਕਮਰੇ ਬਣਾਉਣੇ, ਪੁਰਾਣੇ ਕਮਰਿਆਂ ਦੀ ਮੁਰੰਮਤ ਕਰਨੀ, ਫਰਸ਼ਾਂ ਲਗਾਉਣੀਆਂ, ਬਾਥਰੂਮ ਬਣਾਉਣੇ, ਖੇਡਾਂ ਦਾ ਸਮਾਨ ਦੇਣਾ, ਕੰਪਿਊਟਰ ਦੇਣੇ, ਗੱਲ ਕੀ ਮੁਢਲੀਆਂ ਸਹੂਲਤਾਂ ਦੇਣੀਆਂ ਕੋਈ ਗੁਨਾਹ ਹੈ ? ਉਹਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਉੱਤੇ ਟਿੱਪਣੀਆਂ ਕਰਕੇ ਇਹ ਲੋਕ ਪੰਜਾਬ ਦੇ ਆਮ ਲੋਕਾਂ ਜਿਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਦਾ ਮਜ਼ਾਕ ਉਡਾ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਲੀਡਰਾਂ ਦੇ ਜਵਾਕ ਤਾਂ ਠੰਢੀਆਂ ਥਾਵਾਂ ਉੱਤੇ ਜਾਂ ਚੰਡੀਗੜ੍ਹ ਵਿੱਚ ਬਣੇ ਵੱਡੇ ਸਕੂਲਾਂ ਵਿੱਚ ਪੜ੍ਹੇ ਹਨ ਅਤੇ ਪੜ੍ਹਦੇ ਰਹੇ ਹਨ। ਇਹਨਾਂ ਨੂੰ ਸਰਕਾਰੀ ਸਕੂਲਾਂ ਦੀਆਂ ਲੋੜਾਂ ਦਾ ਕੀ ਪਤਾ ? ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਜੇਕਰ ਉਹਨਾਂ ਦੀਆਂ ਬੁਨਿਆਦੀ ਸਹੂਲਤਾਂ ਦੇਣ ਦਾ ਬੀੜਾ ਚੁੱਕਿਆ ਹੈ ਤਾਂ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੁੱਕਿਆ ਹੈ।ਧਾਲੀਵਾਲ ਨੇ ਕਿਹਾ ਕਿ ਇਹਨਾਂ ਵਿਰੋਧੀਆਂ ਨੂੰ ਕੋਈ ਵੀ ਟਿੱਪਣੀ ਕਰਨ ਤੋਂ ਪਹਿਲਾਂ ਆਪਣੇ ਇਲਾਕੇ, ਆਪਣੇ ਹਲਕੇ ਦੇ ਸਰਕਾਰੀ ਸਕੂਲ ਜਾ ਕੇ ਵੇਖ ਲੈਣਾ ਚਾਹੀਦਾ ਹਨ, ਕਿ ਉਸ ਦੀ ਤਸਵੀਰ ਕਿਸ ਤਰ੍ਹਾਂ ਬਦਲੀ ਹੈ। ਘਰ ਬੈਠ ਕੇ ਸੋਸ਼ਲ ਮੀਡੀਆ 'ਤੇ ਟਿੱਪਣੀਆਂ ਕਰਨੀਆਂ ਬੜੀਆਂ ਸੌਖੀਆਂ ਪਰ ਕੰਮ ਕਰਨੇ ਬੜੇ ਔਖੇ ਨੇ।

## ਗੁਰੂ ਗੋਬਿੰਦ ਸਿੰਘ ਨੇ ਵਿਸਾਖੀ 'ਤੇ ਅੰਮ੍ਰਿਤ ਛਕਾ ਕੇ ਕਿਰਤੀਆਂ ਦੀ ਫ਼ੌਜ ਤਿਆਰ ਕੀਤੀ : ਮਾੜੀਮੇਘਾ



**ਭਿੱਖੀਵਿੰਡ**-ਪੰਜਾਬ ਇਸਤਰੀ ਸਭਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਅਤੇ ਯੰਗ ਵੋਮੈਨ ਐਸੋਸੀਏਸ਼ਨ ਬਲਾਕ ਭਿੱਖੀਵਿੰਡ ਵੱਲੋਂ ਸੀ ਪੀ ਆਈ ਦੇ ਸਹਿਯੋਗ ਨਾਲ ਵਿਸਾਖੀ ਦੇ ਇਨਕਲਾਬੀ ਦਿਹਾੜੇ ਅਤੇ ਅੰਬੇਡਕਰ ਦੀ ਜੈਯੰਤੀ 'ਤੇ ਸਿਧਾਂਤਕ ਕੈਂਪ ਲਾਇਆ ਗਿਆ। ਜਿਸ ਦੀ ਪ੍ਰਧਾਨਗੀ ਵੀਰ ਕੌਰ ਸਾਂਡਪੁਰਾ, ਟਹਿਲ ਸਿੰਘ ਲੱਧੂ, ਮਨਜੀਤ ਕੌਰ ਅਲਗੋਂ, ਗੁਰਮੀਤ ਕੌਰ ਭਗਵਾਨਪੁਰਾ ਤੇ ਅਮਨਦੀਪ ਕੌਰ ਨੇ ਕੀਤੀ। ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕੈਂਪ ਵਿੱਚ ਆਏ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇਨਕਲਾਬੀ ਦਿਹਾੜਾ ਸਿਰਫ਼ ਅੰਮ੍ਰਿਤ ਛਕਣ ਤੱਕ ਸੀਮਤ ਨਹੀਂ ਸੀ, ਇਹ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਹਾਕਮ ਲੁਟੇਰਿਆਂ ਨਾਲ ਲੜਨ ਵਾਸਤੇ ਮਿਹਨਤਕਸ਼ ਅਵਾਮ ਦੀ ਫੌਜ ਤਿਆਰ ਕੀਤੀ ਸੀ। ਉਸ ਵਕਤ ਹਾਲਾਤ ਇਹ ਸਨ ਕਿ ਮੁਗਲ ਸਿਰਫ਼ ਕਿਰਤੀਆਂ ਦੀ ਧਨ ਦੌਲਤ ਹੀ ਨਹੀਂ ਸਨ ਲੁੱਟਦੇ, ਉਨ੍ਹਾਂ ਤੇ ਜਬਰ ਵੀ ਢਾਹੁੰਦੇ ਅਤੇ ਬਹੁ ਬੇਟੀਆਂ ਦੀ ਇੱਜ਼ਤ ਵੀ ਲੁੱਟਦੇ ਸਨ। ਮੁਗਲਾਂ ਦਾ ਦਬਾਅ ਏਨਾ ਸੀ ਕਿ ਉਸ ਵਕਤ ਤਾਂ ਮੁਗਲ ਸ਼ਾਸਕਾਂ ਦੇ ਸਾਹਮਣੇ ਕੋਈ ਸਜਣ ਧਜਣ ਵਾਲੇ ਕੱਪੜੇ ਵੀ ਨਹੀਂ ਸੀ ਪਾ ਸਕਦਾ। ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਨਵੀਂ ਵਰਦੀ ਦਸਤਾਰ ਸਮੇਤ ਪਹਿਨਾਈ ਅਤੇ ਸ਼ਰੇਆਮ ਗਲ ਵਿੱਚ ਕਿਰਪਾਨ ਪਾ ਕੇ ਚੱਲਣ ਦਾ ਉਪਦੇਸ਼ ਦਿੱਤਾ। ਇਹ ਉਸ ਸਮੇਂ ਗੁਰੂ ਜੀ ਦਾ ਮੁਗਲਾਂ ਨੂੰ ਇਨਕਲਾਬੀ ਚੈਲੰਜ ਸੀ। ਮਾੜੀਮੇਘਾ ਨੇ ਕਿਹਾ ਕਿ ਬਾਬਾ ਅੰਬੇਡਕਰ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹਿੰਦੁਸਤਾਨ ਦੀ ਸਰਕਾਰ ਚਲਾਉਣ ਵਾਸਤੇ ਸੰਵਿਧਾਨ ਰਚਣ ਵਿੱਚ ਮਹਾਨਤਾ ਹਾਸਲ ਕੀਤੀ। ਸੰਵਿਧਾਨ ਲਿਖਣ ਵਾਸਤੇ ਭਾਵੇਂ ਕਮੇਟੀ ਬਣੀ ਸੀ ਪਰ ਮੁੱਖ ਖਰੜਾ ਅੰਬੇਡਕਰ ਨੇ ਤਿਆਰ ਕੀਤਾ ਅਤੇ ਉਹ ਹੀ ਵਾਧਿਆਂ ਘਾਟਿਆਂ ਨਾਲ ਮਨਜ਼ੂਰ ਹੋਇਆ। ਸੰਵਿਧਾਨ ਵਿੱਚ ਹਰੇਕ ਜਾਤ, ਨਸਲ, ਫਿਰਕੇ ਅਤੇ ਇਲਾਕੇ ਦਾ ਧਿਆਨ ਰੱਖ ਕੇ ਉਨ੍ਹਾਂ ਨੂੰ ਸੰਵਿਧਾਨ ਵਿੱਚ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਉਨ੍ਹਾਂ ਕਿਹਾ ਮੌਜੂਦਾ ਬੀ ਜੇ ਪੀ ਦੀ ਸਰਕਾਰ ਸੰਵਿਧਾਨ ਨਾਲ ਛੇੜਛਾੜ ਕਰ ਰਹੀ ਹੈ। ਸੰਵਿਧਾਨ ਦੀ ਮੂਲ ਭਾਵਨਾ ਹੀ ਖ਼ਤਮ ਕਰਨਾ ਚਾਹੁੰਦੀ ਹੈ। ਉਸ ਦੀ ਤਾਜ਼ਾ ਮਿਸਾਲ ਜੰਮੂ ਕਸ਼ਮੀਰ ਦੇ ਵਿਸ਼ੇਸ਼ ਅਧਿਕਾਰ ਖ਼ਤਮ ਕਰਨ ਦੀ ਹੈ। ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਮੇਜਰ ਸਿੰਘ ਦਰਾਜਕੇ ਨੇ ਕਿਹਾ ਕਿ ਲੋੜ ਇਸ ਵੇਲੇ ਜੁਆਨੀ ਨੂੰ ਰੁਜ਼ਗਾਰ ਦੇਣ ਦੀ ਹੈ ਪਰ ਸਰਕਾਰ ਇਸ ਪਾਸੇ ਤੋਂ ਧਿਆਨ ਪਾਸੇ ਕਰਨ ਵਾਸਤੇ ਲੋਕਾਂ ਵਿੱਚ ਜਾਤ, ਧਰਮ ਅਤੇ ਨਸਲ ਦੀਆਂ ਵੰਡੀਆਂ ਪਾ ਰਹੀ ਹੈ। ਮਜ਼ਦੂਰਾਂ ਅਤੇ ਕਿਸਾਨਾਂ ਦੇ ਸਿਰਾਂ 'ਤੇ ਕਰਜ਼ੇ ਦਾ ਬੋਝ ਹੈ ਉਹ ਤਾਂ ਮੁਆਫ ਨਹੀਂ ਕੀਤੇ ਜਾਂਦੇ ਪਰ ਕਾਰਪੋਰੇਟ ਘਰਾਣਿਆਂ ਅਡਾਨੀ ਅੰਬਾਨੀ ਦੇ ਕਰਜ਼ਿਆਂ 'ਤੇ ਲੀਕ ਮਾਰ ਦਿੱਤੀ ਜਾਂਦੀ ਹੈ। ਇਸ ਲਈ ਸਾਨੂੰ ਆਪਣੇ ਹੱਕ ਲੈਣ ਅਤੇ ਰੁਜ਼ਗਾਰ, ਘਰ, ਵਿੱਦਿਆ ਅਤੇ ਸਿਹਤ ਦੀ ਮੁਫ਼ਤ ਸਹੂਲਤ ਲਈ ਜਥੇਬੰਦ ਹੋਣਾ ਚਾਹੀਦਾ ਹੈ।

## ਭਾਰਤੀ ਫ਼ੌਜ ਦੇ ਮੁਖੀ ਦਿਵੇਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤੀ ਫੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਸ ਸਮੇਂ ਉਨ੍ਹਾਂ ਦੀ ਧਰਮ ਪਤਨੀ ਸੁਨੀਤਾ ਦਿਵੇਦੀ, ਪਰਵਾਰਕ ਮੈਂਬਰ ਅਤੇ ਮੇਜਰ ਜਨਰਲ ਕਾਰਤਿਕ ਸੀ ਸ਼ਦਰੀ ਵੀ ਮੌਜੂਦ ਸਨ। ਜਨਰਲ ਦਿਵੇਦੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਸੂਚਨਾ ਅਧਿਕਾਰੀ ਰਣਧੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ, ਸਿੱਖ ਪ੍ਰੰਪਰਾਵਾਂ ਅਤੇ ਇਥੇ ਸਥਿਤ ਅਸਥਾਨਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕੁਝ ਸਮੇਂ ਲਈ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾ ਕੇ ਵੀ ਸ਼ਰਧਾ ਪ੍ਰਗਟਾਈ।ਇਸ ਦੌਰਾਨ ਫ਼ੌਜ ਮੁਖੀ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਲੋਈ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਤ ਕੀਤਾ। ਸੂਚਨਾ ਕੇਂਦਰ ਵਿਖੇ ਫ਼ੌਜ ਮੁਖੀ ਦੇ ਸਨਮਾਨ ਮੌਕੇ ਹੋਰਨਾਂ ਤੋਂ ਇਲਾਵਾ ਪੁਲਸ ਅਧਿਕਾਰੀ ਹਰਪਾਲ ਸਿੰਘ ਰੰਧਾਵਾ, ਸੂਚਨਾ ਅਧਿਕਾਰੀ ਜਤਿੰਦਰਪਾਲ ਸਿੰਘ, ਸਤਨਾਮ ਸਿੰਘ ਅਤੇ ਹੋਰ ਮੌਜੂਦ ਸਨ।

## ਸਵਾਮੀ ਰੂਪ ਚੰਦ ਜੈਨ ਸਕੂਲ ਵਿਖੇ ਮਨਾਇਆ ਵਿਸਾਖੀ ਦਾ ਤਿਉਹਾਰ



**ਜਗਰਾਉਂ (ਅਮਿਤ ਖੰਨਾ)**-ਹਰ ਸਾਲ ਦੀ ਤਰ੍ਹਾਂ ਸਵਾਮੀ ਰੂਪ ਚੰਦ ਜੈਨ ਸਕੂਲ ਵਿਖੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਮੂਹ ਮੈਨੇਜਮੈਂਟ ਦੇ ਸਹਿਯੋਗ ਨਾਲ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸਵੇਰ ਦੀ ਸਭਾ ਵਿੱਚ ਵਿਸਾਖੀ ਦੀ ਇਤਿਹਾਸਕ ਮਹੱਤਤਾ 'ਤੇ ਚਾਨਣਾ ਪਾਉਣ ਤੋਂ ਬਾਅਦ ਗੁਰਬਾਣੀ ਪਾਠ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੰਸਕ੍ਰਿਤਕ ਪ੍ਰੋਗਰਾਮ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੇ ਗਏ।ਸਾਰੇ ਹੀ ਬੱਚੇ ਰੰਗ ਬਰੰਗੀਆਂ ਪੁਸ਼ਾਕਾਂ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ ਤੇ ਕਈ ਬੱਚੇ ਇਸ ਤਿਉਹਾਰ ਦੀ ਖੁਸ਼ੀ ਵਿੱਚ ਰੰਗ ਬਿਰੰਗੀਆਂ ਪਗੜੀਆਂ ਸਜਾ ਕੇ ਬਹੁਤ ਹੀ ਸੁੰਦਰ ਦਿਖਾਈ ਦੇ ਰਹੇ ਸਨ।ਸਕੂਲ ਦੇ ਨਰਸਰੀ ਕਲਾਸ ਦੇ ਨੰਨ੍ਹੇ-ਮੁੰਨੇ ਬੱਚਿਆਂ ਤੋਂ ਲੈ ਕੇ ਸੀਨੀਅਰ ਜਮਾਤਾਂ ਦੇ ਕੁਝ ਵਿਦਿਆਰਥੀਆਂ ਨੇ ਭੰਗੜਾ ਤੇ ਗਿੱਧਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਕਈ ਬੱਚਿਆਂ ਨੇ ਵਿਸਾਖੀ ਦੀ ਇਤਿਹਾਸਕ ਮਹੱਤਤਾ 'ਤੇ ਸ਼ਬਦ, ਢਾਡੀ ਵਾਰਾਂ ਭੰਗੜਾ, ਗਿੱਧਾ, ਫੈਂਸੀ ਡਰੈੱਸ, ਨਾਟਕ ਤੇ ਕਵਿਤਾਵਾਂ ਰਾਹੀਂ ਆਪਣੀ ਪ੍ਰਸਤੁਤੀ ਦਿੱਤੀ।

ਪ੍ਰਿੰਸੀਪਲ ਰਾਜਪਾਲ ਕੌਰ ਨੇ ਇਸ ਮੌਕੇ ਪਹੁੰਚਣ ਲਈ ਸਕੂਲ ਮੈਨੇਜਮੈਂਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਇਤਿਹਾਸਕ ਮਹੱਤਤਾ ਤੇ ਇਸ ਦੇ ਮਨਾਉਣ ਦੇ ਵੱਖ ਵੱਖ ਕਾਰਨਾਂ ਬਾਰੇ ਦੱਸਿਆ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸਾਰੇ ਬੱਚਿਆਂ ਨੂੰ ਪ੍ਰੇਰਨਾ ਦਿੱਤੀ ਕਿ ਇਸ ਕੁਰਬਾਨੀਆਂ ਭਰੇ ਇਤਿਹਾਸ ਨੂੰ ਯਾਦ ਰੱਖਣ ਤੇ ਆਪਣੇ ਵਿਰਸੇ 'ਤੇ ਮਾਣ ਮਹਿਸੂਸ ਕਰਨ। ਉਨ੍ਹਾ ਸਭ ਨਾਲ ਬਿਨਾਂ ਕਿਸੇ ਭੇਦਭਾਵ 'ਤੇ ਮਿਲ ਜੁਲ ਕੇ ਰਹਿਣ ਦੀ ਪ੍ਰੇਰਨਾ ਦਿੱਤੀ ਤੇ ਨਾਲ ਹੀ ਉਨ੍ਹਾਂ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸ, ਖੇਤੀਬਾੜੀ ਵਿੱਚ ਇਸ ਦੀ ਭੂਮਿਕਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਪੰਥ ਲਈ ਦਿੱਤੀ ਬਖ਼ਸ਼ਿਸ਼ ਬਾਰੇ ਜਾਣੂ ਕਰਵਾਇਆ।ਅੰਤ ਵਿੱਚ ਸਾਰਿਆਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

## ਕਰਿਆਨੇ ਦੀ ਦੁਕਾਨ ਨੂੰ ਲੱਗੀ ਅੱਗ, ਲੱਖਾਂ ਦਾ ਸਾਮਾਨ ਤੇ ਨਗਦੀ ਸੜੀ



**ਕੋਟ ਈਸੇ ਖਾਂ (ਅਰੋੜਾ)**-ਸ਼ਹਿਰ ਦੇ ਦਾਤਾ ਰੋਡ 'ਤੇ ਇੱਕ ਕਰਿਆਨੇ ਦੀ ਦੁਕਾਨ ਨੂੰ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਗੁਰਵਿੰਦਰ ਸਿੰਘ ਪੁੱਤਰ ਸਵ: ਨਿਰਮਲ ਸਿੰਘ ਵਾਸੀ ਦਾਤੇਵਾਲ ਰੋਡ ਨੇ ਪੁਲਸ ਨੂੰ ਲਿਖਤੀ ਦਰਖਾਸਤ 'ਚ ਦੱਸਿਆ ਕਿ ਮੇਰੀ ਦੁਕਾਨ ਰੱਖਰਾ ਕਰਿਅਨਾ ਸਟੋਰ, ਦਾਤੇਵਾਲ ਰੋਡ ਕੋਟ ਈਸੇ ਖਾਂ ਵਿਖੇ ਹੈ, ਜਿੱਥੇ ਮੈਂ ਕਰਿਆਨੇ ਦਾ ਸਾਮਾਨ, ਪੈਨਸ਼ਨਾਂ ਕੱਢਣ ਦਾ ਕੰਮ, ਅੰਗੂਠੇ ਨਾਲ ਪੈਸੇ ਕੱਢਣ ਆਦਿ ਦਾ ਕੰਮ ਕਰਦਾ ਹਾਂ।ਉਸ ਨੇ ਕਿਹਾ ਕਿ 11-12 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਮੇਰੀ ਦੁਕਾਨ ਵਿੱਚ ਅੱਗ ਲੱਗ ਗਈ, ਜਿਸ ਦਾ ਪਤਾ ਮੈਨੂੰ ਸਵੇਰੇ 5 ਵਜੇ ਲੱਗਾ।ਜਦੋਂ ਦੁਕਾਨ ਖੋਲ੍ਹ ਕੇ ਅੰਦਰ ਦੇਖਿਆ ਤਾਂ ਸਾਰਾ ਸਾਮਾਨ ਸੜਿਆ ਹੋਇਆ ਸੀ।ਅੱਗ ਲੱਗਣ ਨਾਲ 3 ਫਰਿਜ਼ਾਂ, 2 ਕਾਊਂਟਰ, ਕਰੀਬ 2,60,000/-ਰੁਪੈ ਕਾਊਂਟਰ ਵਿੱਚ ਪਏ ਸਨ, ਕਰਿਆਨੇ ਦਾ ਸਾਰਾ ਸਾਮਾਨ, 4 ਗੱਟੇ ਅਨਵਾਰ, ਵਾਨ ਮੰਜੇ ਬਣਾਉਣ ਵਾਲਾ, ਰੱਸੇ ਮੰਜਿਆਂ ਵਾਲੇ 2 ਗੱਟੇ, ਸੜ ਕੇ ਸਵਾਹ ਹੋ ਗਿਆ ਹੈ।ਉਸ ਨੇ ਕਿਹਾ ਕਿ ਕਰਿਆਨੇ ਦਾ ਸਾਮਾਨ ਕਰੀਬ 6 ਤੋਂ 7 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ।ਉਸ ਨੇ ਕਿਹਾ ਕਿ ਦੁਕਾਨ ਦੀਆਂ ਸਾਰੀਆਂ ਬਿਜਲੀ ਦੀਆਂ ਸੁੱਚਾਂ, ਮੇਨਸੁੱਚ ਤੇ ਇੰਨਵੈਟਰ ਵਗੈਰਾ ਬੰਦ ਸੀ।ਅੱਗ ਲੱਗਣ ਦੇ ਕੋਈ ਸਪੱਸ਼ਟ ਕਾਰਨਾਂ ਦਾ ਪਤਾ ਨਹੀਂ ਲੱਗਿਆ।

## ਗੁਰਦੁਆਰਾ ਸ੍ਰੀ ਬੁਰਜ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਪਾਸੋਂ ਖੰਡੇ ਬਾਟੇ ਦੀ ਪਹੁਲ ਛਕ ਕੇ 193 ਪ੍ਰਾਣੀ ਗੁਰੂ ਵਾਲੇ ਬਣੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਦਿੱਤੇ ਗਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਨੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਵਧਾਈ ਦਿੱਤੀ ਅਤੇ ਚੜ੍ਹਦੀ ਕਲਾ ਵਾਲੇ ਜੀਵਨ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਗ੍ਰੰਥੀ ਭਾਈ ਗੁਰਦੇਵ ਸਿੰਘ ਕਲਿਆਣਪੁਰ, ਕਥਾਵਾਚਕ ਭਾਈ ਜਸਵਿੰਦਰ ਸਿੰਘ ਕਲੇਰ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਅਕਾਊਂਟੈਂਟ ਹਰਮਨਦੀਪ ਸਿੰਘ, ਰਿਕਾਰਡ ਕੀਪਰ ਸੰਦੀਪ ਸਿੰਘ ਜਫਰਵਾਲ, ਹਰਪ੍ਰੀਤ ਸਿੰਘ ਸਟੋਰ ਕੀਪਰ, ਪ੍ਰਚਾਰਕ ਭਾਈ ਜਗਰੂਪ ਸਿੰਘ ਕਲਿਆਣਪੁਰ, ਗੁਰਵਿੰਦਰ ਸਿੰਘ ਵੜੈਚ, ਬੀਬੀ ਰਾਜਬੀਰ ਕੌਰ, ਰਣਜੀਤ ਸਿੰਘ, ਸਵਰਨਜੀਤ ਸਿੰਘ ਕਲੇਰ, ਨਿਰਮਲ ਸਿੰਘ, ਭਾਈ ਮਨਜੀਤ ਸਿੰਘ ਬੁੱਟਰ, ਜਤਿੰਦਰ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

## ਡਾ. ਗੁਰਲਾਲ ਸਿੰਘ ਮੱਖਣਵਿੰਡੀ ਅਕਾਲੀ ਦਲ ਛੱਡ ਕੇ ਕਾਂਗਰਸ 'ਚ ਸ਼ਾਮਲ ਹੋਏ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਅੱਜ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਗੁਰਲਾਲ ਸਿੰਘ ਮੱਖਣਵਿੰਡੀ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਕੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ । ਇਸ ਮੌਕੇ ਡਾ. ਗੁਰਲਾਲ ਸਿੰਘ ਮੱਖਣਵਿੰਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਹਮੇਸ਼ਾ ਤੱਤਪਰ ਰਹਾਂਗਾਂ ਤੇ ਪਾਰਟੀ ਵੱਲੋਂ ਦਿੱਤੀ ਗਈ ਕਿਸੇ ਵੀ ਜ਼ਿੰਮੇਵਾਰੀ ਨੂੰ ਇਮਾਨਦਾਰੀ, ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਤੇ ਹੋਰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੇ ਗੁਰਲਾਲ ਸਿੰਘ ਮੱਖਣਵਿੰਡੀ ਨੂੰ ਸਨਮਾਨਤ ਵੀ ਕੀਤਾ ।

## ਬਾਬੇ ਕੇ ਸਕੂਲ ਤੇ ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਅਤੇ ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਵੱਲੋਂ ਵੈਸਾਖੀ ਦਾ ਤਿਉਹਾਰ ਅਤੇ ਕਿੰਡਰਗਾਰਟਨ ਵਿਦਿਆਰਥੀਆਂ ਦੀ ਗਰੈਜੂਏਸ਼ਨ ਸੈਰਾਮਨੀ ਦਾ ਸਮਾਗਮ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਤੇ ਪ੍ਰਿੰਸੀਪਲ ਸੱਦਾਮ ਖਾਨ, ਬੀ.ਕੇ. ਇੰਟਰਨੈਸ਼ਨਲ ਕਾਨਵੈਂਟ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨਿਤੀਮਾ ਪੁਰੀ ਅਤੇ ਡਿਪਟੀ ਡਾਇਰੈਕਟਰ ਸ਼੍ਰੀਮਤੀ ਸਰਗਮ ਥਿੰਦ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਿੰਡਰਗਾਰਟਨ ਦੇ ਵਿਦਿਆਰਥੀਆਂ ਨੂੰ ਡਿਗਰੀ ਦੇ ਕੇ ਸਮਾਨਿਤ ਕਰਦੇ ਹੋਏ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਭੰਗੜਾ, ਗਿੱਧਾ, ਲੋਕ ਗੀਤ ਅਤੇ ਨਾਟਕ ਸ਼ਾਮਲ ਸਨ। ਸਕੂਲ ਪ੍ਰਾਂਗਣ ਨੂੰ ਸੁੰਦਰ ਢੰਗ ਨਾਲ ਪੰਜਾਬੀ ਵਿਰਸੇ ਨੂੰ ਦਰਸਾਉਂਦੀ ਵਸਤਾਂ ਨਾਲ ਸਜਾਇਆ ਗਿਆ ਸੀ ਅਤੇ ਹਰ ਪਾਸੇ ਖੁਸ਼ੀ ਦਾ ਮਾਹੌਲ ਸੀ। ਪ੍ਰਿੰਸੀਪਲ ਸੱਦਾਮ ਖਾਨ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ ਅਤੇ ਸਭ ਨੂੰ ਵੈਸਾਖੀ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।ਉਹਨਾਂ ਨੇ ਕਿਹਾ ਕਿ ਇਹਨਾਂ ਸਮਾਗਮਾਂ ਰਾਹੀਂ ਨਾ ਸਿਰਫ ਸੱਭਿਆਚਾਰ ਨੂੰ ਵਿਖਾਇਆ ਜਾਂਦਾ ਹੈ, ਸਗੋਂ ਬੱਚਿਆਂ ਦੇ ਅੰਦਰ ਛੁਪੀ ਹੋਈਆਂ ਕਲਾਵਾਂ ਨੂੰ ਵੀ ਪਲੇਟਫਾਰਮ ਮਿਲਦਾ ਹੈ।

## ਰੱਤੂ ਜਠੇਰੇ ਝੰਡੇਰਾਂ ਵਿਖੇ ਸਾਲਾਨਾ ਵਿਸਾਖੀ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਧੰਨ ਧੰਨ ਬਾਬਾ ਡੋਗਰ ਪੀਰ, ਬਾਬਾ ਜਾਹਰ ਪੀਰ, ਬਾਬਾ ਸੇਲਬਰਾਹ ਦੇ ਅਸਥਾਨ ਝੰਡੇਰਾਂ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਰੱਤੂ ਪਰਿਵਾਰ ਵਲੋਂ ਸਾਲਾਨਾ ਵਿਸਾਖੀ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਅਤੇ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਸੰਗਤਾਂ ਨੂੰ ਖਾਲਸਾ ਪੰਥ ਦੀ ਸਾਜਨਾ ਅਤੇ ਵਿਸਾਖੀ ਮੇਲੇ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਭਾਰਤੀ ਸਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਵਿਸਾਖੀ ਜੋੜ ਮੇਲੇ 'ਤੇ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਚ ਸੰਗਤਾਂ ਨਤਮਸਤਕ ਹੋਣ ਲਈ ਪਹੁੰਚ ਰਹੀਆਂ ਹਨ।ਪੰਜਾਬ ਦੇ ਮਸ਼ਹੂਰ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ।ਇਸ ਮੌਕੇ ਪ੍ਰਧਾਨ ਮੇਜਰ ਰਾਮ ਰੱਤੂ, ਇਰਵਨ ਰੱਤੂ, ਸਰਪੰਚ ਡਾ ਸੁਰਿੰਦਰ ਝੰਡੇਰ ਖੁਰਦ, ਪ੍ਰਿੰਸੀਪਲ ਜਨਕ ਰਾਜ ਰੱਤੂ, ਮਦਨ ਲਾਲ ਰੰਧਾਵਾ, ਡਾ. ਸੱਤਪਾਲ ਰੁਪੋਵਾਲ, ਬਿਸ਼ਨਾ ਸਰਹਾਲ ਮੁੰਡੀ, ਮਾਸਟਰ ਰਾਮ ਪ੍ਰਕਾਸ਼, ਕੁਲਦੀਪ ਝੰਡੇਰਾਂ, ਹਰਮੇਸ਼ ਲਾਲ ਸਰਪੰਚ ਨਾਰੰਗ ਸ਼ਾਹਪੁਰ, ਪ੍ਰੋਮਿਲਾ ਦੇਵੀ ਸਾਬਕਾ ਸਰਪੰਚ ਝੰਡੇਰ ਕਲਾਂ, ਸੁਰਜੀਤ ਸਿੰਘ ਕਲੋਏ, ਬਲਦੇਵ ਰਾਜ ਬੂਟਾ ਮੰਡੀ ਤੋਂ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਧਾਲੀਵਾਲ ਨੇ ਲੋਕ ਦਰਬਾਰ 'ਚ ਇਕ ਕਰੋੜ ਤੋਂ ਵੱਧ ਦੇ ਕੰਮਾਂ ਦੇ ਪ੍ਰਸਤਾਵ ਤਿਆਰ ਕੀਤੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਅਜਨਾਲਾ ਵਿਖੇ ਲਗਾਏ ਲੋਕ ਦਰਬਾਰ ਵਿੱਚ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਵੱਲੋਂ ਸਾਂਝੇ ਕੰਮਾਂ ਲਈ ਲਿਆਂਦੇ ਪ੍ਰਸਤਾਵ ਪਾਸ ਕਰਦੇ ਹੋਏ ਛੇਤੀ ਇਹ ਕੰਮ ਸ਼ੁਰੂ ਕਰਵਾਉਣ ਲਈ ਪੰਚਾਇਤ ਵਿਭਾਗ ਨੂੰ ਤਿਆਰੀ ਕਰਨ ਲਈ ਕਿਹਾ। ਅੱਜ ਲੋਕ ਦਰਬਾਰ ਵਿੱਚ ਲੋਕਾਂ ਦੇ ਮਸਲੇ ਸੁਣਦੇ ਧਾਲੀਵਾਲ ਨੇ ਕਿਹਾ ਕਿ ਲੋਕ ਦਰਬਾਰ ਰਾਹੀਂ ਅਸੀਂ ਇੱਥੇ ਲੋਕਾਂ ਦੇ ਨਿੱਜੀ ਕੰਮ ਸ਼ਿਕਾਇਤਾਂ ਦਾ ਹੱਲ ਕਰਦੇ ਹਾਂ, ਉੱਥੇ ਪਿੰਡਾਂ ਦੇ ਲੋਕਾਂ ਵੱਲੋਂ ਲਿਆਂਦੇ ਸਾਂਝੇ ਕੰਮਾਂ ਨੂੰ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਮਿਲ ਬੈਠ ਕੇ ਵਿਚਾਰਿਆ ਜਾਂਦਾ ਹੈ। ਉਹਨਾਂ ਦੱਸਿਆ ਕਿ ਅੱਜ ਅਜਿਹੇ ਹੀ ਕਈ ਪਿੰਡਾਂ ਦੇ ਪ੍ਰਸਤਾਵ ਪਿੰਡਾਂ ਦੇ ਪਤਵੰਤੇ ਸੱਜਣਾਂ ਲਿਆਂਦੇ ਸਨ, ਜਿਨ੍ਹਾਂ ਨੂੰ ਅਧਿਕਾਰੀਆਂ ਦੀ ਸਲਾਹ ਅਤੇ ਪਿੰਡ ਵਾਲੇ ਸੱਜਣਾਂ ਦੀ ਲੋੜ ਅਨੁਸਾਰ ਪਾਸ ਕਰਦੇ ਹੋਏ ਇਹ ਕੰਮ ਨਿਕਟ ਭਵਿੱਖ ਵਿੱਚ ਚਾਲੂ ਕਰਾਉਣ ਦਾ ਫੈਸਲਾ ਲਿਆ ਗਿਆ ਹੈ । ਉਹਨਾਂ ਦੱਸਿਆ ਕਿ ਅੱਜ ਵੱਖ-ਵੱਖ ਪਿੰਡਾਂ ਦੇ ਇਕ ਕਰੋੜ ਰੁਪਏ ਤੋਂ ਵੱਧ ਦੇ ਕੰਮ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਉਹਨਾਂ ਕਿਹਾ ਕਿ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਇਹ ਲੋਕ ਦਰਬਾਰ ਲਗਾ ਰਹੇ ਹਾਂ, ਜਿਸ ਨਾਲ ਲੋਕਾਂ ਕੋਲੋਂ ਪਿੰਡਾਂ ਵਿੱਚ ਕਰਵਾਇਆ ਜਾਣ ਵਾਲੇ ਸਹੀ ਕੰਮਾਂ ਦੀ ਜਾਣਕਾਰੀ ਮਿਲਦੀ ਹੈ, ਲੋਕਾਂ ਦੇ ਨਿੱਜੀ ਮਸਲੇ ਹੱਲ ਹੁੰਦੇ ਹਨ, ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਕਈ ਕੰਮਾਂ ਬਾਰੇ ਲੋਕਾਂ ਕੋਲੋਂ ਫੀਡਬੈਕ ਵੀ ਮਿਲਦੀ ਹੈ। ਉਹਨਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਹਨਾਂ ਮੌਕਿਆਂ ਉਤੇ ਆਪਣੇ ਪਿੰਡਾਂ ਦੇ ਵੱਧ ਤੋਂ ਵੱਧ ਸਾਂਝੇ ਕੰਮ ਲੈ ਕੇ ਆਉਣ ਤਾਂ ਜੋ ਆਪਾਂ ਹਲਕੇ ਦਾ ਵਿਕਾਸ ਪਹਿਲ ਦੇ ਆਧਾਰ ਤੇ ਕਰ ਸਕੀਏ।

## ਜਹਾਂਗੀਰ ਵਿਖੇ ਲਗਾਇਆ ਕਿਸਾਨ ਸਿਖਲਾਈ ਕੈਂਪ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਵੇਰਕਾ ਬਲਾਕ ਦੇ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਮਨਦੀਪ ਸਿੰਘ ਖ਼ੇਤੀਬਾੜੀ ਵਿਸਥਾਰ ਅਫ਼ਸਰ ਦੇ ਯਤਨਾਂ ਸਦਕਾ ਸਰਕਲ ਮੂਧਲ ਦੇ ਪਿੰਡ ਜਹਾਂਗੀਰ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਮੌਕੇ ਮਨਦੀਪ ਸਿੰਘ, ਖੇਤੀਬਾੜੀ ਵਿਸਥਾਰ ਅਫ਼ਸਰ ਨੇ ਕਿਸਾਨਾਂ ਨੂੰ ਪੀ ਐਮ ਕਿਸਾਨ ਸਨਮਾਨ ਨਿਧੀ ਸਕੀਮ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਕਿਸਾਨ ਆਪਣਾ ਆਧਾਰ ਕਾਰਡ ਬੈਂਕ ਖਾਤੇ ਨਾਲ਼ ਜ਼ਰੂਰ ਅਪਡੇਟ ਕਰਵਾਉਣ। ਇਸ ਮੌਕੇ ਡਾਕਟਰ ਅਮਰਜੀਤ ਸਿੰਘ ਬੱਲ ਪੌਦ ਸੁਰੱਖਿਆ ਅਫ਼ਸਰ ਨੇ ਕਿਸਾਨਾਂ ਨੂੰ ਪੀ ਐਮ ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਲੈਣ, ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਕਿਸਾਨਾਂ ਨੂੰ ਕਣਕ ਦੇ ਸੀਜ਼ਨ ਦੌਰਾਨ ਕਣਕ ਦੀ ਕਟਾਈ ਉਪਰੰਤ ਫਸਲ ਦੀ ਰਹਿੰਦ ਖੂੰਹਦ (ਨਾੜ) ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਮੌਜੂਦਾ ਸਰਪੰਚ ਗੁਰਜੋਬਨ ਸਿੰਘ, ਅਮਰੀਕ ਸਿੰਘ ਸਾਬਕਾ ਸਰਪੰਚ, ਪਰਗਟ ਸਿੰਘ, ਗੁਰਪ੍ਰੀਤ ਸਿੰਘ, ਜਸਵੰਤ ਸਿੰਘ ਅਤੇ ਜਸਬੀਰ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਗਲੋਬਲ ਡਿਸਕਵਰੀ ਸਕੂਲ ਨੇ ਵਿਸਾਖੀ ਦਾ ਤਿਉਹਾਰ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ.ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਵਿਹੜੇ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਦੀ ਅਗਵਾਈ ਹੇਠ ਵਿਸਾਖੀ ਦੇ ਸ਼ੁਭ ਮੌਕੇ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਪ੍ਰਾਰਥਨਾ ਸਭਾ ਦੀ ਸ਼ੁਰੂਆਤ ਬੱਚਿਆਂ ਨੇ ਪ੍ਰਮਾਤਮਾ ਦਾ ਨਾਮ ਲੈ ਕੇ ਕੀਤੀ।ਅਰਦਾਸ ਤੋਂ ਬਾਅਦ ਬਾਰਵੀਂ ਜਮਾਤ ਦੀ ਵਿਦਿਆਰਥਣ ਹਰਲੀਨ ਕੌਰ ਨੇ ਵਿਸਾਖੀ ਮਨਾਉਣ ਦੇ ਕਾਰਨ, ਇਤਿਹਾਸ ਤੇ ਮਹੱਤਵ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।ਯੂ.ਕੇ.ਜੀ. ਦੇ ਛੋਟੇ ਵਿਦਿਆਰਥੀਆਂ ਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਗੀਤਾਂ 'ਤੇ ਪੰਜਾਬ ਦਾ ਲੋਕ-ਨਾਚ ਭੰਗੜਾ ਪੇਸ਼ ਕੀਤਾ।ਇਸ ਦੇ ਨਾਲ ਹੋਰ ਵੀ ਵੱਖ-ਵੱਖ ਪ੍ਰਕਾਰ ਦੀਆਂ ਮਨਮੋਹਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਤੇ ਵਾਇਸ-ਚੇਅਰਮੈਨ ਅਮਿਤ ਸਰਾਫ ਨੇ ਕਿਹਾ ਕਿ ਸਕੂਲ ਵਿੱਚ ਤਿਉਹਾਰ ਮਨਾਉਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਤਿਉਹਾਰਾਂ ਤੋਂ ਜਾਣੂ ਕਰਵਾਉਣਾ, ਉਨ੍ਹਾਂ ਨੂੰ ਵਿਰਾਸਤ, ਇਤਿਹਾਸ ਨਾਲ ਜੋੜਨਾ ਤੇ ਉਨ੍ਹਾਂ ਨੂੰ ਇਨ੍ਹਾਂ ਤੋਂ ਜਾਣੂ ਕਰਵਾਉਣਾ ਹੈ।ਉਨ੍ਹਾਂ ਬੱਚਿਆਂ ਨੂੰ ਹਰ ਤਿਉਹਾਰ ਖੁਸ਼ੀ ਤੇ ਭਾਈਚਾਰੇ ਦੀ ਭਾਵਨਾ ਨਾਲ ਮਨਾਉਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਅੰਜੂ ਨਾਗਪਾਲ ਨੇ ਸਾਰਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਤੇਂ ਜ ਦੇ ਦਿਨ ਜਲ੍ਹਿਆਂਵਾਲਾ ਬਾਗ਼ ਵਿੱਚ ਸ਼ਹੀਦ ਹੋਏ ਹਜ਼ਾਰਾਂ ਭਾਰਤੀਆਂ ਨੂੰ ਵੀ ਸ਼ਰਧਾਂਜਲੀ ਭਰੇ ਸ਼ਬਦਾਂ ਨਾਲ ਯਾਦ ਕੀਤਾ।

## ਕਲਾਸੀਫਾਈਡ ਇਸ਼ਤਿਹਾਰ


### Change of Name

I Dilraj Kaur Alias Bero w/o Dilbag Singh R/O of village Malliwal, PO. Malupur Tehsil Shahkot Distt. Jalandhar PB. India have changed my name to Dilraj Kaur.

I, Jasjit Kaur W/o Urminder Singh R/o VPO. Khudda, Tehsil Dasuya, Distt. Hoshiarpur, Punjab-144305 have changed the name of my minor son from Prabhjot Singh to Given Name as Prabhjot & Surname as Singh. All concerned please note.

I, Jasjit Kaur W/o Urminder Singh R/o VPO. Khudda, Tehsil Dasuya, Distt. Hoshiarpur, Punjab-144305 have changed my name from Jasjit Kaur to Given Name as Jasjit & Surname as Kaur. All concerned please note.

I, Bani D/O , R/o House No 153, Ward No 12, Sanaur, Bir Sanaur, Patiala, Punjab- 147103. Declare that Name of My Mother has been wrongly written as Niraj Garg in my 10th class certificate . The actual name of My Mother is Neeraj , which may be amended accordingly.

I, Rasmeena W/O Sarhan Hafim Ali, R/o Delhi Alwar Road, Vtc: Raipur(188), Sohna, Gurgaon, Haryana- 122103. have changed my name and shall hereafter be Known as Sajiya Sadaf Khan.

I, Ankit S/O Jitender Kumar, R/o Village Farukhnagar, Gurgaon, Haryana- 122506, have changed my name and shall hereafter be Known as Ajay.

I, Manish S/O Kailash, R/o 659, Vishal Nagar, Rohtak, Haryana-124001, have changed my name and shall hereafter be Known as Manish Tomar.

I, Mona D/O Ravi Kumar , R/o 3393, 1st Floor, LIG Sector-70, S.A.S Nagar, ( Mohali), Punjab-160071 . have changed my name and shall hereafter be Known as Rehmat Juneja.

I Narinder Singh S/O Lakhvir Singh R/O Vill. Pandori Nijjran, Distt. Jalandhar Punjab. Have change my name Narinder Singh to Narinder Pal Singh.

I, Amritpal Jit Singh Son of Parminder Singh, resident of Village Moga, Post Office Bhogpur, District Jalandhar, Punjab have changed my name from Amritpal Jit Singh to Singh Amritpal Jit in which given name Amritpal Jit and Singh is my surname. Please note all concerned.

### Change of Name

I, Jasjit Kaur W/o Urminder Singh R/o VPO. Khudda, Tehsil Dasuya, Distt. Hoshiarpur, Punjab-144305 have changed the name of my minor daughter from Manjot Kaur to Given Name as Manjot & Surname as Kaur. All concerned please note.

I No. 3406907A Hav. Jarmanjit Singh S/o. Gurvail Singh, VPO. Buttar Siviya, Tehsil Baba Bakala, ( Amritsar) Declare that name of My Father mentioned in my Service Records as Gurwail Singh, which is wrong. So his Correct name is Gurvail Singh. Concerned Note.

I, Komal D/o Satwinder Singh R/o Vill. Sohalpur Distt. Jalandhar, (Pb.) India have Changed my name Komal to Komal Suri.

I, Gurnam Singh S/o Sukhdev Singh R/o H.No 3006, Near Holy City School, Dashmesh Nagar, Amritsar, Punjab have changed my name from Gurnam Singh to Singh is my surname and Gurnam is my given name.

I, Tajinder Singh S/o Harjit Singh R/o V.PO. Lallian Kalan, Distt. Jalandhar, Punjab have changed my name Spelling from Tejinder Singh to Tajinder Singh. All please note.

I, Abhishek Singh S/o Ram Nath Singh R/o V.Lohar, Po.Lohar, Partappura, Distt. Jalandhar, Punjab have changed my name spelling from Abhishak Singh to Abhishek Singh. All please note.

I, Harnoor s/o Balwinder Singh r/o H.No.130, Nizatam Nagar, Basti Nau, Jalandhar-144002, Punjab have changed my name from Harnoor to Harnoor Singh. All Please Note.

I, Bashimber Dutt Joshi S/o Maheman Dutt R/o H.No.23 New Bashirpura, Near New Water Tank Jalandhar-144004 have changed my name from Bashimber Dutt Joshi to Bishamber Dutt Joshi. My Son Living with me at above Address. concerned note.

I, Sunita Mainka Alias Sunita Rani W/o Harmesh Lal R/o Vill.Chuharwali, Po. Adampur, Jalandhar have changed my name from Sunita Mainka Alias Sunita Rani to Sunita Rani.

### ਆਮ ਸੂਚਨਾ

ਮੈਂ, ਰੋਹਿਤ ਕੁਮਾਰ ਪੁੱਤਰ ਮਨੋਹਰ ਲਾਲ ਵਾਸੀ ਪਿੰਡ ਬਿੱਲੀ ਚੁਹਾਰਮੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਜਨਮ ਸਰਟੀਫਿਕੇਟ, ਆਧਾਰ ਕਾਰਡ 'ਤੇ ਮੇਰੀ ਜਨਮ ਮਿਤੀ 04.09.2001 ਹੈ ਜੋ ਕਿ ਸਹੀ ਤੇ ਦਰੁਸਤ ਹੈ। ਪਰ ਸਕੂਲ 'ਚ ਇੰਦਰਾਜ ਦਰਜ ਕਰਦੇ ਸਮੇਂ ਗਲਤੀ ਨਾਲ ਮੇਰੀ ਜਨਮ ਮਿਤੀ 20.08.2001 ਲਿਖੀ ਗਈ ਹੈ ਜੋ ਕਿ ਗਲਤ ਹੈ।

### ਬੇਦਖਲੀ ਨੋਟਿਸ

ਮੈਂ ਸੁਰਜੀਤ ਰਾਣੀ ਪਤਨੀ ਪਰਦੀਪ ਸਿੰਘ ਵਾਸੀ ਪਿੰਡ ਮਲਕੋ ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਮੇਰੇ ਪਤੀ ਪਰਦੀਪ ਸਿੰਘ ਪੁੱਤਰ ਟੇਕ ਸਿੰਘ ਜੋਂ ਕਿ ਵਿਦੇਸ਼ ਰਹਿ ਰਿਹਾ ਹੈ, ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰਕ ਮੈਂਬਰਾਂ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਉਹਨਾ ਦੇ ਲੈਣ ਦੇਣ ਦੀ ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ । ਉਨ੍ਹਾਂ ਨਾਲ ਲੈਣ -ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ।

ਮੈਂ, ਮੰਜੂ ਭੱਲਾ ਪਤਨੀ ਸਵ. ਸੁਰਿੰਦਰ ਕੁਮਾਰ ਭੱਲਾ ਵਾਸੀ ਟੀ 10-602, ਨੇੜੇ ਪੀਜ਼ਾ ਹੱਟ, ਸੈਕਟਰ 115, ਲਾਂਡਰਾਂ, ਐੱਸ ਏ ਐੱਸ ਨਗਰ (ਮੁਹਾਲੀ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੋਹਿਤ ਭੱਲਾ ਅਤੇ ਉਸ ਦੀ ਪਤਨੀ ਅੰਜਲੀ ਕਪੂਰ, ਉਨ੍ਹਾਂ ਦਾ ਪੁੱਤਰ ਰੋਹਨ ਭੱਲਾ ਮੇਰੇ ਕਹਿਣੇਕਾਰ ਨਹੀਂ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### PUBLIC NOTICE

I, No.15152804L, EX GNR, Sep. Balvir Chand S/o Sarwan Ram R/o Vill. Machhiana, Po. Daduwal, Tehsil Phillaur, Distt. Jalandhar, Punjab declare that the correct date of birth 01-01-1948 is Swaran Kaur (Mother) whereas the date of birth of 11-05-1947 as recorded in my service records is Swarn Kaur my mother (mentioned the incorrect date of birth recorded in sheet Roll) whith is incorrect.

I, Pinkey Rani W/o Late Makhan Lal R/o H.No. 27405, Lal Singh Basti, Gali No. 4/A, Ward No. 31, Bathinda, Punjab declare that my sons Rohit Alias Sagar and Akash alias Kashu are out of my control. I disinherit them from my movable and immovable properties. I and my family shall not be held responsible for any of their acts deeds and things. All please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਦੋਸਤ ਦੇ ਘਰੋਂ ਮਿਲੀ ਭੇਦ-ਭਰੇ ਹਾਲਤ ਵਿੱਚ ਦੋਸਤ ਦੀ ਲਾਸ਼



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਥਾਣਾ ਕਾਦੀਆਂ ਅਧੀਨ ਆਉਂਦੇ ਪਿੰਡ ਲੀਲ ਕਲਾਂ 'ਚ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਇੱਕ ਦੋਸਤ ਦੇ ਘਰੋਂ ਹੀ ਬਾਅਦ ਦੁਪਹਿਰ ਦੋਸਤ ਦੀ ਭੇਦਭਰੇ ਹਾਲਾਤ ਵਿੱਚ ਲਾਸ਼ ਮਿਲੀ।ਪ੍ਰਾਪਤ ਜਾਣਕਾਰੀ ਅਨੁਸਾਰ ਸੁਖਜਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਲੀਲ ਕਲਾਂ ਥਾਣਾ ਕਾਦੀਆਂ ਜੋ ਕਿ ਆਪਣੇ ਦੋਸਤ ਪ੍ਰਭਜੋਤ ਸਿੰਘ ਉਰਫ ਮੋਨੂ ਪੁੱਤਰ ਗੁਰਮੇਜ ਸਿੰਘ ਵਾਸੀ ਲੀਲ ਕਲਾਂ ਦੇ ਨਾਲ ਇਕੱਠੇ ਹੀ ਪਿੰਡ ਦੇ ਹੀ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨ ਤੋਂ ਬਾਅਦ ਸੁਖਜਿੰਦਰ ਸਿੰਘ ਆਪਣੇ ਦੋਸਤ ਪ੍ਰਭਜੋਤ ਸਿੰਘ ਦੇ ਘਰ ਹੀ ਆ ਕੇ ਸੌਂ ਗਿਆ।ਬਾਅਦ ਦੁਪਹਿਰ ਕਰੀਬ 2 ਵਜੇ ਦੇ ਲਗਭਗ ਪ੍ਰਭਜੋਤ ਸਿੰਘ ਨੇ ਵੇਖਿਆ ਕਿ ਸੁਖਜਿੰਦਰ ਸਿੰਘ ਦੀ ਮੌਤ ਹੋ ਚੁੱਕੀ ਸੀ। ਉਧਰ ਮ੍ਰਿਤਕ ਸੁਖਜਿੰਦਰ ਸਿੰਘ ਦੇ ਪਰਵਾਰਕ ਮੈਂਬਰਾਂ ਨੇ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਜਦੋਂ ਉਹਨਾਂ ਦੇਖਿਆ ਤਾਂ ਉਹਨਾਂ ਦੋਸ਼ ਲਗਾਏ ਗਏ ਕਿ ਉਹਨਾਂ ਦੇ ਲੜਕੇ ਨੂੰ ਕੋਈ ਨਸ਼ੀਲੀ ਦਵਾਈ ਦੇ ਕੇ ਮਾਰਿਆ ਗਿਆ ਹੈ। ਥਾਣਾ ਕਾਦੀਆਂ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ । ਜਾਣਕਾਰੀ ਅਨੁਸਾਰ ਮ੍ਰਿਤਕ ਦੀ ਲਾਸ਼ ਉੱਪਰ ਕੋਈ ਵੀ ਸੱਟ ਦਾ ਨਿਸ਼ਾਨ ਨਹੀਂ ਹੈ। ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਥਾਣਾ ਕਾਦੀਆਂ ਦੇ ਐਸਐਚ ਓ ਨਿਰਮਲ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਉਨਾਂ ਦੇ ਧਿਆਨ ਵਿੱਚ ਹੈ ਅਤੇ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਐੱਸ ਆਈ ਨਿਰਭੈ ਸਿੰਘ ਨੂੰ ਕੋਮਾਂਡੇਸ਼ਨ ਐਵਾਰਡ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਟ੍ਰੈਫਿਕ ਪੁਲਸ ਦੇ ਇੰਚਾਰਜ ਏ ਐੱਸ ਆਈ ਨਿਰਭੈ ਸਿੰਘ ਨੂੰ ਡੀ ਜੀ ਪੀ ਸ੍ਰੀ ਗੌਰਵ ਯਾਦਵ ਦੇ ਵੱਲੋਂ ਭੇਜਿਆ ਗਿਆ ਡਾਇਰੈਕਟਰ ਜਨਰਲ ਆਫ ਪੁਲਸ ਕੋਮਾਂਡੇਸ਼ਨ ਐਵਾਰਡ ਸੀਨੀਅਰ ਸੁਪਰਡੈਂਟ ਆਫ਼ ਪੁਲਸ ਜ਼ਿਲ੍ਹਾ ਸੰਗਰੂਰ ਸ੍ਰੀ ਸਰਤਾਜ ਸਿੰਘ ਚਹਿਲ ਵੱਲੋਂ ਮਿਲਿਆ।ਇਹ ਐਵਾਰਡ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਤੇ ਟ੍ਰੈਫਿਕ ਪੁਲਸ ਸੁਨਾਮ ਵਿੱਚ ਵਧੀਆ ਕਾਰਗੁਜ਼ਾਰੀ ਲਈ ਦਿੱਤਾ ਗਿਆ।ਇਸ ਮੌਕੇ ਸੀਨੀਅਰ ਸੁਪਰਡੈਂਟ ਆਫ਼ ਪੁਲਸ ਜ਼ਿਲ੍ਹਾ ਸੰਗਰੂਰ ਸ੍ਰੀ ਸਰਤਾਜ ਸਿੰਘ ਚਹਿਲ ਨੇ ਇਸ ਐਵਾਰਡ ਲਈ ਵਧਾਈ ਦਿੱਤੀ।

## ਬੀ ਕੇ ਯੂ ਲੱਖੋਵਾਲ ਦਫਤਰ ਵਿਖੇ ਭਗਤ ਧੰਨਾ ਜੀ ਦਾ ਜਨਮ ਦਿਨ ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਮੋਗਾ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਭਗਤ ਧੰਨਾ ਜੀ ਦਾ ਜਨਮ ਦਿਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਧ ਅਨੁਸਾਰ ਯੋਗ ਅਗਵਾਈ ਹੇਠ ਗੁਰ ਮਰਿਆਦਾ ਅਨੁਸਾਰ ਮਨਾਇਆ ਗਿਆ। ਇਸ ਸਮੇਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਗਿਆਨੀ ਸਰਬਜੀਤ ਸਿੰਘ ਨੇ ਪਾਏ ਉਪਰੰਤ ਗਿਆਨੀ ਪਰਮਿੰਦਰ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਨੇ ਭਗਤ ਧੰਨਾ ਜੀ ਦੇ ਜੀਵਨ ਉੱਪਰ ਕਥਾ ਵਿਚਾਰਾਂ ਕੀਤੀਆਂ। ਇਸ ਪ੍ਰੋਗਰਾਮ ਵਿੱਚ ਹਰਮਿੰਦਰ ਸਿੰਘ ਖਹਿਰਾ ਮੀਤ ਪ੍ਰਧਾਨ ਪੰਜਾਬ, ਡਾਕਟਰ ਜਸਵਿੰਦਰ ਸਿੰਘ ਬਰਾੜ ਸਾਬਕਾ ਖੇਤੀਬਾੜੀ ਅਫਸਰ, ਅਕਾਲੀ ਆਗੂ ਦਵਿੰਦਰ ਸਿੰਘ ਰਣੀਆ, ਸੁਖਰਾਜ ਸਿੰਘ ਸੰਧੂ, ਸਾਬਕਾ ਖੇਤੀਬਾੜੀ ਅਫਸਰ ਡਾਕਟਰ ਕੁਲਦੀਪ ਸਿੰਘ ਬੁੱਟਰ, ਕਾਕਾ ਬਰਾੜ ਬਾਘਾ ਪੁਰਾਣਾ, ਜਸਪਾਲ ਸਿੰਘ ਬੱਬੀ ਅਜੀਤ ਵਾਲੇ, ਵਕੀਲ ਮਹਿਰੋਂ ਪੰਜਾਬੀ ਜਾਗਰਨ, ਰਸ਼ਪਾਲ ਸਿੰਘ ਮੰਜਗੜ੍ਹ ਪ੍ਰਧਾਨ ਪੰਜਾਬ ਰੋਡਵੇਜ਼, ਜਗਜੀਤ ਸਿੰਘ ਖਾਲਸਾ ਚੇਅਰਮੈਨ ਪੰਜਾਬ ਰੋਡਵੇਜ਼, ਰਵਿੰਦਰ ਸਿੰਘ ਰਵੀ ਗਰੇਵਾਲ, ਹਰਜੀਤ ਸਿੰਘ ਅਜੀਤ, ਬਾਬਾ ਜਗਜੀਤ ਸਿੰਘ ਗੁਰਦੁਆਰਾ ਬਾਬਾ ਧੰਨਾ ਜੀ, ਨਵੀਨ ਤਖਤੂਪੁਰਾ, ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਯੂਨੀਅਨ ਵੱਲੋਂ ਉਲੀਕੇ ਗਏ ਇਸ ਪ੍ਰੋਗਰਾਮ ਵਿੱਚ ਸਰਪੰਚ ਇਕਬਾਲ ਸਿੰਘ ਪਿੰਡ ਗਲੋਟੀ ਵੱਲੋਂ ਲੰਗਰ ਦੀ ਸੇਵਾ, ਹਰਜੀਤ ਸਿੰਘ ਮਨਾਵਾਂ ਚਾਹ ਦੁੱਧ, ਜਸਵਿੰਦਰ ਸਿੰਘ ਚੁਗਾਵਾਂ ਪਿੰਡ ਵੱਲੋਂ ਜਲੇਬੀਆਂ ਦੇ ਲੰਗਰ ਦੀ ਸੇਵਾ ਕੀਤੀ ਗਈ। ਸੇਵਾ ਕਰਨ ਵਾਲਿਆਂ ਦਾ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਧੰਨਵਾਦ ਕਰਕੇ ਸਨਮਾਨ ਕੀਤਾ।

## ਵਿਧਾਇਕ ਦੇਵ ਮਾਨ ਨੇ ਅਨਾਜ ਮੰਡੀ ਵਿਖੇ ਸ਼ੁਰੂ ਕਰਵਾਈ ਕਣਕ ਦੀ ਖਰੀਦ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਕੀਤੇ ਗਏ ਹਨ, ਜਿਸ ਨਾਲ ਕਿਸਾਨਾਂ ਨੂੰ ਫਸਲ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਾਭਾ ਦੀ ਸਬ ਤਹਿਸੀਲ ਵਿਖੇ ਅਨਾਜ ਮੰਡੀ ਵਿੱਚ ਕਣਕ ਦੀ ਖਰੀਦ ਸ਼ੁਰੂ ਕਰਵਾਉਣ ਉਪਰੰਤ ਕੀਤਾ।ਉਨ੍ਹਾਂ ਕਿਹਾ ਕਿ ਮੰਡੀ ਵਿੱਚ ਆੜ੍ਹਤੀਆਂ ਭਰਾਵਾਂ, ਕਿਸਾਨ ਭਰਾਵਾਂ ਤੇ ਮਜ਼ਦੂਰ ਭਰਾਵਾਂ ਨੂੰ ਕੋਈ ਵੀ ਸਮੱਸਿਆ ਨਹੀਂ ਆਵੇਗੀ, ਕਿਉਂਕਿ ਅਨਾਜ ਮੰਡੀ ਵਿਖੇ ਸਾਰੇ ਪ੍ਰਬੰਧ ਪੂਰੇ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੇ ਆਦੇਸ਼ਾਂ ਅਨੁਸਾਰ ਕਿਸਾਨ ਭਰਾਵਾਂ ਨੂੰ ਫਸਲਾਂ ਦੀਆਂ ਪੇਮੈਂਟਾਂ ਵੀ ਬਹੁਤ ਜਲਦੀ ਕੀਤੀਆਂ ਜਾਣਗੀਆਂ।ਉਨ੍ਹਾਂ ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਕਿ ਆਪਣੀ ਫਸਲ ਮੰਡੀ ਵਿੱਚ ਸੁਕਾ ਕੇ ਜ਼ਰੂਰ ਲੈ ਕੇ ਆਣ ਤਾਂ ਕਿ ਕਿਸੇ ਪ੍ਰਕਾਰ ਦੀ ਆੜ੍ਹਤੀਆ ਭਾਈਚਾਰੇ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਉਨ੍ਹਾਂ ਨਾਲ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋ, ਸੈਂਕੀ ਸਿੰਗਲਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਭਾਦਸੋਂ, ਸੁਖਜਿੰਦਰ ਸਿੰਘ ਟੌਹੜਾ ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਭੁਪਿੰਦਰ ਸਿੰਘ ਕੱਲਰਮਾਜਰੀ, ਸੁਰਜੀਤ ਸਿੰਘ ਸਕੱਤਰ ਮਾਰਕੀਟ ਕਮੇਟੀ, ਕਮਲ ਭਾਦਸੋਂ ਮੀਤ ਪ੍ਰਧਾਨ, ਲਾਡੀ ਭਾਦਸੋਂ, ਜਸਵੀਰ ਸਿੰਘ ਵਜੀਦਪੁਰ, ਮੇਜਰ ਸਿੰਘ ਮਟੋਰਡਾ, ਬਲਵੀਰ ਸਿੰਘ ਚਾਸਵਾਲ, ਜੋਗਾ ਸਿੰਘ ਕੌਂਸਲਰ, ਲੱਖੀ ਭਾਦਸੋ, ਸ਼ਿਵ ਲਾਲ, ਕਾਲਾ ਕਿਤਾਬਾਂ ਵਾਲਾ, ਬਲਜਿੰਦਰ ਸਿੰਘ ਮਾਨ ਤੇ ਵੱਡੀ ਗਿਣਤੀ ਵਿੱਚ ਹੋਰ ਅਹੁਦੇਦਾਰ ਮੌਜੂਦ ਸਨ।

## ਮਾਲਵਾ ਕਾਲਜ ਦੀ ਵਿਦਿਆਰਥਣ ਗਗਨਜੋਤ ਬਣੀ ਸਾਇੰਟਿਫਿਕ ਅਸਿਸਟੈਂਟ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮਾਲਵਾ ਕਾਲਜ ਬੌਂਦਲੀ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਦੱਸਿਆ ਕਿ ਕਾਲਜ ਤੋਂ ਬੀ.ਐੱਸ.ਸੀ. ਪਾਸ ਕਰ ਚੁੱਕੀ ਵਿਦਿਆਰਥਣ ਗਗਨਜੋਤ ਕੌਰ ਪਿੰਡ ਪਪੜੌਦੀ ਨੇ ਪੰਜਾਬ ਪੋਲੀਉਸ਼ਨ ਕੰਟਰੋਲ ਬੋਰਡ ਵਿੱਚ ਬਤੌਰ ਸਾਇੰਨੀਟੀਫਿਕ ਅਸਿਸਟੈਂਟ ਦਾ ਆਹੁਦਾ ਸੰਭਾਲਿਆ।ਇਹ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।ਡਾ. ਹਰਿੰਦਰ ਕੌਰ ਕਾਰਜਕਾਰੀ ਪ੍ਰਿੰਸੀਪਲ ਨੇ ਕਿਹਾ ਕਿ ਕਾਲਜ ਦੇ ਵਿਦਿਆਰਥੀ ਇਸੇ ਤਰ੍ਹਾਂ ਹੀ ਕਾਲਜ ਦਾ ਨਾਮ ਰੋਸ਼ਨ ਕਰਦੇ ਰਹਿਣ। ਕਾਲਜ ਦੇ ਪ੍ਰਧਾਨ ਅਲਮਦੀਪ ਸਿੰਘ ਮੱਲਮਜਰਾ ਤੇ ਸਕੱਤਰ ਤੇਜਿੰਦਰ ਸਿੰਘ ਤੇਜੀ ਰਾਜੇਵਾਲ ਨੇ ਕਿਹਾ ਕਿ ਸਮਰਾਲਾ ਇਲਾਕੇ ਦੇ ਇਹ ਕਾਲਜ ਮੁੱਢ ਕਦੀਮ ਤੋਂ ਸਿੱਖਿਆ ਖੇਡਾਂ ਤੇ ਹੋਰ ਖੇਤਰਾਂ ਵਿੱਚ ਮੋਹਰੀ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਲਜ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਕਾਲਜ ਦੀ ਵਿਦਿਆਰਥਣ ਨੇ ਆਪਣੀ ਯੋਗਤਾ ਦੇ ਬਾਲ ਤੇ ਮਹੱਤਵਪੂਰਨ ਪੋਸਟ ਹਾਸਲ ਕੀਤੀ ਹੈ।ਇਸ ਮੌਕੇ ਡਾ. ਹਰਿੰਦਰਜੀਤ ਸਿੰਘ ਕਲੇਰ, ਜਗਦੀਪ ਸਿੰਘ, ਸ੍ਰੀਮਤੀ ਪ੍ਰਦੀਪ ਕੌਰ, ਇੰਦਰਜੀਤ ਸਿੰਘ, ਨਿਰਵੈਰ ਸਿੰਘ, ਸ੍ਰੀਮਤੀ ਅਮਨਪ੍ਰੀਤ ਕੌਰ ਤੇ ਇਮਰੋਜ਼ਪ੍ਰੀਤ ਸਿੰਘ ਨੇ ਵਿਦਿਆਰਥਣ ਨੂੰ ਸ਼ੁਭ ਇੱਛਾਵਾਂ ਦਿੱਤੀਆਂ।

## ਗੁਰੂ ਨਾਨਕ ਕਾਲਜ ਵਿਖੇ ਵਿਦਿਆਰਥੀਆਂ ਵੱਲੋਂ ਵਿਰਾਸਤੀ ਪ੍ਰਦਰਸ਼ਨੀ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਕੂਲਾਂ/ਕਾਲਜਾਂ ਦੀਆਂ ਧਾਰਮਿਕ ਗਤੀਵਿਧੀਆਂ ਤੇ ਸੱਭਿਆਚਾਰਕ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੇ ਪੋਸਟ ਗ੍ਰੈਜੂਏਟ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਵਿਦਿਆਰਥੀਆਂ ਵੱਲੋਂ ਹੱਥ ਦਸਤੀ ਵਸਤੂਆਂ ਦੀ ਵਿਰਾਸਤੀ ਪ੍ਰਦਰਸ਼ਨੀ ਲਗਾਈ ਗਈ।ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਧਾਰਮਿਕ ਕਵਿਤਾ, ਸੁੰਦਰ ਲਿਖਾਈ ਤੇ ਸਲੋਗਨ ਤਿਆਰ ਕੀਤੇ ਗਏ।ਸੰਗੀਤ ਵਿਭਾਗ ਵੱਲੋਂ ਸ਼ਬਦ ਗਾਇਨ, ਵਾਰ, ਕਵੀਸ਼ਰੀ ਦੇ ਮੁਕਾਬਲਿਆਂ ਵਿੱਚ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕਾਲਜ ਦੇ ਫੂਡ ਸਾਇੰਸ ਤੇ ਟੈਕਨੋਲੋਜੀ ਤੇ ਹੋਮ ਸਾਇੰਸ ਵਿਭਾਗ ਵੱਲੋਂ ਖਾਣ-ਪੀਣ ਦੀਆਂ ਔਰਗੈਨਿਕ ਵਸਤਾਂ ਆਚਾਰ, ਮੁਰੱਬਾ, ਮਸਾਲੇ, ਗੁੜ, ਸ਼ੱਕਰ, ਗੁਲਗਲੇ ਦੀ ਸਟਾਲ ਲਗਾਈ ਗਈ। ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਮਾਡਲ ਪ੍ਰਸਤੁਤ ਕੀਤੇ ਗਏ।ਪੋਸਟ ਗ੍ਰੈਜੂਏਟ ਕੰਪਿਊਟਰ ਵਿਭਾਗ ਦੇ ਵਿਦਿਆਰਥੀ ਨੇ ਆਪਣੇ ਵੱਲੋਂ ਤਿਆਰ 'ਆਨਲਾਈਨ ਅਟੈਂਡਨਸ ਮਡਿਊਲ' ਨੂੰ ਪ੍ਰਸਤੁਤ ਕੀਤਾ।ਫਿਜੀਕਲ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਗੱਤਕੇ ਦੀ ਪੇਸ਼ਕਾਰੀ ਕੀਤੀ ਗਈ ਤੇ ਦਮਾਲਾ ਸਜਾਉਣ ਮੁਕਾਬਲੇ ਵਿਚ ਭਾਗ ਲਿਆ ਗਿਆ।ਕਾਲਜ ਦੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਨੇ ਵਿਭਾਗਾਂ ਦੇ ਮੁਖੀਆਂ ਤੇ ਸੰਬੰਧਤ ਇੰਚਾਰਜ ਸਾਹਿਬਾਨ ਨੂੰ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਲਈ ਵਧਾਈ ਦਿੱਤੀ।

## ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਥਾਨਕ ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ।ਉਪਰੰਤ ਜੂਨੀਅਰ ਜਮਾਤਾਂ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਬੋਲੀਆਂ ਪਾ ਕੇ ਗਿੱਧਾ ਪਾਇਆ ਗਿਆ।ਛੋਟੇ ਬੱਚਿਆਂ ਵੱਲੋਂ ਮਾਡਲਿੰਗ ਕੀਤੀ ਗਈ ਤੇ ਗੀਤ ਤੇ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।ਛੋਟੀਆਂ ਬੱਚੀਆਂ ਵੱਲੋਂ ਕਣਕਾਂ ਦਾ ਰੰਗ ਉਡਿਆਂ ਗੀਤ 'ਤੇ ਸੁੰਦਰ ਨਾਚ ਕੀਤਾ ਗਿਆ।ਗਿਆਰਵੀਂ ਜਮਾਤ ਦੀ ਵਿਦਿਆਰਥਣ ਵੱਲੋਂ ਵਿਸਾਖੀ ਨਾਲ ਸਬੰਧਤ ਜਾਣਕਾਰੀ ਸਾਂਝੀ ਕੀਤੀ ਗਈ।ਛੇਵੀਂ ਜਮਾਤ ਦੇ ਵਿਦਿਆਰਥੀ ਜੀਵਾਂਸ਼ ਗਰਗ ਵੱਲੋਂ ਵਿਸਾਖੀ ਨਾਲ ਸਬੰਧਤ ਕਵਿਤਾ ਸੁਣਾਈ ਗਈ।ਵਿਦਿਆਰਥਣਾਂ ਵੱਲੋਂ ਸ਼ਾਨਦਾਰ ਗਿੱਧਾ ਪੇਸ਼ ਕੀਤਾ ਗਿਆ।ਛੋਟੇ ਬੱਚਿਆਂ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਸਾਕੇ ਨਾਲ ਸਬੰਧਤ ਨਾਟਕ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਪੇਸ਼ ਕੀਤਾ ਗਿਆ।ਅੰਤ ਵਿੱਚ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਭੰਗੜੇ ਨਾਲ ਸਾਰਿਆਂ ਨੂੰ ਮੰਤਰ-ਮੁਗਧ ਕੀਤਾ।ਇਸ ਮੌਕੇ ਵਾਈਸ ਪ੍ਰਿੰਸੀਪਲ ਸੁਰੇਸ਼ ਗਰਗ ਵੱਲੋਂ ਵਿਸਾਖੀ ਦੇ ਤਿਉਹਾਰ ਨਾਲ ਸਬੰਧਤ ਆਪਣੇ ਵਿਚਾਰ ਪੇਸ਼ ਕੀਤੇ ਗਏ ਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਗਈਆਂ।ਇਸ ਸਮੇਂ ਪ੍ਰਿੰਸੀਪਲ ਸ੍ਰੀਮਤੀ ਤੇਜਿੰਦਰ ਕੌਰ ਸੇਖੋਂ, ਵਾਈਸ ਪ੍ਰਿੰਸੀਪਲ ਸੁਰੇਸ਼ ਗਰਗ, ਸਾਰੇ ਅਧਿਆਪਕ ਤੇ ਮੈਨੇਜਿੰਗ ਡਾਇਰੈਕਟਰ ਅਭਿਨਵ ਗੋਇਲ ਨਵੀ, ਮਨੋਜ ਗਰਗ ਮੌਜੂਦ ਸਨ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਡਿਗਰੀ ਤੇ ਇਨਾਮ ਵੰਡ ਸਮਾਰੋਹ




**ਦੋਰਾਹਾ (ਹਰਮਿੰਦਰ ਸੇਠ)**
ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿਖੇ ਡਿਗਰੀਆਂ ਵੰਡਣ ਲਈ ਕਾਨਵੋਕੇਸ਼ਨ ਤੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਡਾ. ਜਤਿੰਦਰ ਪਾਲ ਸਿੰਘ ਗਿੱਲ ਉੱਪ-ਕੁਲਪਤੀ ਗੁਰੂ ਅੰਗਦ ਦੇਵ ਵੈਟਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਨੇ ਮੁੱਖ-ਮਹਿਮਾਨ ਤੇ ਡਾ. ਉਪਿੰਦਰ ਸਿੰਘ, ਕੰਟਰੋਲਰ ਪ੍ਰੀਖਿਆਵਾਂ ਗੁਰੂ ਅੰਗਦ ਦੇਵ ਵੈਟਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਕਾਲਜ ਸਥਾਪਨਾ ਦੀ 50ਵੀਂ ਵਰ੍ਹੇਗੰਢ ਨੂੰ ਸਮਰਪਤ ਇਸ ਡਿਗਰੀ ਵੰਡ ਸਮਾਰੋਹ ਵਿੱਚ ਵੱਖ-ਵੱਖ ਕਲਾਸਾਂ ਦੇ 283 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਸਮਾਰੋਹ ਦੇ ਆਰੰਭ ਵਿੱਚ ਕਾਲਜ ਦੇ ਸੰਸਥਾਪਕ ਪ੍ਰਧਾਨ ਡਾ. ਈਸ਼ਵਰ ਸਿੰਘ ਦੇ ਬੁੱਤ ਨੂੰ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਤੇ ਕਾਲਜ ਪ੍ਰਿੰਸੀਪਲ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਉਪਰੰਤ ਕਾਲਜ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ।ਇਸ ਮੌਕੇ ਮੁੱਖ-ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕਾਲਜ ਦੀਆਂ ਅਕਾਦਮਿਕ ਪ੍ਰਾਪਤੀਆਂ ਦੀ ਮੁਕੰਮਲ ਰਿਪੋਰਟ ਪੇਸ਼ ਕੀਤੀ।ਕੋ-ਆਰਡੀਨੇਟਰ ਪ੍ਰੋ. ਰਣਜੀਤ ਕੌਰ ਤੇ ਡਾ. ਨਿਰਲੇਪ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਡਿਗਰੀ ਤੇ ਇਨਾਮ ਵੰਡ ਸਮਾਰੋਹ ਵਿੱਚ ਵਿੱਦਿਅਕ ਸੈਸ਼ਨਾਂ 2022-2023 ਤੇ 2023-2024 ਦੌਰਾਨ ਪ੍ਰੀਖਿਆਵਾਂ ਪਾਸ ਕਰਨ ਵਾਲੇ ਵਿਭਿੰਨ ਫ਼ੈਕਲਟੀਆਂ ਦੇ 252 ਗ੍ਰੈਜੂਏਟ ਤੇ 31 ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ।ਡਿਗਰੀਆਂ ਤੋਂ ਇਲਾਵਾ ਅਕਾਦਮਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲੇ ਕਾਲਜ ਵਿਦਿਆਰਥੀਆਂ ਪਵਨਪ੍ਰੀਤ ਕੌਰ ਤੇ ਰੀਮਾ ਰਾਣੀ ਨੂੰ 'ਰੋਲ ਆਫ਼ ਆਨਰ' ਤੇ ਕਰਮਜੀਤ ਸਿੰਘ ਨੂੰ ਸਰਬੋਤਮ ਵਿਦਿਆਰਥੀ ਦੇ ਐਵਾਰਡ ਨਾਲ ਸਨਮਾਨਿਆ ਗਿਆ।ਇਸ ਮੌਕੇ ਮੁੱਖ-ਮਹਿਮਾਨ ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਕਾਲਜ ਵੱਲੋਂ ਚਲਾਏ ਗਏ ਹੁਨਰ ਪੈਦਾ ਕਰਨ ਵਾਲੇ ਤੇ ਕਿੱਤਾਮੁਖੀ ਕੋਰਸਾਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਉੱਦਮੀ ਬਣਨ ਲਈ ਪ੍ਰੇਰਿਆ।ਵਿਸ਼ੇਸ਼ ਮਹਿਮਾਨ ਡਾ. ਉਪਿੰਦਰ ਸਿੰਘ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਾਲਜ ਦੀਆਂ ਪ੍ਰਾਪਤੀਆਂ ਲਈ ਕਾਲਜ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਕਰਨਲ ਰੁਪਿੰਦਰ ਸਿੰਘ ਬਰਾੜ, ਜਰਨਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਵਲੋਂ ਮੁੱਖ-ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਇਸ ਮੌਕੇ ਕਾਲਜ ਵੱਲੋਂ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਸਮਾਜ-ਸ਼ਾਸਤਰ ਵਿਭਾਗ ਦੇ ਪ੍ਰਾਧਿਆਪਕ ਡਾ. ਨਿਧੀ ਸਰੂਪ ਤੇ ਪੰਜਾਬੀ ਵਿਭਾਗ ਤੋਂ ਡਾ. ਗੁਰਪ੍ਰੀਤ ਸਿੰਘ ਨੂੰ ਪੀ ਐੱਚ ਡੀ ਦੀ ਡਿਗਰੀ ਪ੍ਰਾਪਤ ਕਰਨ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਕਾਲਜ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਕਾਲਜ ਮੈਗਜ਼ੀਨ 'ਉਡਾਰ' ਜਾਰੀ ਕੀਤਾ ਗਿਆ। ਅੰਤ ਵਿੱਚ ਪ੍ਰਬੰਧਕੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਕਰਨਲ ਰੁਪਿੰਦਰ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮੰਚ-ਸੰਚਾਲਕ ਦੀ ਭੂਮਿਕਾ ਡਾ. ਲਵਲੀਨ ਬੈਂਸ, ਡਾ. ਨਿਧੀ ਸਰੂਪ ਤੇ ਪ੍ਰੋ. ਦੀਪਾਲੀ ਅਰੋੜਾ ਨੇ ਅਦਾ ਕੀਤੀ।

## 13 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਥਾਣਾ ਘੱਲ ਖੁਰਦ ਤੇ ਥਾਣਾ ਸਦਰ ਜ਼ੀਰਾ ਪੁਲਸ ਨੇ ਵੱਖ ਵੱਖ ਥਾਵਾਂ ਤੋਂ ਦੋ ਵਿਅਕਤੀਆਂ ਨੂੰ 13 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਘੱਲ ਖੁਰਦ ਪੁਲਸ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਗਸ਼ਤ ਤੇ ਚੈਕਿੰਗ ਦੌਰਾਨ ਮੁਲਜ਼ਮ ਹਰਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਵਾਰਡ ਨੰਬਰ 8 ਮੁੱਦਕੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਧਰ ਥਾਣਾ ਸਦਰ ਜ਼ੀਰਾ ਪੁਲਸ ਦੇ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਰਿਵਾਨਾ ਇਲਾਕੇ ਵਿਚ ਸੀ ਤਾਂ ਜਦ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਟਿੰਡਵਾਂ ਤੋਂ ਚੋਹਲਾ ਨੂੰ ਜਾ ਰਹੀ ਸੀ ਤਾਂ ਇਕ ਮੋਨਾ ਨੌਜਵਾਨ ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਬਾਜ ਸਿੰਘ ਵਾਸੀ ਬਹਿਕ ਗੁੱਜਰਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਉਂਦਾ ਵਿਖਾਈ ਦਿੱਤਾ, ਜਿਸ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਾਮਰੇਡ ਤੇਜਾ ਸਿੰਘ ਸੁਤੰਤਰ ਦੀ 52ਵੀਂ ਬਰਸੀ ਮਨਾਈ




**ਸੰਗਰੂਰ (ਪ੍ਰਵੀਨ ਸਿੰਘ)**
ਕਾਮਰੇਡ ਤੇਜਾ ਸਿੰਘ ਸੁਤੰਤਰ ਮੁਜ਼ਾਰਾ ਲਹਿਰ ਦੇ ਪ੍ਰਮੁੱਖ ਆਗੂ ਤੇ ਪਾਰਲੀਮੈਂਟ ਮੈਂਬਰ ਦੀ 52ਵੀਂ ਬਰਸੀ ਸਾਥੀ ਅਮਰੀਕ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸੰਗਰੂਰ ਵੱਲੋਂ ਅਣਖੀ ਭਵਨ ਸੁਨਾਮ ਵਿਖੇ ਮਨਾਈ ਗਈ।ਇਸ ਬਰਸੀ ਸਮੇਂ ਮੁੱਖ ਤੌਰ 'ਤੇ ਸਾਥੀ ਸੰਪੂਰਨ ਸਿੰਘ ਸਾਬਕਾ ਜ਼ਿਲ੍ਹਾ ਸਕੱਤਰ ਤੇ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀਪੀਆਈ ਜ਼ਿਲ੍ਹਾ ਸੰਗਰੂਰ ਤੋਂ ਇਲਾਵਾ ਹਰਦੇਵ ਸਿੰਘ ਬਖਸ਼ੀਵਾਲਾ ਤੇ ਜਗਦੇਵ ਸਿੰਘ ਬਾਹੀਆ ਨੇ ਸਾਥੀ ਤੇਜਾ ਸਿੰਘ ਸੁਤੰਤਰ ਦੇ ਜੀਵਨ ਬਾਰੇ ਚਰਚਾ ਕਰਦੇ ਹੋਏ ਦੱਸਿਆ ਕਿ ਉਹ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਨ ਤੱਕ ਧਰਮ ਪ੍ਰਚਾਰ ਕਰਦਿਆਂ ਗਦਰੀ ਬਾਬਿਆਂ ਨਾਲ ਤਾਲਮੇਲ ਹੋ ਜਾਣ ਤੋਂ ਬਾਅਦ ਤੁਰਕੀ ਦੀ ਫੌਜ ਵਿੱਚ ਟ੍ਰੇਨਿੰਗ ਲੈਂਦੇ ਹੋਏ ਮਾਸਕੋ ਜਾ ਕੇ ਮਾਰਕਸਵਾਦੀ ਸਿੱਖਿਆ ਗ੍ਰਹਿਣ ਕਰਦਿਆਂ ਮੁੜ ਮੁਜ਼ਾਰਾ ਲਹਿਰ ਦੀ ਅਗਵਾਈ ਕਰਦਿਆਂ ਸੀਪੀਆਈ ਵਿੱਚ ਸ਼ਾਮਲ ਹੋ ਕੇ ਸੂਬਾ ਸਕੱਤਰ ਦੇ ਅਹੁਦੇ 'ਤੇ ਪਹੁੰਚਣਾ ਤੇ ਅੰਗਰੇਜ਼ ਰਾਜ ਸਮੇਂ ਅਸੈਂਬਲੀ ਮੈਂਬਰ ਵੀ ਰਹਿਣਾ ਅਤੇ 1972 ਵਿੱਚ ਪਾਰਲੀਮੈਂਟ ਮੈਂਬਰ ਚੁਣੇ ਜਾਣਾ ਆਦਿ ਵੱਡੇ ਕਾਰਜ ਉਸ ਦੀ ਜ਼ਿੰਦਗੀ ਦਾ ਮੁੱਖ ਮਕਸਦ ਰਹੇ।ਸੁਖਦੇਵ ਸ਼ਰਮਾ ਨੇ ਕਿਹਾ ਕਿ ਪੰਜਾਬ ਅੰਦਰ ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂਸੰਮੇਲਨ ਸਤੰਬਰ 2025 ਨੂੰ ਚੰਡੀਗੜ੍ਹ ਵਿਖੇ ਹੋ ਰਿਹਾ ਹੈ, ਜਿਸ ਲਈ ਫੰਡਾਂ ਦੀ ਵੀ ਲੋੜ ਹੈ ਤੇ ਰੈਲੀ ਲਈ ਵੱਧ ਤੋਂ ਵੱਧ ਸਾਥੀ ਲੈ ਕੇ ਵੀ ਜਾਣ ਦੀ ਤਿਆਰੀ ਸਾਨੂੰ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਸਾਥੀ ਹਰੀ ਰਾਮ, ਜੋ ਤੇਜਾ ਸਿੰਘ ਸੁਤੰਤਰ ਦੇ ਸਾਥੀ ਰਹੇ ਹਨ, ਦਾ ਸਨਮਾਨ ਕੀਤਾ ਗਿਆ। ਉਪਰੋਕਤ ਤੋਂ ਇਲਾਵਾ ਇਸ ਸਮੇਂ ਸਾਥੀ ਜਗਦੇਵ ਸਿੰਘ ਬਾਹੀਆ, ਇੰਦਰ ਸਿੰਘ ਧੂਰੀ, ਨਿਰੰਜਨ ਸਿੰਘ ਸੰਗਰੂਰ, ਜੀਵਨ ਸਿੰਘ ਏਟਕ ਆਗੂ, ਮੇਲਾ ਸਿੰਘ ਪੁਨਾਵਾਲ, ਸੀਤਾ ਰਾਮ ਸੰਗਰੂਰ, ਪ੍ਰਿੰਸੀਪਲ ਦਲਬਾਰ ਸਿੰਘ, ਪ੍ਰਦੀਪ ਚੀਮਾ ਤੇ ਜਗਦੀਸ਼ ਸਿੰਘ ਬਖਸ਼ੀਵਾਲਾ ਆਦਿ ਨੇ ਵੀ ਸੰਬੋਧਨ ਕੀਤਾ।ਅੰਤ ਵਿੱਚ ਸਾਥੀ ਅਮਰੀਕ ਸਿੰਘ ਉਗਰਾਹਾਂ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਸਾਥੀ ਤੇਜਾ ਸਿੰਘ ਸੁਤੰਤਰ ਦੇ ਵਿਚਾਰਾਂ ਤੋਂ ਅਗਵਾਈ ਲੈਂਦਿਆਂ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਹ ਜਾਣਕਾਰੀ ਬ੍ਰਿਜ ਲਾਲ ਧੀਮਾਨ ਸਕੱਤਰ ਸੀਪੀਆਈ ਤਹਿਸੀਲ ਸੁਨਾਮ ਨੇ ਦਿੱਤੀ।

# ਉਦਯੋਗਪਤੀਆਂ ਦੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਹੋਵੇਗਾ : ਮਹੇਸ਼ਵਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਨੇ ਜ਼ਿਲ੍ਹਾ ਮੋਗਾ ਦੇ ਉਦਯੋਗਿਕ ਵਿਕਾਸ ਨੂੰ ਨਵੀਂ ਦਿਸ਼ਾ ਤੇ ਦਸ਼ਾ ਦੇਣ ਦਾ ਫੈਸਲਾ ਕੀਤਾ ਹੈ।ਇਸੇ ਮੰਤਵ ਤਹਿਤ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਵੈਭਵ ਮਹੇਸ਼ਵਰੀ ਵਿਸ਼ੇਸ਼ ਤੌਰ 'ਤੇ ਮੋਗਾ ਪਹੁੰਚੇ ਅਤੇ ਸਥਾਨਕ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਨਗਰ ਨਿਗਮ ਕਮਿਸ਼ਨਰ ਚਾਰੁਮਿਤਾ, ਸਿਮਰਜੋਤ ਸਿੰਘ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ, ਅਮਰਪ੍ਰੀਤ ਸਿੰਘ ਕਾਰਜਕਾਰੀ ਇੰਜੀਨੀਅਰ ਪੀ ਐੱਸ ਆਈ ਈ ਸੀ, ਫੋਕਲ ਪੁਆਇੰਟ ਮੋਗਾ ਦੇ ਪ੍ਰਮੁੱਖ ਉਦਯੋਗਪਤੀ ਸੁਭਾਸ਼ ਸਰੋਵਰ, ਅਜੀਤਪਾਲ ਸਿੰਘ, ਜੇ ਪੀ ਐੱਸ ਖੰਨਾ ਅਤੇ ਬਲਦੇਵ ਸਿੰਘ ਤੇ ਹੋਰ ਹਾਜ਼ਰ ਸਨ।ਉਦਯੋਗਪਤੀਆਂ ਨਾਲ ਮੀਟਿੰਗ ਕਰਦਿਆਂ ਸ੍ਰੀ ਵੈਭਵ ਮਹੇਸ਼ਵਰੀ ਨੇ ਕਿਹਾ ਕਿ ਮੋਗਾ ਸ਼ਹਿਰ ਪੰਜਾਬ ਦੇ ਪ੍ਰਮੁੱਖ ਸਨਅਤੀ ਸ਼ਹਿਰਾਂ ਵਿੱਚੋਂ ਇੱਕ ਹੈ।ਪੰਜਾਬ ਸਰਕਾਰ ਇਸ ਸ਼ਹਿਰ ਦੇ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਪੂਰੀ ਤਰ੍ਹਾਂ ਉਤਸੁਕ ਹੈ।ਇਸ ਸ਼ਹਿਰ ਦੇ ਉਦਯੋਗਿਕ ਵਿਕਾਸ ਨਾਲ ਸੂਬੇ ਦੇ ਅੰਦਰੂਨੀ ਇਲਾਕਿਆਂ ਵਿੱਚ ਰੋਜ਼ਗਾਰ ਦੇ ਮੌਕੇ ਵਧਣ ਦੇ ਨਾਲ ਨਾਲ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਬਹੁਤ ਹੁਲਾਰਾ ਮਿਲੇਗਾ, ਜਿਸ ਨਾਲ ਸੂਬੇ ਤੇ ਲੋਕਾਂ ਦੀ ਆਰਥਿਕ ਉੱਨਤੀ ਹੋਵੇਗੀ।ਉਨ੍ਹਾਂ ਕਿਹਾ ਕਿ ਫੋਕਲ ਪੁਆਇੰਟ ਮੋਗਾ ਦੀ ਜਲਦ ਹੀ ਕਾਇਆ ਕਲਪ ਕੀਤੀ ਜਾਵੇਗੀ।ਮੀਟਿੰਗ ਦੌਰਾਨ ਫੋਕਲ ਪੁਆਇੰਟ ਦੇ ਬੁਨਿਆਦੀ ਢਾਂਚੇ ਦੇ ਭਵਿੱਖੀ ਯੋਜਨਾਬੰਦੀ ਸਬੰਧੀ ਸੁਝਾਅ ਲਏ ਗਏ ਤੇ ਕਾਰਜਕਾਰੀ ਇੰਜੀਨੀਅਰ ਪੀ ਐੱਸ ਆਈ ਈ ਸੀ ਦੁਆਰਾ ਪੇਸ਼ ਕੀਤੇ ਗਏ ਐਸਟੀਮੇਟ ਉਤੇ ਵਿਚਾਰ ਵਟਾਂਦਰਾ ਕੀਤਾ ਗਿਆ ਤਾਂ ਕਿ ਢਾਂਚੇ ਦਾ ਕੋਈ ਵੀ ਖੇਤਰ ਜਿਵੇਂ ਕਿ ਸੜਕਾਂ, ਸੀਵਰੇਜ, ਗਰੀਨ ਪਾਰਕ, ਅਣਦੇਖੀਆਂ ਨਾ ਰਹਿ ਜਾਣ। ਇਸ ਤੋਂ ਇਲਾਵਾ ਮਹੇਸ਼ਵਰੀ ਵੱਲੋਂ ਉਦਯੋਗਪਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਕਿਹਾ ਕਿ ਜ਼ਿਲ੍ਹਾ ਮੋਗਾ ਵਿਖੇ ਨਿਵੇਸ਼ ਵਧਾਉਣ ਤੇ ਉਦਯੋਗਿਕ ਪਸਾਰ ਜ਼ਿਲ੍ਹਾ ਪ੍ਰਸ਼ਾਸਨ ਦੀ ਪ੍ਰਮੁੱਖ ਤਰਜੀਹ ਹੈ।ਪੰਜਾਬ ਸਰਕਾਰ ਤੇ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੀਆਂ ਅਗਵਾਈ ਲੀਹਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਸਥਾਨਕ ਉਦਯੋਗਪਤੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਇਸ ਮੌਕੇ ਹਾਜ਼ਰ ਉਦਯੋਗਪਤੀਆਂ ਨੇ ਸਰਕਾਰ ਦੀ ਇਸ ਪਹਿਲਕਦਮੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਉਪਰਾਲੇ ਨਾਲ ਜ਼ਿਲ੍ਹਾ ਮੋਗਾ ਵਿਖੇ ਨਿਵੇਸ਼ ਵਧੇਗਾ ਤੇ ਉਦਯੋਗ ਦਾ ਹੋਰ ਪਸਾਰ ਹੋਵੇਗਾ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਮੁੱਦਿਆਂ 'ਤੇ ਚਰਚਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਮਾਸਿਕ ਮੀਟਿੰਗ ਸਥਾਨਕ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਮੁੱਖ ਰੂਪ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਕੀਤੀ। ਇਸ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਐਸੋਸੀਏਸ਼ਨ ਦੇ ਵਾਇਸ ਚੇਅਰਮੈਨ ਹਰਦੇਵ ਸਿੰਘ, ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ, ਸਰਪ੍ਰਸਤ ਚੌ. ਦੌਲਤ ਰਾਮ ਸਿੰਘ, ਪੰਜਾਬ ਰੋਡਵੇਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਚੌਂਤਰਾ ਤੇ ਹੋਰ ਮੌਜੂਦ ਸਨ।ਮੀਟਿੰਗ ਦੌਰਾਨ ਓਮ ਪ੍ਰਕਾਸ਼ ਸ਼ਰਮਾ, ਜਸਵੰਤ ਸਿੰਘ ਬਰਾੜ, ਕਰਤਾਰ ਸਿੰਘ ਬੇਰੀ, ਇਕਬਾਲ ਸਿੰਘ ਤੇ ਹੋਰਨਾਂ ਨੇ ਸੰਬੋਧਨ ਕੀਤਾ। ਸਮੂਹ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਸੇਵਾਮੁਕਤ ਕਰਮਚਾਰੀਆਂ ਪ੍ਰਤੀ ਅਪਣਾਈ ਜਾ ਰਹੀ ਉਦਾਸੀਨਤਾ ਵਾਲੀ ਨੀਤੀ ਦੀ ਪੁਰਜ਼ੋਰ ਸ਼ਬਦਾਂ ਵਿੱਚ ਆਲੋਚਨਾ ਕੀਤੀ।ਮੀਟਿੰਗ ਦੌਰਾਨ ਸੀਨੀਅਰ ਆਗੂ ਜਸਵੰਤ ਸਿੰਘ ਬਰਾੜ ਭਾਗਸਰ ਨੇ ਅਦਾਲਤੀ ਫੈਸਲਿਆਂ ਤੇ ਸਰਕਾਰ ਵੱਲੋਂ ਜਾਰੀ ਨਵੀਆਂ ਹਦਾਇਤਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਚੌਂਤਰਾ ਨੇ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਏਕੇ ਤੇ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ।ਵਾਇਸ ਚੇਅਰਮੈਨ ਹਰਦੇਵ ਸਿੰਘ ਨੇ ਸੇਵਾਮੁਕਤ ਕਰਮਚਾਰੀਆਂ ਨੂੰ ਆਪਣੇ ਹੱਕਾਂ ਲਈ ਆਉਣ ਵਾਲੇ ਦਿਨਾਂ ਵਿੱਚ ਛੇੜੇ ਜਾਣ ਵੇਲ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ।ਸਟੇਜ ਸਕੱਤਰ ਦੀ ਜ਼ੁੰਮੇਵਾਰੀ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਬਾਖੂਬੀ ਨਿਭਾਈ।ਮੁੱਖ ਰੂਪ 'ਚ ਆਪਣੇ ਸੰਬੋਧਨ ਵਿੱਚ ਜ਼ਿਲ੍ਹਾ ਪ੍ਰਧਾਨ ਸ਼ਰਮਾ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਨਾ-ਪੱਖੀ ਵਤੀਰਾ ਹੀ ਅਪਣਾਉਂਦੀਆਂ ਹਨ।ਸਿਰਫ ਸਾਡਾ ਏਕਾ ਹੀ ਸਰਕਾਰ ਦੇ ਇਨ੍ਹਾਂ ਮਨਸੂਬਿਆਂ ਨੂੰ ਕਾਮਯਾਬ ਹੋਣ ਤੋਂ ਰੋਕ ਸਕਦਾ ਹੈ।ਪ੍ਰਧਾਨ ਸ਼ਰਮਾ ਨੇ ਸਮੁੱਚੇ ਸਮਾਜ ਨੂੰ ਵਿਸਾਖੀ ਤੇ ਡਾ. ਅੰਬੇਡਕਰ ਜਯੰਤੀ ਦੀ ਵਧਾਈ ਦਿੱਤੀ।ਉਕਤ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਜਥੇਬੰਦੀ ਦੇ ਮੈਂਬਰਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਵਿੱਚੋਂ ਸੇਵਾਮੁਕਤ ਹੋਏ ਭੂਪਿੰਦਰ ਸਿੰਘ ਤੇ ਹੋਰਨਾਂ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ ਤੇ ਹਾਰ ਪਾ ਕੇ ਲੰਮੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ ਮਦਨ ਲਾਲ, ਯਸ਼ਪਾਲ ਖੁਰਾਣਾ, ਕਰਨੈਲ ਸਿੰਘ ਬੇਦੀ, ਤਰਸੇਮ ਸਿੰਘ, ਰਜਿੰਦਰ ਸਿੰਘ, ਸ਼ਾਮ ਲਾਲ, ਇੰਦਰ ਪਾਲ ਸਿੰਘ, ਕੁਲਦੀਪ ਸਿੰਘ ਬਰਾੜ, ਥਾਣਾ ਸਿੰਘ, ਹਜ਼ੂਰ ਸਿੰਘ, ਗੁਰਬਾਜ ਸਿੰਘ, ਕਰਨੈਲ ਸਿੰਘ, ਧਰਮ ਚੰਦ, ਸੁਰਜੀਤ ਸਿੰਘ, ਦਿਆਲ ਚੰਦ, ਸੁਰਿੰਦਰਜੀਤ, ਬੋਹੜ ਸਿੰਘ, ਕਾਲਾ ਸਿੰਘ ਬੇਦੀ, ਸੁਖਮੰਦਰ ਸਿੰਘ ਬੇਦੀ, ਪਰਮਜੀਤ ਸਿੰਘ ਤੇ ਰੋਸ਼ਨ ਲਾਲ ਸਮੇਤ ਵੱਡੀ ਗਿਣਤੀ ਵਿੱਚ ਹੋਰ ਪੈਨਸ਼ਨਰ ਮੌਜੂਦ ਸਨ।

## ਹਲਕੇ ਦੇ ਲੋਕਾਂ ਦੀ ਸੇਵਾ ਬਾ-ਦਸਤੂਰ ਜਾਰੀ ਰਹੇਗੀ : ਦੌਲਤਪੁਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਪਾਰਟੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੀ ਕਾਂਗਰਸ ਪਾਰਟੀ ਵਿੱਚ ਮੁੜ ਵਾਪਸੀ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹਲਕੇ ਵਿੱਚ ਲੋਕਾਂ ਦੀ ਕੀਤੀ ਜਾ ਰਹੀ ਸੇਵਾ ਬਾ-ਦਸਤੂਰ ਜਾਰੀ ਰਹੇਗੀ ਤੇ ਗੋਲਡੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਕੋਈ ਫ਼ਰਕ ਨਹੀਂ ਪਵੇਗਾ ਅਤੇ ਉਹ ਲਗਾਤਾਰ ਆਪਣੀਆਂ ਸਿਆਸੀ ਸਰਗਰਮੀਆਂ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਉਹ ਪਾਰਟੀ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਆਪਣੀ ਉਮੀਦਵਾਰੀ ਪੇਸ਼ ਕਰ ਚੁੱਕੇ ਹਨ ਤੇ ਹਲਕੇ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ 'ਚ ਅਮਨ ਤੇ ਕਾਨੂੰਨ ਦੀ ਸਥਿਤੀ ਡਾਵਾਂਡੋਲ ਹੋ ਚੁੱਕੀ ਹੈ।ਪੰਜਾਬ ਨੂੰ ਮੁੜ ਉਸੇ ਸਥਿਤੀ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦਾ ਖਮਿਆਜ਼ਾ ਪੰਜਾਬੀਆਂ ਨੂੰ ਹਜ਼ਾਰਾਂ ਦੀ ਤਾਦਾਦ 'ਚ ਜਾਨਾਂ ਕੁਰਬਾਨ ਕਰਕੇ ਤਾਰਨਾ ਪਿਆ ਹੈ।ਉਨ੍ਹਾਂ ਕਿਹਾ ਕਿ 'ਆਪ' ਤੋਂ ਅੱਕੇ ਲੋਕ ਮੁੜ ਕਾਂਗਰਸ ਦੀ ਸਰਕਾਰ ਲਿਆਉਣ ਲਈ ਉਤਾਵਲੇ ਹਨ।

# ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਸਨਮਾਨ ਸਮਾਰੋਹ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕੌਮ ਦੇ ਪੈਨਸ਼ਨਰਾਂ ਵੱਲੋਂ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਮੀਟਿੰਗ ਹੋਈ, ਜਿਸ ਵਿੱਚ ਸਨਮਾਨ ਸਮਾਰੋਹ ਕਰਕੇ 28 ਸੀਨੀਅਰ ਪੈਨਸ਼ਨਰਾਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ।ਸਨਮਾਨ ਚਿੰਨ੍ਹ ਪਰਾਪਤ ਕਰਨ ਵਾਲਿਆਂ ਵਿੱਚ ਸਾਬਕਾ ਐੱਸ ਡੀ ਓ ਤੋਂ ਮੁੱਖ ਇੰਜੀਨੀਅਰ ਤੱਕ, ਲੇਖਾ ਵਿਭਾਗ ਤੇ ਹੋਰ ਜਨਰਲ ਕੇਡਰਾ ਦੇ ਅਧਿਕਾਰੀ ਤੇ ਕਰਮਚਾਰੀ ਭਾਵ ਹਰੇਕ ਲੈਵਲ ਦੇ ਅਫ਼ਸਰ ਤੇ ਕਰਮਚਾਰੀ ਸਨ, ਜਿਨ੍ਹਾਂ ਨੂੰ ਜਥੇਬੰਦੀ ਦੇ ਸੀਨੀਅਰ ਮੈਂਬਰ ਵਜੋਂ ਸਨਮਾਨਤ ਕੀਤਾ ਗਿਆ।ਮੈਂਬਰਾਂ ਦੀਆਂ ਸੇਵਾਵਾਂ ਦੌਰਾਨ ਯਾਦਾਂ ਨੂੰ ਤਾਜ਼ਾ ਰੱਖਣ ਤੇ ਭਰਾਤੀਭਾਵ ਦੇ ਬੜ੍ਹਾਵੇ ਲਈ ਪ੍ਰੋਗਰਾਮ ਦਾ ਵਿਸ਼ੇਸ਼ ਮੰਤਵ ਤੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਲਈ ਸੰਘਰਸ਼ ਕਰਨ ਵਾਸਤੇ ਲਾਮਬੰਦ ਕਰਨਾ ਸੀ।ਪ੍ਰੋਗਰਾਮ ਵਿੱਚ ਭਾਰੀ ਇਕੱਠ ਦੀ ਸ਼ਮੂਲੀਅਤ ਨੇ ਵਿਸ਼ਵਾਸ ਦਿਵਾਇਆ ਕਿ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਵੱਲੋਂ ਪੈਨਸ਼ਨਰਾਂ ਦੇ ਹੱਕਾਂ ਸਬੰਧੀ ਕੀਤੇ ਜਾਣ ਵਾਲੇ ਯਤਨਾਂ/ਘੋਲਾਂ ਵਿੱਚ ਜਥੇਬੰਦੀ ਨਾਲ ਮੋਢੇ ਜੋੜ ਕੇ ਖੜਨ ਨੂੰ ਤਿਆਰ ਬਰ ਤਿਆਰ ਹਨ।ਮੀਟਿੰਗ ਦੀ ਸਟੇਜ ਦੀ ਜ਼ਿੰਮੇਵਾਰੀ ਇੰਜ. ਹਰਜੀਤ ਸਿੰਘ ਨੇ ਨਿਭਾਈ।ਸ੍ਰ: ਸੁਰਿੰਦਰਮੋਹਨ ਸਿੰਘ ਸੋਹਲ ਨੇ ਸੁਰੀਲੀ ਅਵਾਜ਼ ਵਿੱਚ ਸ਼ਬਦ ਗਾਇਨ ਨਾਲ ਸੱਭ ਦਾ ਮਨ ਮੋਹ ਲਿਆ।ਸਮਾਗਮ ਵਿੱਚ ਰਾਧੇ ਸ਼ਿਆਮ ਸੂਬਾ ਪ੍ਰਧਾਨ, ਰਾਜਿੰਦਰ ਸਿੰਘ ਸੂਬਾ ਮੀਤ ਪ੍ਰਧਾਨ, ਗੱਜਣ ਸਿੰਘ ਸੂਬਾ ਮੀਡੀਆ ਇੰਚਾਰਜ, ਇੰਜ: ਸੰਤੋਖ ਸਿੰਘ ਸੂਬਾ ਸਲਾਹਕਾਰ, ਚਰਨ ਸਿੰਘ ਪ੍ਰਧਾਨ ਤੇ ਸੋਹਣ ਸਿੰਘ ਸਰਪਰੱਸਤ ਪਟਿਆਲਾ ਸਰਕਲ, ਸੁਖਪਿੰਦਰ ਸਿੰਘ ਪ੍ਰਧਾਨ ਨਾਭਾ ਯੂਨਿਟ, ਜਸਪਾਲ ਸਿੰਘ ਰਾਜਪੁਰਾ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।

ਸ੍ਰ: ਭਿੰਦਰ ਸਿੰਘ ਚਹਿਲ ਪ੍ਰਧਾਨ, ਇੰਜ: ਹਰਜੀਤ ਸਿੰਘ ਸਕੱਤਰ, ਮਲਕੀਅਤ ਸਿੰਘ ਨਿਰਵਾਣ ਸਰਪਰਸਤ, ਹਰਸ਼ਰਨਜੀਤ ਕੌਰ ਮੁੱਖ ਸਲਾਹਕਾਰ ਅਤੇ ਇੰਜ ਸੰਤੋਖ ਸਿੰਘ ਬੋਪਾਰਾਏ ਮੁੱਖ ਆਰਗੇਨਾਈਜਰ ਹੈੱਡ ਆਫਿਸ ਯੂਨਿਟ, ਪਟਿਆਲਾ ਨੇ ਸੂਬਾ ਪੱਧਰੀ ਆਗੂਆਂ, ਪਟਿਆਲਾ ਸਰਕਲ ਤੇ ਮੰਡਲ ਆਗੂਆਂ, ਪ੍ਰੈੱਸ ਨੁਮਾਇੰਦਿਆਂ ਦਾ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਮੂਲੀਅਤ ਲਈ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ੍ਹ ਵਜੋਂ ਲੋਈ ਦੇ ਕੇ ਸਨਮਾਨਤ ਕੀਤਾ ਗਿਆ।ਸੂਬਾ ਪੱਧਰੀ ਆਗੂਆਂ ਤੇ ਪਟਿਆਲਾ ਯੂਨਿਟ ਦੇ ਆਗੂਆਂ ਵੱਲੋਂ ਜਥੇਬੰਦਕ ਕਾਰਵਾਈਆਂ ਦੇ ਨਾਲ ਨਾਲ ਸਰਕਾਰਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਬੰਧੀ ਮਾੜੇ ਰਵੱਈਏ ਅਵਗਤ ਕਰਵਾਇਆ 'ਤੇ ਤਿੱਖੇ ਘੋਲਾਂ ਲਈ ਤਿਆਰ ਰਹਿਣ ਲਈ ਸੁਚੇਤ ਕੀਤਾ।ਸਾਰੇ ਹਾਜ਼ਰੀਨ ਵਿਸ਼ੇਸ਼ ਮਹਿਮਾਨਾਂ, ਯੂਨਿਟਾਂ ਦੇ ਆਗੂਆਂ ਤੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ 15 ਅਪ੍ਰੈਲ, 2025 ਵਾਲੇ ਦਿਨ ਸੂਬਾ ਕਾਰਜਕਾਰਨੀ ਵੱਲੋਂ ਪਾਵਰਕੌਮ ਮੈਨੇਜਮੈਂਟ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।ਜੇ ਪਾਵਰਕੌਮ ਤੇ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਬਾਰੇ ਤਵੱਜੋ ਨਾ ਦਿੱਤੀ ਤਾਂ ਪਾਵਰਕੌਮ ਤੇ ਪੰਜਾਬ ਸਰਕਾਰ ਨੂੰ ਤਿੱਖੇ ਘੋਲਾਂ ਦਾ ਸਾਹਮਣਾ ਸਾਹਮਣਾ ਕਰਨਾ ਪਵੇਗਾ।ਸ੍ਰ: ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਹਰੇਕ ਮੈਂਬਰ ਵੱਲੋਂ ਕੀਤੀ ਮਿਹਨਤ ਦਾ ਵਿਸ਼ੇਸ਼ ਧੰਨਵਾਦ ਤੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਲਈ ਸਮਾਂ ਕੱਢਣ ਵਾਸਤੇ ਹਾਜ਼ਰੀਨ ਮੈਂਬਰਾਂ ਦਾ ਸਵਾਗਤ ਕੀਤਾ ਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।



ਗੁਰਦੁਆਰਾ ਤਖ਼ਤੂਪੁਰਾ ਸਾਹਿਬ (ਮੋਗਾ) ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਸੰਗਤਾਂ ਦੇ ਵਿਸ਼ਾਲ ਠਾਠਾਂ ਮਾਰਦੇ ਇਕੱਠ ਦੀਆਂ ਤਸਵੀਰਾਂ। (ਵੇਰਵਾ : ਲਵਲੀ ਮਾਛੀਕੇ, ਨਿਹਾਲ ਸਿੰਘ ਵਾਲਾ)

## ਸਿਹਤ ਮੰਤਰੀ ਦੇ ਹਲਕੇ 'ਚ ਵਿਕਾਸ ਕਾਰਜਾਂ 'ਚ ਆਈ ਤੇਜ਼ੀ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਦਿਹਾਤੀ ਇਲਾਕੇ ਦੇ ਵਿਕਾਸ ਜਿਵੇਂ ਕਿ ਆਂਗਣਵਾੜੀ ਕਮਰਿਆਂ ਦੀ ਉਸਾਰੀ, ਕਮਿਊਨਿਟੀ ਸੈਂਟਰ ਦੀ ਬਣਤਰ, ਸੀ ਸੀ ਟੀ ਵੀ ਕੈਮਰੇ ਲਗਾਉਣਾ, ਸਟੇਡੀਅਮ, ਸੋਲਰ ਲਾਈਟ, ਸੀਵਰੇਜ, ਸੜਕਾਂ ਦੀ ਮੁਰੰਮਤ, ਧਰਮਸ਼ਾਲਾ ਵਿੱਚ ਕਮਰਿਆਂ ਦੀ ਉਸਾਰੀ, ਮੋਬਾਇਲ ਲਾਇਬ੍ਰੇਰੀ ਲਈ ਵੈਨ, ਸਕੂਲਾਂ ਲਈ ਸੋਲਰਪੈਨਲ ਆਦਿ ਕੰਮਾਂ ਲਈ 75 ਲੱਖ ਦੀਆਂ ਗਰਾਂਟਾਂ ਦੇ ਚੈੱਕ ਵੰਡੇ।ਡਾਕਟਰ ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਨੇ ਇਲਾਕੇ ਦੇ ਹੋਰ ਵਧੇਰੇ ਵਿਕਾਸ ਲਈ ਗਰਾਂਟਾਂ ਤੇ ਪੈਸੇ ਦੇਣ ਦਾ ਭਰੋਸਾ ਦਿੱਤਾ ਹੈ। ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਇਸ ਮੌਕੇ ਪਿੰਡਾਂ ਦੇ ਸਰਪੰਚਾਂ ਪੰਚਾਂ ਨਾਲ ਵੀ ਮੁਲਾਕਾਤ ਕੀਤੀ ਤੇ ਦਿਹਾਤੀ ਇਲਾਕੇ ਵਿੱਚ ਵਿਕਾਸ ਕੰਮਾਂ ਸਬੰਧੀ ਜਾਣਕਾਰੀ ਲਈ ਅਤੇ ਉਹਨਾਂ ਨੂੰ ਨਿਰਦੇਸ਼ ਦਿੱਤੇ ਕਿ ਇਲਾਕਾ ਨਿਵਾਸੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਿਆ ਜਾਵੇ। ਇਸ ਮੌਕੇ ਪਿੰਡਾਂ ਤੋਂ ਆਏ ਲੋਕਾਂ ਦੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਵੀ ਸੁਣੀਆਂ ਅਤੇ ਕੁਝ ਮੁਸ਼ਕਲਾਂ ਤੇ ਸ਼ਿਕਾਇਤਾਂ ਨੂੰ ਮੌਕੇ 'ਤੇ ਹੀ ਅਫਸਰਾਂ ਨਾਲ ਫੋਨ 'ਤੇ ਗੱਲ ਕਰਕੇ ਨਿਪਟਾ ਦਿੱਤਾ। ਇਸ ਮੌਕੇ ਸੁਰੇਸ਼ ਰਾਏ ਪੀਏ, ਰਾਹੁਲ ਸੈਣੀ, ਸਰਪੰਚ ਸੰਜੀਵ ਰਾਏ, ਸੰਤੋਖ ਸਿੰਘ ਸ਼ੋਖੀ, ਅਮਨ ਭੁੱਲਰ, ਹਰਪਾਲ ਸਿੰਘ, ਮਨਜਿੰਦਰ ਸਿੰਘ, ਮਹਿੰਦਰ ਸਰਪੰਚ, ਜਸਬੀਰ ਸਰਪੰਚ, ਜਸਬੀਰ ਕੌਰ, ਬਲਵਿੰਦਰ ਕੌਰ, ਸਰਬਜੀਤ ਕੌਰ, ਪਰਮਜੀਤ ਕੌਰ, ਐਡਵੋਕੇਟ ਜਗਦੀਸ਼ ਜੱਗੀ ਆਦਿ ਵੱਖ ਵੱਖ ਪਿੰਡਾਂ ਤੋਂ ਆਏ ਹੋਏ ਸਨ।

## ਜੇ ਕੇ ਐੱਸ ਪਬਲਿਕ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਗੁਰੂ ਹਰਸਹਾਏ ਵਿੱਚ ਵਿਸਾਖੀ ਦਾ ਤਿਉਹਾਰ ਬਹੁਤ ਖੁਸ਼ੀ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਵਿਹੜੇ ਨੂੰ ਰੰਗ- ਬਰੰਗੇ ਫੁੱਲਾਂ ਤੇ ਪੋਸਟਰਾਂ ਨਾਲ ਸਜਾਇਆ ਗਿਆ ਸੀ। ਵਿਦਿਆਰਥੀਆਂ ਨੇ ਪੰਜਾਬੀ ਪਹਿਰਾਵੇ ਵਿੱਚ ਤੇ ਭੋਜਨ ਦੇ ਨਾਲ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਸਮਾਗਮ ਨੂੰ ਰੌਚਕ ਬਣਾਇਆ। ਵਿਦਿਆਰਥੀਆਂ ਨੇ ਪੰਜਾਬ ਦੇ ਰਵਾਇਤੀ ਭੰਗੜਾ ਤੇ ਗਿੱਧਾ ਨਾਚ ਪੇਸ਼ ਕੀਤੇ।ਇਸ ਤੋਂ ਇਲਾਵਾ, ਵਿਸਾਖੀ ਦੀ ਇਤਿਹਾਸਕ ਤੇ ਸੱਭਿਆਚਾਰਕ ਮਹੱਤਤਾ ਨੂੰ ਕਵਿਤਾ ਪਾਠ ਤੇ ਭਾਸ਼ਣ ਰਾਹੀਂ ਦਰਸਾਇਆ ਗਿਆ।ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਦੇ ਦ੍ਰਿਸ਼ ਵੀ ਦਿਖਾਏ ਗਏ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਬੱਚਿਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਤਿਉਹਾਰ ਨਾ ਸਿਰਫ਼ ਕਿਸਾਨਾਂ ਦੀ ਮਿਹਨਤ ਦੇ ਨਤੀਜੇ ਦੇ ਉਤਸ਼ਾਹ ਨੂੰ ਦਰਸਾਉਂਦਾ ਹੈ, ਬਲਕਿ ਸਮੂਹਕ ਏਕਤਾ ਤੇ ਪ੍ਰੰਪਰਾਵਾਂ ਦਾ ਪ੍ਰਤੀਕ ਵੀ ਹੈ।ਸਮਾਗਮ ਦੀ ਸਮਾਪਤੀ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਦੁਆਰਾ ਪੰਜਾਬੀ ਗੀਤਾਂ 'ਤੇ ਸਮੂਹਕ ਨਾਚ ਨਾਲ ਹੋਈ।ਇਸ ਮੌਕੇ ਪ੍ਰਿੰਸੀਪਲ ਨੇ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਸੁੰਦਰ ਸਮਾਗਮ ਲਈ ਵਧਾਈ ਦਿੱਤੀ।

## ਸਪਰਿੰਗ ਡਿਊ ਸਕੂਲ 'ਚ ਵਿਸਾਖੀ ਤੇ ਡਾ. ਅੰਬੇਡਕਰ ਜਯੰਤੀ ਮਨਾਈ




**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਪ੍ਰਿੰਸੀਪਲ ਗੀਨਾ ਜੈਦਕਾ ਦੀ ਅਗਵਾਈ ਹੇਠ ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਵਿਸਾਖੀ ਤੇ ਅੰਬੇਡਕਰ ਜਯੰਤੀ ਮਨਾਈ ਗਈ।ਸਮਾਗਮ ਦੌਰਾਨ ਸਕੂਲ ਦੇ ਬੱਚਿਆਂ ਨੇ ਮੇਰਾ ਵਸਦਾ ਰਹੇ ਪੰਜਾਬ ਐਕਸ਼ਨ ਡਾਂਸ ਤੇ ਐੱਲ ਕੇ ਜੀ ਦੇ ਵਿਦਿਆਰਥੀਆਂ ਨੇ ਚੱਲ ਮੇਲੇ ਨੂੰ ਚੱਲੀਏ ਤੋਂ ਇਲਾਵਾਂ ਦਸਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਫੋਕ ਡਾਂਸ ਦੀ ਪੇਸ਼ਕਾਰੀ ਕੀਤੀ।ਸਕੂਲ ਦੇ ਜੂਨੀਅਰ ਵਿੰਗ ਦੇ ਬੱਚੇ ਪੰਜਾਬੀ ਪੋਸ਼ਾਕ ਵਿੱਚ ਤਿਆਰ ਹੋ ਕੇ ਆਏ।ਇਸ ਮੌਕੇ ਮੈਡਮ ਬਲਜੀਤ ਕੌਰ ਨੇ ਵਿਸਾਖੀ ਦੀ ਮਹੱਤਤਾ ਤੇ ਇਸ ਦਿਨ ਖਾਲਸਾ ਪੰਥ ਦੀ ਸਾਜਨਾ ਬਾਰੇ ਵਿਸਥਾਰਪੂਰਵਕ ਦੱਸਿਆ।ਪ੍ਰੋਗਰਾਮ ਦੀ ਤਿਆਰੀ ਸਕੂਲ ਅਧਿਆਪਕ ਅੰਜੂ ਬਾਲਾ, ਕੁਲਦੀਪ ਕੌਰ, ਕੁਲਜੀਤ ਕੌਰ, ਹਰਪ੍ਰੀਤ ਕੌਰ ਤੇ ਮੈਡਮ ਵੰਦਨਾ ਨੇ ਕਰਵਾਈ। ਇਸ ਮੌਕੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ: ਅੰਬੇਡਕਰ ਜਯੰਤੀ ਉੱਪਰ ਉਨ੍ਹਾਂ ਦੇ ਜੀਵਨ ਤੇ ਸਮਾਜਹਿੱਤ ਕੀਤੇ ਕਾਰਜਾਂ ਬਾਰੇ ਦੱਸਿਆ।ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਮੈਨੇਜਰ ਮਨਦੀਪ ਚੌਹਾਨ, ਹਰਜੀਤ ਸਿੰਘ ਸਿੱਧੂ ਤੇ ਬਹਾਦਰ ਸਿੰਘ ਸਿੱਧੂ ਯੂ ਐੱਸ ਹਾਜ਼ਰ ਸਨ।

## ਚੇਅਰਮੈਨ ਜੱਸੀ ਵੱਲੋਂ ਭਗਵਾਨ ਕਲੋਨੀ ਦੇ ਵਿਕਾਸ ਕਾਰਜਾਂ ਲਈ 2 ਲੱਖ ਦੀ ਗਰਾਂਟ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਤੇ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਨੌਜਵਾਨ ਆਗੂ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਭਗਵਾਨ ਕਲੋਨੀ ਵਿਖੇ ਗਲੀਆਂ ਨਾਲੀਆਂ ਦੇ ਵਿਕਾਸ ਕਾਰਜਾਂ ਲਈ 2 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਗ੍ਰਾਮ ਪੰਚਾਇਤ ਤੇ ਮੁਹੱਲਾ ਨਿਵਾਸੀਆਂ ਨੂੰ ਸੌਂਪਿਆ।ਇਸ ਮੌਕੇ ਮੌਜੂਦਾ ਸਰਪੰਚ ਬਹਾਦਰ ਸਿੰਘ, ਪੰਚ ਗੁਰਵੀਰ ਸਿੰਘ, ਸਾਬਕਾ ਪੰਚ ਨਰਿੰਦਰ ਖੇੜੀਮਾਨੀਆ ਤੇ ਸਾਬਕਾ ਸਰਪੰਚ ਦਰਸ਼ਨ ਸਿੰਘ ਨੇ ਉਨ੍ਹਾਂ ਦੀ ਕਲੋਨੀ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਗ੍ਰਾਂਟ ਦੇਣ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੁਹੱਲਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਪੱਖੀ ਕੰਮ ਕਰਨ ਵਾਲੀ ਲੋਕਾਂ ਦੀ ਆਪਣੀ ਸਰਕਾਰ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਸਤਗੁਰ ਸਿੰਘ ਨਰਮਾਣਾ, ਸਾਬਕਾ ਸਰਪੰਚ ਹਰਜਿੰਦਰ ਸਿੰਘ, ਸੈਕਟਰੀ ਬਲਵਿੰਦਰ ਸਿੰਘ, ਟੇਲਰ ਮਾਸਟਰ ਕੇਸਰ ਸਿੰਘ, ਬਲਜੀਤ ਸਿੰਘ ਕੁੱਕੀ, ਗੁਰਿੰਦਰ ਸਿੰਘ ਬਨਭੌਰਾ, ਗੁਰਵਿੰਦਰ ਸਿੰਘ ਲੁਬਾਣਾ, ਗੁਰਮੀਤ ਸਿੰਘ ਭੋਜੋਮਾਜਰੀ, ਦਰਸ਼ਨ ਸਿੰਘ ਅਲੋਹਰਾਂ, ਗੁਰਵਿੰਦਰ ਸਿੰਘ ਖਹਿਰਾ, ਲਾਡੀ ਖਹਿਰਾ, ਨਿਰਭੈ ਸਿੰਘ, ਜਸਕਰਨਵੀਰ ਸਿੰਘ ਤੇਜੇ ਤੇ ਗੁਰਸੇਵਕ ਸਿੰਘ ਆਦਿ ਮੌਜੂਦ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਛਾਜਲਾ ਇਕਾਈ ਦੀ ਚੋਣ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਦੀ ਪਿੰਡ ਇਕਾਈ ਛਾਜਲਾ ਦੀ ਚੋਣ ਬਲਾਕ ਦੇ ਜਨਰਲ ਸਕੱਤਰ ਰਾਮਸਰਨ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਹੋਈ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਘਰਾਣੇ ਸਾਡੀ ਖੇਤੀਬਾੜੀ ਨੀਤੀ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ, ਸਾਡੀ ਖੇਤੀਬਾੜੀ ਨੀਤੀ ਨੂੰ ਅਮਰੀਕਾ ਦਾ ਰਾਸ਼ਟਰਪਤੀ ਟਰੰਪ ਚਲਾ ਰਿਹਾ ਹੈ, ਅਮਰੀਕਾ ਆਪਣੇ ਕਿਸਾਨਾਂ ਨੂੰ 100% ਸਬਸਿਡੀ ਦੇ ਰਿਹਾ ਹੈ, ਪਰ ਅਮਰੀਕਾ ਭਾਰਤ ਵਿੱਚ ਖੇਤੀਬਾੜੀ ਸਬਸਿਡੀ ਨੂੰ ਖਤਮ ਕਰਨ 'ਤੇ ਜ਼ੋਰ ਦੇ ਰਿਹਾ ਹੈ। ਆਗੂਆਂ ਨੇ ਕਿਹਾ ਕਿ ਅਮਰੀਕਾ ਦਾ ਖੇਤੀਬਾੜੀ ਖਰੜਾ ਭਾਰਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਇਸ ਦੀ ਤਿਆਰੀ ਜੰਗੀ ਪੱਧਰ 'ਤੇ ਚੱਲ ਰਹੀ ਹੈ, ਝੋਨੇ ਦੇ ਬੀਜ ਪੂਸਾ 44 ਤੇ ਹਾਈਬ੍ਰਿਡ ਪੰਜਾਬ ਸਰਕਾਰ ਵੱਲੋਂ ਲਾਈ ਪਾਬੰਦੀ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਬਲਾਕ ਆਗੂ ਸੁਖਪਾਲ ਮਾਣਕ ਕਨਕਵਾਲ, ਮਨੀ ਸਿੰਘ ਭੈਣੀ, ਯਾਦਵਿੰਦਰ ਸਿੰਘ ਚੱਠਾ, ਆਦਿ ਹਾਜ਼ਰ ਸਨ ਤੇ ਪਿੰਡ ਇਕਾਈ ਦੇ ਨਵੇਂ ਅਹੁਦੇਦਾਰ ਪ੍ਰਧਾਨ ਪਾਲਾ ਸਿੰਘ, ਸੀਨੀਅਰ ਮੀਤ ਪ੍ਰਧਾਨ ਭੂਰਾ ਸਿੰਘ ਘੁਮਾਣ, ਮੀਤ ਪ੍ਰਧਾਨ ਗੁਰਜੰਟ ਸਿੰਘ, ਸੈਕਟਰੀ ਮਿੱਠੂ ਸਿੰਘ, ਖਜ਼ਾਨਚੀ ਗੁਰਮੀਤ ਸਿੰਘ, ਸੰਗਠਨ ਸਕੱਤਰ ਰਣ ਸਿੰਘ, ਪ੍ਰਚਾਰ ਸਕੱਤਰ ਰੋਹੀ ਸਿੰਘ, ਸਲਾਹਕਾਰ ਚਮਕੌਰ ਸਿੰਘ, ਗੁਰਦੀਪ ਸਿੰਘ, ਸਹਾਇਕ ਖਜ਼ਾਨਚੀ ਨੱਥਾ ਸਿੰਘ ਤੇ ਸਮੂਹ ਮੈਂਬਰ ਹਾਜ਼ਰ ਸਨ।

## ਕੌਮੀ ਕਾਨਫਰੰਸ 'ਚ ਸੰਘਰਸ਼ ਨੂੰ ਤਿੱਖੇਰਾ ਕਰਨ ਦਾ ਅਹਿਦ ਕੀਤਾ ਜਾਵੇਗਾ : ਕਿਸਾਨ ਆਗੂ

ਬਲਰਾਜ ਸ਼ਾਹ (ਮਹਾਰਾਸ਼ਟਰ) 'ਕੁੱਲ ਹਿੰਦ ਕਿਸਾਨ ਸਭਾ ਦੀ 30ਵੀਂ ਕੌਮੀ ਕਾਨਫਰੰਸ ਇਸ ਪੱਖ ਤੋਂ ਮਹੱਤਵਪੂਰਨ ਹੈ ਕਿ ਇਸ ਵਾਰ 9 ਸਾਲਾਂ ਬਾਅਦ ਹੋ ਰਹੀ ਹੈ।ਇਸ ਤੋਂ ਪਹਿਲਾ 2016 ਦੌਰਾਨ ਕੌਮੀ



ਕਾਨਫਰੰਸ ਹੈਦਰਾਬਾਦ ਵਿੱਚ ਕੀਤੀ ਗਈ ਸੀ।ਕਾਨਫਰੰਸ ਵਿੱਚ ਵਿਚਾਰੇ ਜਾਣ ਵਾਲੇ ਮੁੱਦੇ ਇਸ ਕਰਕੇ ਵੀ ਵਧੇਰੇ ਚਿੰਤਨ ਦੀ ਮੰਗ ਕਰਨਗੇ ਕਿ ਕੇਂਦਰੀ ਸਰਕਾਰ ਨੇ ਪਿਛਲੇ ਕਈ ਸਾਲਾਂ ਤੋਂ ਕਿਸਾਨੀ ਸੰਘਰਸ਼ ਨੂੰ ਕੁਚਲਣ ਲਈ ਕੁਚੱਜੇ ਤਰ ਤਰੀਕੇ ਅਪਣਾਏ ਹੋਏ ਹਨ'।ਉਕਤ ਵਿਚਾਰਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ ਦੀ ਕੌਮੀ ਕਾਨਫਰੰਸ ਵਿੱਚ ਸ਼ਾਮਲ ਹੋਣ ਜਾ ਰਹੇ ਪੰਜਾਬ ਦੇ ਡੈਲੀਗੇਸ਼ਨ ਵਿੱਚ ਪਟਿਆਲਾ, ਸੰਗਰੂਰ ਅਤੇ ਕਪੂਰਥਲਾ ਦੇ ਸ਼ਾਮਲ ਆਗੂਆ ਨੇ ਕੀਤਾ।ਉਹ ਨਾਗਾਪਟੀਨਮ (ਤਾਮਿਲਨਾਡੂ) ਪਹੁੰਚਣ ਤੋਂ ਪਹਿਲਾਂ ਰੇਲ ਗੱਡੀ ਦੇ ਸਫ਼ਰ ਦੌਰਾਨ ਇਸ ਪੱਤਰਕਾਰ ਨਾਲ ਗੱਲਬਾਤ ਕਰ ਰਹੇ ਸਨ।ਸਭਾ ਦੇ ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਨੇ ਕਿਹਾ ਕਿ ਕੌਮੀ ਕਾਨਫਰੰਸ ਵਿੱਚ ਜ਼ਮੀਨ ਅਤੇ ਪਾਣੀ ਦੇ ਅਧਿਕਾਰ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਅਹਿਦ ਕੀਤਾ ਜਾਵੇਗਾ।ਫ਼ਸਲਾਂ ਦੀ ਘੱਟੋ-ਘੱਟ ਕੀਮਤ ਦੀ ਗਰੰਟੀ ਲਈ ਸਰਕਾਰਾਂ ਨੂੰ ਮਜ਼ਬੂਰ ਕਰਨ ਲਈ ਤਰਕੀਬਾਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਵਡੇਰੀ ਉਮਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਦਸ ਹਜ਼ਾਰ ਰੁਪਏ ਪੈਨਸ਼ਨ ਦੀ ਮੰਗ ਨੂੰ ਉਭਾਰਿਆ ਜਾਵੇਗਾ। ਕਿਸਾਨਾਂ ਤੇ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ 'ਤੇ ਲੀਕ ਮਾਰਨ ਦੀ ਮੰਗ ਵੀ ਕੀਤੀ ਜਾਵੇਗੀ। ਸਫ਼ਰ ਦੌਰਾਨ ਕੀਤੀ ਗੱਲਬਾਤ ਦੌਰਾਨ ਕਸ਼ਮੀਰ ਸਿੰਘ ਫ਼ਿਰੋਜ਼ਪੁਰ ਸੂਬਾ ਕੌਂਸਲ ਮੈਂਬਰ, ਕਿਸਾਨ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਕਪੂਰਥਲਾ ਐਡਵੋਕੇਟ ਰਜਿੰਦਰ ਸਿੰਘ ਰਾਣਾ, ਜਥੇਬੰਦਕ ਸਕੱਤਰ ਜ਼ਿਲ੍ਹਾ ਕਪੂਰਥਲਾ ਮੁਕੰਦ ਸਿੰਘ, ਸੁਖਚੈਨ ਸਿੰਘ ਮੀਤ ਪ੍ਰਧਾਨ ਜ਼ਿਲ੍ਹਾ ਸੰਗਰੂਰ, ਅਮਰਜੀਤ ਸਿੰਘ ਟਿੱਬਾ ਪ੍ਰਧਾਨ ਜ਼ਿਲ੍ਹਾ ਕਪੂਰਥਲਾ ਅਤੇ ਮਾਸਟਰ ਜਸਵਿੰਦਰ ਸਿੰਘ ਟਿੱਬਾ ਵਿੱਤ ਸਕੱਤਰ ਜ਼ਿਲ੍ਹਾ ਕਪੂਰਥਲਾ ਵੀ ਸ਼ਾਮਲ ਸਨ।

## ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਚੇਤਨਾ ਰੈਲੀ ਅੱਜ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪਵਿੱਤਰ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਕੱਢੀ ਜਾ ਰਹੀ ਵਿਸ਼ਾਲ ਦਲਿਤ ਚੇਤਨਾ ਮੋਟਰਸਾਈਕਲ ਰੈਲੀ ਸੰਬੰਧੀ ਭਾਰਤੀਯ ਵਾਲਮੀਕਿ ਧਰਮ ਸਮਾਜ ਦੇ ਪੰਜਾਬ ਕਨਵੀਨਰ ਸੁਰਿੰਦਰ ਸਾਜਾ ਦੀ ਅਗਵਾਈ ਵਿੱਚ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰੈਲੀ ਦੀਆਂ ਸੰਪੂਰਨ ਤਿਆਰੀਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਤੇ ਉਨ੍ਹਾਂ ਨਾਲ ਭਾਵਾਧਸ ਕੇਂਦਰੀ ਕਾਰਜ ਕਾਰਿਣੀ ਮੈਂਬਰ ਸੁਨੀਲ ਸਾਜਾ, ਸਹਾਇਕ ਪੰਜਾਬ ਕਨਵੀਨਰ ਵਿੱਕੇ ਮੱਟੂ, ਜ਼ਿਲ੍ਹਾ ਪ੍ਰਧਾਨ ਬੇਬੀ ਰਾਮਪੁਰ, ਬਲਾਕ ਪ੍ਰਧਾਨ ਸੁਰਜੀਤ ਰਾਜਾ, ਵਪਾਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮੋਹਿਤ ਧੀਰ ਟਾਂਡਾ, ਦੀਪਾ ਹੁਸੈਨਪੁਰ, ਬੰਟੀ ਹੰਬੜਾ, ਗੋਪੀ ਮਿਰਜਾਪੁਰ ਤੋਂ ਇਲਾਵਾ ਹੋਰ ਭਾਵਾਧਸ ਵਰਕਰ ਹਾਜ਼ਰ ਸਨ। ਇਹ ਵਿਸ਼ਾਲ ਚੇਤਨਾ ਰੈਲੀ ਸ਼ਿਮਲਾ ਪਹਾੜੀ ਤੋਂ 11 ਵਜੇ ਚੱਲ ਕੇ ਗਾਂਧੀ ਚੌਂਕ, ਬਾਬਾ ਬੂਟਾ ਭਗਤ ਚੌਂਕ, ਥਾਣਾ ਚੌਂਕ, ਰੇਲਵੇ ਚੌਂਕ, ਸ਼ਹੀਦ ਭਗਤ ਸਿੰਘ ਚੌਂਕ, ਸਰਕਾਰੀ ਹਸਪਤਾਲ ਚੌਂਕ ਤੋਂ ਹੁੰਦੀ ਹੋਈ ਮੁੜ ਸ਼ਿਮਲਾ ਪਹਾੜੀ ਪਹੁੰਚ ਕੇ ਸੰਪੰਨ ਹੋਵੇਗੀ।

## ਇਤਿਹਾਸਕ ਦਮੜੀ ਯਾਤਰਾ 'ਤੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ : ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇ ਜੌੜੇ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਵਲੋਂ



ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਵਿੱਚ ਪਹੁੰਚੀਆਂ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ, ਪ੍ਰਬੰਧਕਾਂ, ਪੰਜਾਬ,ਉਤਰਾਖੰਡ ਸਰਕਾਰ, ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼ੋਭਾ ਯਾਤਰਾ ਦੌਰਾਨ ਬਹੁਤ ਸੁਚੱਜੇ ਪ੍ਰਬੰਧ ਕੀਤੇ ਅਤੇ ਪੰਜਾਬ, ਹਿਮਾਚਲ, ਹਰਿਆਣਾ,ਯੂ ਪੀ, ਦਿੱਲੀ,ਉਤਰਾਖੰਡ ਅਤੇ ਵੱਖ ਵੱਖ ਸੂਬਿਆਂ ਤੋਂ ਸਮਾਗਮਾਂ ਵਿੱਚ ਸ਼ਰਧਾ ਪੂਰਵਕ ਸ਼ਾਮਲ ਹੋਈਆਂ ਹਜਾਰਾਂ ਸੰਗਤਾਂ ਜਿਨਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋ ਕੇ ਏਕਤਾ ਤੇ ਭਾਈਚਾਰੇ ਦਾ ਸਬੂਤ ਦਿੱਤਾ। ਇਸ ਮੌਕੇ ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਰਜੇਸ਼ ਦਾਸ ਬਜਵਾੜਾ ਵੀ ਹਾਜਰ ਸਨ।

## ਡੇ-ਸਕਾਲਰ ਲਈ ਖਿਡਾਰੀਆਂ ਦੇ ਹੋਏ ਟ੍ਰਾਇਲ



**ਨਵਾਂਸ਼ਹਿਰ (ਮਨੋਜ ਲਾਡੀ)**- ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੰਤਵ ਨਾਲ ਪੰਜਾਬ ਖੇਡ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਦੀ ਅਗਵਾਈ ਹੇਠ ਆਈ. ਟੀ. ਆਈ ਗਰਾਊਂਡ, ਨਵਾਂਸ਼ਹਿਰ ਵਿਖੇ ਡੇ-ਸਕਾਲਰ ਲਈ ਲੜਕੇ-ਲੜਕੀਆਂ ਦੇ ਟ੍ਰਾਇਲ ਕਰਵਾਏ ਗਏ। ਇਨ੍ਹਾਂ ਟ੍ਰਾਇਲਾਂ ਵਿਚ ਵੱਖ-ਵੱਖ ਵਰਗ ਦੇ 400 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਇਸ ਦੌਰਾਨ ਖਿਡਾਰੀਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੌਕੇ ਵੱਖ-ਵੱਖ ਗੇਮਾਂ ਦੇ ਕਨਵੀਨਰ ਟ੍ਰਾਇਲਾਂ ਲਈ ਆਏ ਖਿਡਾਰੀਆਂ-ਖਿਡਾਰਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਪ੍ਰਬੰਧਕੀ ਕਾਗਜ਼ੀ ਕਾਰਵਾਈ ਦੇ ਨਾਲ-ਨਾਲ ਉਨ੍ਹਾਂ ਦੇ ਹੁਨਰ ਨੂੰ ਤਰਾਸ਼ਦੇ ਨਜ਼ਰ ਆਏ। ਪੰਜਾਬ ਦੀ ਨਾਮਵਰ ਸ਼ਖ਼ਸੀਅਤ ਵੇਟ ਲਿਫਟਰ ਸੰਤੋਖ ਚੌਹਾਨ ਅਤੇ ਖੇਡ ਅਧਿਕਾਰੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਿਸਾਖੀ ਦਾ



ਤਿਉਹਾਰ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀ ਬਹੁਤ ਹੀ ਸੁੰਦਰ ਪੰਜਾਬੀ ਪਹਿਰਾਵੇ ਵਿੱਚ ਸਕੂਲ ਪਹੁੰਚੇ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਮੌਕੇ ਵਿਦਿਆਰਥੀਆਂ ਨੇ ਕੀਤਾ ਭੰਗੜੇ, ਗਿੱਧੇ, ਕਵਿਸ਼ਰੀ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਬਾਖੂਬੀ ਕੀਤੀ। ਸਕੂਲ ਵੱਲੋਂ ਵਿਦਿਆਰਥੀਆਂ ਦਾ ਵਿਸਾਖੀ ਦੇ ਤਿਉਹਾਰ ਨਾਲ ਸੰਬੰਧਿਤ ਡਰਾਇੰਗ ਮੁਕਾਬਲਾ ਵੀ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਦੀ ਸਕੂਲ ਵੱਲੋਂ ਹੌਂਸਲਾ ਅਫਜਾਈ ਕੀਤੀ ਗਈ। ਇਸ ਮੌਕੇ ਸੇਵਾ ਸਿੰਘ, ਰਣਜੋਧ ਸਿੰਘ, ਨੀਸ਼ਾ ਗਰਗ, ਸਤਿੰਦਰ ਕੌਰ, ਸ਼ਾਂਤੀ ਦੇਵੀ, ਜਸਪ੍ਰੀਤ ਕੌਰ, ਨਰਿੰਦਰ ਕੌਰ, ਰਜਿੰਦਰ ਕੌਰ, ਕੰਵਲਜੀਤ ਕੌਰ, ਸੰਦੀਪ ਕੌਰ, ਸਪਨਾ ਰਾਣੀ, ਆਂਸ਼ੂ, ਮਮਤਾ ਦੇਵੀ, ਰਵੀਇੰਦਰ ਕੌਰ, ਬਲਦੀਪ ਕੌਰ,ਦੀਪਾਂਜਲੀ ਸ਼ਰਮਾ, ਅਮਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ, ਰਕੇਸ਼ ਬੇਦੀ ਆਦਿ ਹਾਜਰ ਸਨ।

## ਸਿੱਖ ਕੌਮ ਤੇ ਪੰਥ ਹਿਤੈਸ਼ੀ ਲੋਕ ਬਾਦਲ ਨੂੰ ਪ੍ਰਧਾਨ ਸਵੀਕਾਰ ਨਹੀਂ ਕਰਨਗੇ : ਜਥੇਦਾਰ ਗੋਗੀ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਾਰੀਆ ਮਰਿਆਦਾਵਾਂ ਦਾ ਘਾਣ ਕਰਦੇ ਹੋਏ ਇਕ ਬੋਗਸ ਭਰਤੀ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਇਕ ਧੱਕੇ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਜੋ ਕਿ ਸਿੱਖ ਕੌਮ ਤੇ ਪੰਥ ਹਿਤੈਸ਼ੀ ਪੰਜਾਬ ਦੇ ਲੋਕ ਕਦੇ ਵੀ ਸਵੀਕਾਰ ਨਹੀਂ ਕਰਨਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਗੁਰਿੰਦਰ ਸਿੰਘ ਗੋਗੀ ਨੇ ਕੀਤਾ। ਉਹਨਾਂ ਕਿਹਾ ਕਿ 2 ਦਸੰਬਰ ਨੂੰ ਸਿੱਖ ਕੌਮ ਦੀ ਸਰਵਉੱਚ ਅਦਾਲਤ ਸ਼੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ ਆਪਣੇ ਤੇ ਆਪਣੀ ਸਰਕਾਰ ਦੌਰਾਨ ਕੀਤੀਆਂ ਗਈਆਂ ਸਾਰੀਆਂ ਗਲਤੀਆਂ ਨੂੰ ਮੰਨਿਆ ਤੇ ਉਸੇ ਦੇ ਚੱਲਦਿਆਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਬਾਕੀ ਸਿੰਘ ਸਾਹਿਬਾਨ ਵੱਲੋਂ ਇਹ ਆਦੇਸ਼ ਜਾਰੀ ਕੀਤੇ ਗਏ ਸਨ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਆਪਣਾ ਨੈਤਿਕ ਆਧਾਰ ਲੋਕਾਂ ਤੇ ਸਿੱਖ ਕੌਮ 'ਚ ਗਵਾ ਚੁੱਕੀ ਹੈ ਤੇ ਇਹਨਾਂ ਨੂੰ ਪੰਥਕ ਸਿਆਸਤ ਤੋਂ ਕਿਨਾਰਾ ਕਰ ਕੇ ਇਕ ਸੱਤ ਮੈਂਬਰੀ ਕਮੇਟੀ ਬਣਾਈ ਤੇ ਉਸ ਨੂੰ ਨਵੇਂ ਸਿਰਿਓ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰ ਕਰਨ ਦੇ ਆਦੇਸ਼ ਜਾਰੀ ਕੀਤੇ, ਪਰ ਇਸ ਕਮੇਟੀ ਦੇ ਦੋ ਮੈਂਬਰਾਂ ਦੇ ਅਸਤੀਫੇ ਦੇਣ ਉਪਰੰਤ ਵੀ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਨੇ ਪੰਜ ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦੀ ਨਿਰਪੱਖ ਢੰਗ ਨਾਲ ਭਰਤੀ ਕਰਨ ਲਈ ਕਿਹਾ। ਇਸਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਕਾਬਜ ਬਾਦਲ ਧੜੇ ਵੱਲੋ ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦਾ ਨਿਰਾਦਰ ਕਰਦੇ ਹੋਏ ਗਲਤ ਢੰਗ ਨਾਲ ਭਰਤੀ ਆਰੰਭ ਕਰ ਕੇ ਭਰਤੀ ਮੁਕੰਮਲ ਕਰ ਜੋ ਅੱਜ ਸੁਖਬੀਰ ਸਿੰਘ ਬਾਦਲ ਨੂੰ ਜੋ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ ਉਹ ਬਹੁਤ ਨਿੰਦਣਯੋਗ ਗੱਲ ਹੈ।ਜਦੋਂ ਕਿ ਅੱਜੇ ਪੰਜ ਮੈਂਬਰੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰ ਰਹੀ ਹੈ ਤੇ ਲੋਕਾਂ ਵੱਲੋਂ ਬਾਦਲ ਦਲ ਦੀ ਭਰਤੀ ਨੂੰ ਨਕਾਰ ਕਿ ਉਸ ਭਰਤੀ ਨੂੰ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ ਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਣ ਰਹੇ ਹਨ। ਇਸਦੇ ਨਾਲ ਹੀ ਉਹਨਾਂ ਕਿਹਾ ਲੋਕ ਕਦੇ ਵੀ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸਵੀਕਾਰ ਨਹੀਂ ਕਰਨਗੇ ਤੇ ਅਕਾਲ ਤਖਤ ਵੱਲੋਂ ਥਾਪੀ ਕਮੇਟੀ ਵੱਲੋਂ ਭਰਤੀ ਕਰਨ ਉਪਰੰਤ ਜੋ ਪ੍ਰਧਾਨ ਬਣੇਗਾ ਉਸ ਨੂੰ ਸਹਿਯੋਗ ਦੇਣਗੇ।

## ਪ੍ਰਭ ਆਸਰਾ ਕੁਰਾਲ਼ੀ ਵਿਖੇ ਦਾਖਲ ਰਜਨੀ ਦੀ ਹਾਲਤ ਗੰਭੀਰ

**ਕੁਰਾਲ਼ੀ (ਮੋਹਨ ਅੱਗਰਵਾਲ)**: ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਿਸ ਲੋਕਾਂ ਦੀ ਸੇਵਾ-ਸੰਭਾਲ਼ ਕਰ ਰਹੀ ਸੰਸਥਾ ਪ੍ਰਭ ਆਸਰਾ ਵਿਖੇ ਲੱਗਭਗ ਤਿੰਨ ਸਾਲ ਤੋਂ ਰਹਿ



ਰਹੀ ਰਜਨੀ (26 ਸਾਲ) ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਕਿ ਸੰਸਥਾ ਦੇ ਚਨਾਲ਼ੋਂ (ਕੁਰਾਲ਼ੀ) ਵਿਖੇ ਸਥਿਤ ਮਲਟੀਸਪੈਸ਼ਲਿਟੀ ਚੈਰੀਟੇਬਲ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਜੇਰੇ ਇਲਾਜ ਹਨ।ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਮੁਤਾਬਕ ਇਸ ਲੜਕੀ ਦੀ ਸਥਿਤੀ ਨਾਜ਼ੁਕ ਹੋਣ ਕਾਰਨ ਆਈਸੀਯੂ ਵਿੱਚ ਦਾਖਲ ਕੀਤਾ ਹੋਇਆ ਹੈ । ਮਾਨਸਿਕ ਰੋਗ ਤੋਂ ਪੀੜਿਤ ਇਸ ਲੜਕੀ ਨੂੰ ਤਿੰਨ ਸਾਲ ਪਹਿਲਾਂ ਮਾਛੀਵਾੜਾ ਸਾਹਿਬ ਦੀ ਪੁਲਿਸ ਟੀਮ ਵੱਲੋਂ ਬੜੀ ਤਰਸਯੋਗ ਹਾਲਤ ਵਿੱਚ ਪ੍ਰਭ ਆਸਰਾ, ਕੁਰਾਲ਼ੀ ਵਿਖੇ ਦਾਖਲ ਕਰਵਾਇਆ ਗਿਆ ਸੀ, ਉਦੋਂ ਤੋਂ ਹੀ ਇਹ ਜੇਰੇ ਇਲਾਜ ਸੀ।ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਸ ਨੂੰ ਪਛਾਨਣ ਵਾਲ਼ਾ ਕੋਈ ਜਾਣਕਾਰ ਜਾਂ ਰਿਸ਼ਤੇਦਾਰ ਮਿਲਣਾ ਚਾਹੁੰਦਾ ਹੋਵੇ ਤਾਂ ਪ੍ਰਭ ਆਸਰਾ, ਕੁਰਾਲ਼ੀ ਵਿਖੇ ਸੰਪਰਕ ਕਰ ਸਕਦਾ ਹੈ।

## ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਉਹਾਰ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਅਕਾਲ ਕਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਵਿਸਾਖੀ ਦਾ ਪ੍ਰਸਿੱਧ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ।ਸਕੂਲ ਸੰਗੀਤ ਅਧਿਆਪਕ ਰਾਜਨਪ੍ਰੀਤ ਸਿੰਘ ਅਤੇ ਸਕੂਲ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕੀਤੇ ਗਏ।ਪਹਿਲੀ ਅਤੇ ਦੂਸਰੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਗਰੁੱਪ ਡਾਂਸ ਪਰਫਾਰਮੈਂਸ



ਸ਼ਾਨਦਾਰ ਦਿੱਤੀ ਗਈ।ਵਿਸਾਖੀ ਨਾਲ ਸਬੰਧਤ ਗੀਤਾਂ ਤੇ ਤੀਸਰੀ ਤੋਂ ਪੰਜਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦਾ ਸੋਲੋ ਡਾਂਸ ਪਰਫਾਰਮੈਂਸ ਕੰਪੀਟੀਸ਼ਨ ਕਰਵਾਇਆ ਗਿਆ ਜੋ ਕਿ ਸ਼ਲਾਂਘਾਯੋਗ ਸੀ।ਇਸ ਕੰਪੀਟੀਸ਼ਨ ਵਿੱਚ ਵੰਦਿਤਾ (ਤੀਸਰੀ ਜਮਾਤ) ਨੇ ਪਹਿਲਾ ਸਥਾਨ, ਜਸਮੀਤ ਕੌਰ (ਚੌਥੀ ਟੂਲਿਪ) ਨੇ ਪਹਿਲਾ ਸਥਾਨ, ਮਨਪ੍ਰੀਤ ਕੌਰ (ਤੀਸਰੀ ਟੂਲਿਪ) ਨੇ ਦੂਜਾ ਸਥਾਨ ਗੁਰਸ਼ਾਨ ਸਿੰਘ (ਚੌਥੀ ਰੋਜ਼) ਨੇ ਦੂਸਰਾ ਸਥਾਨ, ਤਰਨਜੋਤ ਸਿੰਘ (ਪੰਜਵੀਂ ਟੂਲਿਪ) ਨੇ ਤੀਸਰਾ ਸਥਾਨ ਅਤੇ ਨਵਨੀਤ ਕੌਰ (ਚੌਥੀ ਟੂਲਿਪ) ਨੇ ਤੀਸਰਾ ਸਥਾਨ ਹਾਸਲ ਕੀਤਾ।ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਅਤੇ ਕੋਆਰਡੀਨੇਟਰ ਮੈਡਮ ਦੀਪਿਕਾ ਦੁਆਰਾ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦਿੱਤੇ। ਸਕੂਲ ਅਧਿਆਪਕਾ ਮੈਡਮ ਸੰਦੀਪ ਕੌਰ ਦੁਆਰਾ ਸਟੇਜ ਸੰਚਾਲਨ ਦੀ ਭੂਮਿਕਾ ਬਖੂਬੀ ਨਿਭਾਉਂਦਿਆਂ ਹੋਇਆਂ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸਕ ਪਿਛੋਕੜ ਤੋਂ ਜਾਣੂ ਕਰਵਾਇਆ ਗਿਆ। ਸਕੂਲ ਵੱਲੋਂ ਪਿਛਲੇ ਦਿਨੀ ਲਏ ਗਏ ਉਲੰਪਿਅਡ ਇਮਤਿਹਾਨ ਵਿੱਚ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ ਵਿਦਿਆਰਥੀਆਂ ਨੂੰ ਗੋਲਡ ਸਿਲਵਰ ਅਤੇ ਬ੍ਰੋਨਜ਼ ਮੈਡਲ ਦੇ ਕੇ ਭਵਿੱਖ ਵਿੱਚ ਅਜਿਹੇ ਹੋਰ ਇਮਤਿਹਾਨਾਂ ਵਿੱਚ ਭਾਗ ਲੈਣ ਲਈ ਉਤਸ਼ਾਹ ਵਧਾਇਆ ਗਿਆ।ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਕੂਲ ਵਿੱਚ ਅਜਿਹੇ ਕੰਪੀਟੀਸ਼ਨ ਆਯੋਜਿਤ ਕੀਤੇ ਜਾਂਦੇ ਰਹਿੰਦੇ ਹਨ ਜਿਸ ਨਾਲ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਹੋਰ ਖੇਤਰਾਂ ਵਿੱਚ ਵੀ ਅੱਗੇ ਆ ਸਕਣ।

## ਥਾਣਾ ਸਦਰ ਜਲੰਧਰ ਜਮਸ਼ੇਰ ਦੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ : ਨੂਰਪੁਰੀ

**ਜਲੰਧਰ (ਰਜੇਸ਼ ਥਾਪਾ)**- ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ 14 ਅਪ੍ਰੈਲ ਨੂੰ ਤਹਿਸੀਲ ਜਲੰਧਰ ਵਲੋਂ ਕਸਬਾ ਜਮਸ਼ੇਰ ਖਾਸ ਮਨਾਇਆ ਜਾਵੇਗਾ।



ਇਥੇ ਹੀ ਥਾਣਾ ਸਦਰ ਜਲੰਧਰ ਦੇ ਮੁੱਖੀ ਐਸ ਐਚ ਓ ਵਲੋਂ ਮੋਹਤਬਰ ਵਿਅਕਤੀਆਂ ਵਿਰੁੱਧ ਭੱਦੀ ਸ਼ਬਦਾਵਲੀ ਬੋਲਣ ਅਤੇ ਲੋਕਾਂ ਨਾਲ ਧੱਕੇਸ਼ਾਹੀ ਕਰਨ ਖ਼ਿਲਾਫ਼ ਥਾਣਾ ਸਦਰ ਜਲੰਧਰ ਜਮਸ਼ੇਰ ਦੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਇਹ ਜਾਣਕਾਰੀ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜੁਆਇੰਟ ਸਕੱਤਰ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਤਹਿਸੀਲ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਪਿੰਡ ਜਮਸ਼ੇਰ ਖਾਸ ਦੀ ਬੀਬੀ ਬਲਜੀਤ ਕੌਰ ਪਤਨੀ ਬਲਵੀਰ ਚੰਦ ਨੂੰ ਸਰਕਾਰ ਵਲੋਂ ਕੱਚੇ ਮਕਾਨਾਂ ਦੀ ਗ੍ਰਾਂਟ ਆਈ ਸੀ ਉਸ ਨੇ ਆਪਣੇ ਪੁਰਾਣੇ ਮਕਾਨ ਢਾਹ ਕੇ ਜਦੋਂ ਬਣਾਉਣ ਲੱਗੀ ਉਸ ਦੇ ਦਿਓਰ ਦੀ ਨੂੰਹ ਨਾਲ ਥੋੜ੍ਹਾ ਬਹੁਤ ਬੋਲ ਵਿਗਾੜ ਹੋ ਗਿਆ।ਇਸ ਮਾਮਲੇ ਵਿਚ ਪੰਚਾਇਤੀ ਅਤੇ ਮੋਹਤਬਰ ਵਿਅਕਤੀ ਥਾਣਾ ਸਦਰ ਜਲੰਧਰ ਜਮਸ਼ੇਰ ਪਹੁੰਚੇ ਸਨ । ਜਿੱਥੇ ਐਸ ਐਚ ਓ ਨੇ ਬਦਸਲੂਕੀ ਕੀਤੀ। ਇਸ ਧਰਨੇ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਨਿਰਮਲ ਸਿੰਘ ਮਲਸੀਆਂ, ਸਕੱਤਰ ਪਰਮਜੀਤ ਸਿੰਘ ਰੰਧਾਵਾ, ਲੋਕ ਭਲਾਈ ਮੰਚ ਜੰਡਿਆਲਾ ਮੰਜਕੀ ਦੇ ਪ੍ਰਧਾਨ ਮੱਖਣ ਪੱਲਣ ਸਾਬਕਾ ਸਰਪੰਚ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਡਾਕਟਰ ਬਲਵਿੰਦਰ ਸਿੰਘ ਛੇਹਰਟਾ ਤੋਂ ਇਲਾਵਾ ਹੋਰ ਵੀ ਕਈ ਆਗੂ ਸੰਬੋਧਨ ਕਰਨਗੇ।

## ਬੈਂਸ ਤੇ ਗੋਇਲ ਨੇ ਪੱਤੀ ਦੁਲਚੀ ਦਾ ਕੀਤਾ ਵਿਸ਼ੇਸ਼ ਦੌਰਾ

**ਨੰਗਲ (ਸੁਰਜੀਤ ਸਿੰਘ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਵਰਿੰਦਰ ਕੁਮਾਰ ਗੋਇਲ ਮਾਈਨਿੰਗ ਮੰਤਰੀ ਨੇ ਮਾਈਨਿੰਗ ਪਿੰਡ ਪੱਤੀ ਦੁਲਚੀ ਦਾ ਦੌਰਾ ਕੀਤਾ ਅਤੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਜਾਇਜ਼ ਖਣਨ ਕਰਨ ਵਾਲਿਆਂ ਵਿਰੁੱਧ ਜੀਰੋ ਟੋਲਰੈਂਸ ਅਪਨਾਈ ਜਾਵੇ, ਰਾਤ ਸਮੇਂ ਚੈਕਿੰਗ ਹੋਰ ਵਧਾਈ ਜਾਵੇ, ਕੈਮਰਿਆਂ ਦੀ ਗਿਣਤੀ ਵਿੱਚ ਹੋਰ ਵਾਧਾ ਕੀਤਾ ਜਾਵੇ।ਦੋਵੇਂ ਕੈਬਨਿਟ ਮੰਤਰੀ ਸ੍ਰੀ ਅਨੰਦਪੁਰ ਸਾਹਿਬ/ਨੰਗਲ ਦੇ ਉਨ੍ਹਾਂ ਪਿੰਡਾਂ ਦੇ ਦੌਰੇ 'ਤੇ ਸਨ, ਜਿਨ੍ਹਾਂ ਵਿੱਚੋ ਨਜ਼ਾਇਜ਼ ਮਾਈਨਿੰਗ ਬਾਰੇ ਸ਼ਿਕਾਇਤਾਂ ਮਿਲਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਅਜਿਹੇ ਗੈਰਸਮਾਜੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕਰਨੀ ਪਵੇਗੀ, ਜੋ ਸਾਡਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਦੇ ਲਈ ਇਲਾਕਾ ਵਾਸੀਆਂ ਦਾ ਸਹਿਯੋਗ ਲਵਾਂਗੇ ਤੇ ਦੋਸ਼ੀਆਂ ਵਿਰੁੱਧ ਪਹਿਲਾਂ ਤੋਂ ਵੀ ਕਰੜੀ ਕਾਰਵਾਈ ਕਰਾਂਗੇ। ਉਨ੍ਹਾਂ ਨੇ ਕਿਹਾ ਕਿ ਖਣਨ ਬਾਰੇ ਸਾਰੇ ਮਾਪਦੰਡ ਤਹਿ ਕੀਤੇ ਹੋਏ ਹਨ, ਕੁਦਰਤੀ ਸ੍ਰੋਤਾਂ ਨਾਲ ਛੇੜਛਾੜ ਬਿਲਕੁੱਲ ਬਰਦਾਸ਼ਤ ਨਹੀ ਹੋਵੇਗੀ। ਇਲਾਕਾ ਵਾਸੀਆਂ ਨੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਪਿੰਡ ਦੀ ਸ਼ਮਸਾਨ ਘਾਟ ਤੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਮੰਗ ਰੱਖੀ, ਜਿਸ ਨੂੰ ਸ.ਬੈਂਸ ਨੇ ਮੌਕੇ ਤੇ ਹੀ ਪ੍ਰਵਾਨ ਕਰ ਲਿਆ।ਇਸ ਉਪਰੰਤ ਬੈਂਸ ਆਪਣੇ ਪ੍ਰੋਗਰਾਮ ਸਾਡਾ.ਐਮ.ਐਲ.ਏ.ਸਾਡੇ ਵਿੱਚ ਤਹਿਤ ਲੋਕ ਮਿਲਣੀ ਕਰਨ ਲਈ ਪਿੰਡ ਮਹਿਲਮਾਂ ਤੇ ਬ੍ਰਹਮਪੁਰ ਪਹੁੰਚੇ, ਜਿੱਥੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ।ਬੈਂਸ ਨੇ ਦੱਸਿਆ ਕਿ ਮਾਨ ਸਰਕਾਰ ਦਾ ਏਜੰਡਾ ਹੈ ਕਿ ਸਿੱਖਿਆ ਤੇ ਸਿਹਤ ਸਹੂਲਤਾਂ ਮਿਆਰੀ ਹੋਣ ਤੇ ਲੋਕਾਂ ਨੂੰ ਬੂਹਾਂ 'ਤੇ ਮਿਲਣ, ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਵਿਰੋਧੀ ਆਪਣੀ ਪੀੜੀ ਹੇਠ ਸੋਟਾ ਮਾਰਨ ਜ਼ਿਨ੍ਹਾਂ ਨੇ 75 ਸਾਲਾ ਵਿੱਚ ਕੋਈ ਲੋਕਪੱਖੀ ਕੰਮ ਨਹੀ ਕੀਤੇ, ਸਗੋਂ ਸਸਤੀ ਸ਼ੋਹਰਤ ਹਾਸਲ ਕਰਨ ਲਈ ਵੀ ਕੰਮ ਕੀਤੇ ਹਨ।

## ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ ਕਰਵਾਇਆ ਯੁੱਧ ਨਸ਼ਿਆਂ ਵਿਰੁੱਧ ਵਿਸ਼ੇ 'ਤੇ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀ ਰੈਡ ਰਿਬਨ ਸੋਸਾਇਟੀ ਵਲੋਂ ਬਹੁਮਤ ਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾ ਦੀਪ , ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਸ ਦੇ ਸਹਿਯੋਗ ਨਾਲ ਕਰਵਾਏ ਗਏ ਸੈਮੀਨਾਰ ਯੁੱਧ ਨਸ਼ਿਆਂ ਵਿਰੁੱਧ ਵਿੱਚ ਜਲੰਧਰ ਦੀ ਨਵ ਨਿਯੁਕਤ ਅਡੀਸ਼ਨਲ ਡਿਪਟੀ ਕਮਿਸ਼ਨਰ ਪੁਲਸ ਸ੍ਰੀਮਤੀ ਆਕਰਸ਼ੀ ਜੈਨ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ! ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ ਲਾਇਨ ਐਸ ਐਮ ਸਿੰਘ,



ਡਾਕਟਰ ਸੰਜੇ ਬੰਸਲ, ਪ੍ਰੋਫੈਸਰ ਸੰਦੀਪ ਸ਼ਰਮਾ, ਜਿਲਾ ਨਸ਼ਾ ਮੁਕਤੀ ਕੇਂਦਰ ਦੀ ਡਾਕਟਰ ਬੀਨੂ ਚੋਪੜਾ, ਚੇਅਰਮੈਨ ਜਸਵਿੰਦਰ ਸਿੰਘ ,ਸੁਰਿੰਦਰ ਭਾਰਤੀ, ਤਰਸੇਮ ਜਲੰਧਰੀ, ਰਾਜਵੀਰ ਸਿੰਘ, ਪ੍ਰਿੰਸ ਨਿੰਜਾ ਅਤੇ ਹਰਜੋਤ ਸ਼ਰਮਾ ਯੂਥ ਕੋਆਰਡੀਨੇਟਰ ਨੇ ਗੁਲਦਸਤਾ ਭੇਂਟ ਕਰਕੇ ਉਹਨਾਂ ਦਾ ਸਵਾਗਤ ਕੀਤਾ । ਆਪਣੇ ਸੰਬੋਧਨ ਦੌਰਾਨ ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਸ ਦੀ ਯੋਗ ਅਗਵਾਈ ਅਤੇ ਆਮ ਜਨਤਾ ਦੇ ਭਰਪੂਰ ਸਮਰਥਨ ਅਤੇ ਸਹਿਯੋਗ ਨਾਲ ਅਸੀਂ ਯਕੀਨਨ ਹੀ ਆਸ ਵੰਦ ਹਾਂ ਕਿ ਪੰਜਾਬ ਨੂੰ ਅਸੀਂ ਨਸ਼ਾ ਮੁਕਤ ਕਰਕੇ ਹੀ ਦਮ ਲਵਾਂਗੇ। ਨਸ਼ਾ ਮੁਕਤੀ ਕੇਂਦਰ ਦੀ ਡਾਕਟਰ ਬੀਨੂ ਚੋਪੜਾ ਨੇ ਕਿਹਾ ਕਿ ਸਾਰੇ ਨਸ਼ਾ ਮੁਕਤੀ ਕੇਂਦਰਾਂ ਵਿੱਚ ਨਸ਼ੇ ਦੇ ਆਦੀ ਬੇਟੇ ਬੇਟੀਆਂ ਲਈ ਮੁਫਤ ਇਲਾਜ ਦਾ ਪ੍ਰਬੰਧ ਹੈ ਅਤੇ ਇਸ ਦੌਰਾਨ ਉਹਨਾਂ ਨੂੰ ਕਿੱਤਾ ਮੁਖੀ ਸਿਖਲਾਈ ਦੇਣ ਦੀ ਵਿਵਸਥਾ ਵੀ ਪੰਜਾਬ ਸਰਕਾਰ ਨੇ ਕੀਤੀ ਹੋਈ ਹੈ ਤਾਂ ਜੋ ਨੌਜਵਾਨ ਨਸ਼ਾ ਛੱਡਣ ਉਪਰੰਤ ਆਪਣਾ ਨਵਾਂ ਜੀਵਨ ਅਤੇ ਕਾਰੋਬਾਰ ਸ਼ੁਰੂ ਕਰ ਸਕਣ ਦੇ ਯੋਗ ਹੋ ਸਕਣ! ਡਾਕਟਰ ਸੰਜੇ ਬੰਸਲ ਹੈੱਡ, ਫਾਰਮੇਸੀ ਵਿਭਾਗ ਅਤੇ ਪ੍ਰੋਫੈਸਰ ਸੰਦੀਪ ਕੁਮਾਰ ਦੇ ਨਾਲ ਹਾਜ਼ਰ ਮਹਿਮਾਨਾ ਸ਼੍ਰੀਮਤੀ ਆਕਰਸ਼ੀ ਜੈਨ ਅਤੇ ਲਾਇਨ ਐਸ ਐਮ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਸੰਕਲਪ ਲਿਆ ਕਿ ਉਹ ਪੰਜਾਬ ਸਰਕਾਰ ਦੇ ਇਸ ਨਸ਼ਾ ਮੁਕਤ ਪੰਜਾਬ ਦੇ ਅੰਦੋਲਨ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨਗੇ ਅਤੇ ਵਿਅਕਤੀਗਤ ਪੱਧਰ 'ਤੇ ਵੀ ਲੋਕਾਂ ਵਿੱਚ ਜਾਗਰੂਕਤਾ ਫੈਲਾਉਣਗੇ! ਕੈਪਟਨ ਜਸਵਿੰਦਰ ਸਿੰਘ ਤਰਸੇਮ ਜਲੰਧਰੀ ਅਤੇ ਸੁਰਿੰਦਰ ਭਾਰਤੀ ਨੇ ਕਾਲਜ ਦੇ ਪ੍ਰਬੰਧਕਾਂ ਡਾਕਟਰ ਜਗਰੂਪ ਸਿੰਘ , ਟੀਚਿੰਗ ਸਟਾਫ ਅਤੇ ਵਿਦਿਆਰਥੀਆਂਦਾ ਧੰਨਵਾਦ ਕੀਤਾ ਅਤੇ ਰਾਸ਼ਟਰ ਗਾਨ ਨਾਲ ਸੈਮੀਨਾਰ ਸਮਾਪਤ ਹੋਇਆ ।

## ਹਰਿਆਣਾ ਨੂੰ ਤਰੱਕੀ ਦਾ ਅਣਮੁੱਲਾ ਉਪਹਾਰ ਅੱਜ ਦੇਣਗੇ ਪ੍ਰਧਾਨ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੀ ਧਰਤੀ 'ਤੇ 14 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇੱਥੇ ਆ ਕੇ ਵਿਕਾਸ ਦੀ ਨਵੀਂ ਗਾਥਾ ਲਿਖਣਗੇ।ਇਸ ਮੌਕੇ ਯਮੁਨਾਨਗਰ ਅਤੇ ਹਿਸਾਰ ਵਿੱਚ ਕਈ ਪਰਿਯੋਜਨਾਵਾਂ ਦਾ ਨੀਂਹ ਪੱਥਰ ਅਤੇ ਉਦਘਾਟਨ ਹੋਵੇਗਾ।ਇਹ ਪਰਿਯੋਜਨਾਵਾਂ ਨਾ ਕੇਵਲ ਹਰਿਆਣਾ ਦੇ ਬੁਨਿਆਦੀ ਢਾਂਚੇ ਨੂੰ ਨਵੀਂ ਤਾਕਤ ਦੇਵੇਗੀ, ਸਗੋਂ ਨੌਜੁਆਨਾਂ ਲਈ ਰੁਜਗਾਰ ਦੇ ਨਵੇਂ ਰਸਤੇ ਵੀ ਤਿਆਰ ਕਰੇਗੀ।ਪ੍ਰਧਾਨ ਮੰਤਰੀ ਯਮੁਨਾਨਗਰ ਵਿੱਚ ਹਰਿਆਣਾ ਬਿਜਲੀ ਉਤਪਾਦਨ ਨਿਗਮ ਲਿਮਿਟੇਡ ਦੀ 800 ਮੇਗਾਵਾਟ ਦੀ ਨਵੀਂ ਥਰਮਲ ਪਾਵਰ ਯੂਨਿਟ ਦਾ ਨੀਂਹ ਪੱਥਰ ਰੱਖਣਗੇ। 233 ਏਕੜ ਦੀ ਵਿਸ਼ਾਲ ਭੂਮੀ 'ਤੇ ਬਣਨ ਵਾਲੀ ਇਸ ਤਿੱਜੀ ਇਕਾਈ 'ਤੇ 8,469 ਕਰੋੜ ਰੁਪਏ ਦਾ ਖਰਚ ਹੋਵੇਗਾ।52 ਮਹੀਨੇ ਦੀ ਸੀਮੇ-ਸੀਮਾ ਵਿੱਚ ਇਹ ਪਰਿਯੋਜਨਾ ਪੂਰੀ ਹੋਵੇਗੀ ਅਤੇ ਮਾਰਚ 2029 ਤੱਕ ਇਸ ਦਾ ਵਪਾਰਕ ਸੰਚਾਲਨ ਸ਼ੁਰੂ ਹੋਕੇ ਹਰਿਆਣਾ ਨੂੰ ਉਰਜਾ ਦੀ ਸੁਨਹਿਰੀ ਰੌਸ਼ਨੀ ਨਾਲ ਰੋਸ਼ਨ ਕਰੇਗਾ।ਇਸ ਲੜੀ ਵਿੱਚ ਯਮੁਨਾਨਗਰ -ਜਗਾਧਰੀ ਨਗਰ ਨਿਗਮ ਖੇਤਰ ਦੇ ਮੁਕਰਬਪੁਰ ਵਿੱਚ 90 ਕਰੋੜ ਦੀ ਲਾਗਤ ਨਾਲ ਬੀ ਪੀ ਸੀ ਐਲ ਦੀ ਮਦਦ ਨਾਲ ਕੰਪ੍ਰੈਸਡ ਬਾਯੋਗੈਸ ਪਲਾਂਟ ਦੀ ਨੀਂਹ ਰੱਖੀ ਜਾ ਰਹੀ ਹੈ।ਸਾਲ 2027 ਤੱਕ ਪੂਰੀ ਹੋਣ ਵਾਲੀ ਇਸ ਪਰਿਯੋਜਨਾ ਦੀ ਸਾਲਾਨਾ ਉਤਪਾਦਨ ਸਮਰੱਥਾ 2600 ਮੀਟ੍ਰਿਕ ਟਨ ਹੋਵੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮਹਾਰਾਜਾ ਅਗਰਸੇਨ ਹਵਾਈ ਅੱਡਾ, ਹਿਸਾਰ ਤੋਂ ਹਵਾਈ ਸੇਵਾਵਾਂ ਦੀ ਸ਼ਾਨਦਾਰ ਸ਼ੁਰੂਆਤ ਕਰਣਗੇ।ਹਿਸਾਰ ਤੋਂ ਅਯੋਧਿਆ ਲਈ ਹਫ਼ਤੇ ਵਿੱਚ 2 ਉਡਾਨਾਂ, ਹਿਸਾਰ- ਜੰਮੂ, ਹਿਸਾਰ-ਅਹਿਮਦਾਬਾਦ, ਹਿਸਾਰ-ਜੈਪੁਰ ਅਤੇ ਹਿਸਾਰ-ਚੰਡੀਗੜ੍ਹ ਲਈ ਹਫ਼ਤੇ ਵਿੱਚ 3-3 ਉਡਾਨਾਂ ਦੇਸ਼ ਅਤੇ ਹਰਿਆਣਾ ਦੇ ਐਵੀਏਸ਼ਨ ਖੇਤਰ ਵਿੱਚ ਨਵਾਂ ਇਤਿਹਾਸ ਰਚੇਗੀ। ਇਸੇ ਦਿਨ ਹਿਸਾਰ ਹਵਾਈ ਅੱਡੇ ਦੇ ਦੂਜੇ ਚਰਨ ਦਾ ਨੀਂਹ ਪੱਥਰ ਰੱਖਿਆ ਜਾਵੇਗਾ ਜਿਸ 'ਤੇ 413 ਕਰੋੜ ਰੁਪਏ ਦਾ ਖਰਚਾ ਆਵੇਗਾ।

## ਸੁਖਬੀਰ ਬਾਦਲ ਦੇ ਪ੍ਰਧਾਨ ਬਣਨ ਨਾਲ ਵਰਕਰਾਂ ਨੂੰ ਵੱਡਾ ਬਲ ਮਿਲਿਆ : ਲੱਖੀ, ਮੋਮੀ

**ਟਾਂਡਾ ਉੜਮੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**— ਸੁਖਬੀਰ ਸਿੰਘ ਬਾਦਲ ਦੇ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਨ ਨਾਲ ਜਿੱਥੇ ਪਾਰਟੀ ਨੂੰ ਵੱਡਾ ਬਲ ਮਿਲਿਆ ਹੈ ਉੱਥੇ ਅਕਾਲੀ ਵਰਕਰਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ



ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਅਤੇ ਸ਼੍ਰੋਮਣੀ ਅਕਾਲੀ ਦਲ ਦਲਿਤ ਸਮਾਜ ਦੇ ਸੀਨੀਅਰ ਲੀਡਰ ਸਰਬਜੀਤ ਸਿੰਘ ਮੋਮੀ ਨੇ ਪ੍ਰੈਸ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਇੱਕੋ ਇੱਕ ਅਜਿਹੇ ਨਿਧੜਕ ਆਗੂ ਹਨ ਜੋ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ 'ਤੇ ਪਹੁੰਚਾ ਸਕਦੇ ਹਨ ਅਤੇ ਵਰਕਰਾਂ ਦੀ ਨਬਜ ਨੂੰ ਸਮਝ ਸਕਦੇ ਹਨ। ਉਹ ਫਿਰ ਤੋਂ ਵਰਕਰਾਂ ਵਿੱਚ ਰਹਿ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨਗੇ ਅਤੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਲਈ ਫਿਰ ਤੋਂ ਵੱਡੀ ਮੁਹਿੰਮ ਸ਼ੁਰੂ ਕਰਨਗੇ। ਇਸ ਮੌਕੇ ਤੇ ਸ੍ਰੀ ਅਮਰਜੀਤ ਕਲਸੀਆ, ਨਿਰਵੈਰ ਸਿੰਘ ਖੁੱਡਾ ,ਮਨਦੀਪ ਸਿੰਘ ਸ਼ਾਹਪੁਰ, ਅਮਨ ਬਾਜਵਾ ਸ਼ਾਹਪੁਰ ,ਜਥੇਦਾਰ ਗੁਰਦੀਪ ਸਿੰਘ ਖੁੱਡਾ, ਸੰਮਤੀ ਮੈਂਬਰ ਰਤਨ ਸਿੰਘ ਖੁੱਡਾ , ਸਰਪੰਚ ਅਸ਼ੋਕ ਸੈਣੀ ਖੁਣ ਖੁਣ ਕਲਾਂ, ਸਾਬਕਾ ਸਰਪੰਚ ਸਰਦਾਰ ਸ਼ਾਮ ਸਿੰਘ , ਲੰਬੜਦਾਰ ਬਲਵੀਰ ਸਿੰਘ ਮੂਨਕਾ ,ਮੈਂਬਰ ਪੰਚਾਇਤ ਅਤੇ ਅਕਾਲੀ ਆਗੂ ਕਮਲਜੀਤ ਸਿੰਘ ਮੂਨਕਾ, ਗੁਰਪ੍ਰੀਤ ਸਿੰਘ ਗੋਲਡੀ ਸ਼ਾਲਾਪੁਰ ,ਜਥੇਦਾਰ ਗੁਰਬਚਨ ਸਿੰਘ ਸ਼ਾਲਾਪੁਰ, ਹਰਮਿੰਦਰ ਸਿੰਘ ਸ਼ਾਲਾਪੁਰ ਸਾਬਕਾ ਸਰਪੰਚ, ਕੁਲਵਿੰਦਰ ਸਿੰਘ ਮੂਨਕ ਕਲਾਂ, ਮਨਪ੍ਰੀਤ ਸਿੰਘ ਬੁੱਢੀ ਪਿੰਡ, ਸਵਰਨ ਸਿੰਘ ਬੁੱਢੀ ਪਿੰਡ, ਲਖਵੀਰ ਸਿੰਘ ਗੰਭੋਵਾਲ ,ਪਵਨਦੀਪ ਸਿੰਘ ਗਿੱਲਾਂ, ਮਨਦੀਪ ਸਿੰਘ ਗਿੱਲਾਂ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

## ਸਨਾਤਨ ਧਰਮ ਸਭਾ ਨੇ ਸ੍ਰੀ ਹਨੂਮਾਨ ਚਾਲੀਸਾ ਪਾਠ ਦਾ ਨਵਾਂ ਸਵਰੂਪ ਸੰਗਤ ਨੂੰ ਕੀਤਾ ਸਮਰਪਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਪ੍ਰਭੂ ਸ਼੍ਰੀ ਰਾਮ ਜੀ ਦੇ ਭਗਤ, ਮਾਤਾ ਸੀਤਾ ਦੇ ਦੁਲਾਰੇ ਸੰਕਟ ਮੋਚਨ ਮਹਾਵੀਰ ਸ਼੍ਰੀ ਹਨੂਮਾਨ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਮਹਾਦੇਵ ਮੰਦਿਰ ਵਿਖੇ ਹਨੁਮਾਨ ਜਯੰਤੀ ਸਬੰਧੀ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਭਾ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਦੇ ਆਗੂਆਂ



ਅਤੇ ਸ਼ਰਧਾਲੂਆਂ ਨੇ ਜੈ ਵੀਰ ਬਜਰੰਗ ਬਲੀ ਦੇ ਜੈਕਾਰੇ ਲਗਾਉਂਦੇ ਹੋਏ ਮਹਾਵੀਰ ਸ਼੍ਰੀ ਹਨੂਮਾਨ ਜੀ ਦਾ ਜਨਮ ਦਿਹਾੜਾ ਮਨਾਇਆ।ਪੰਡਿਤ ਰਜਿੰਦਰ ਵੱਲੋਂ ਸ਼੍ਰੀ ਹਨੂਮਾਨ ਜੀ ਦੀ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕਰਨ ਉਪਰੰਤ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਤੇ ਹਾਜ਼ਰ ਦੀਪਕ ਬਹਿਲ, ਅਸ਼ੋਕ ਬਹਿਲ, ਸੁਰਿੰਦਰ ਨਈਅਰ, ਜੀਵਨ ਕੁਮਾਰ ਬੱਬਲੀ, ਅਨਿਲ ਕੁਮਾਰ, ਓਮਦੱਤ ਜੋਸ਼ੀ, ਦਿਲਬਾਗ ਰਾਏ, ਸ਼ਾਮਾ ਜੋਸ਼ੀ, ਰਮੇਸ਼ਵਰ ਕੁਕਰੇਜਾ, ਮਮਤਾ ਕੁਮਾਰੀ, ਸੁਮਨ ਨਈਅਰ, ਅਰੁਣ ਟੰਡਨ, ਬਲਰਾਜ ਕੁਮਰਾ, ਵਿਕਾਸ ਮਰਵਾਹਾ ਗੁੱਡੂ, ਨਵਦੀਪ ਸ਼ਤਰੂ ਅਤੇ ਹੋਰ ਸ਼ਰਧਾਲੂਆਂ ਨੇ ਸ਼੍ਰੀ ਹਨੂਮਾਨ ਚਾਲੀਸਾ ਪਾਠ ਦਾ ਨਵਾਂ ਸਵਰੂਪ ਸੰਗਤ ਨੂੰ ਸਮਰਪਿਤ ਕੀਤਾ। ਸਮਾਰੋਹ ਦੇ ਆਖ਼ਿਰ ਵਿੱਚ ਹਾਜ਼ਰ ਸ਼ਰਧਾਲੂਆਂ ਨੇ ਸ਼੍ਰੀ ਹਨੂਮਾਨ ਜੀ ਦੀ ਮੂਰਤੀ ਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਇੱਕ ਦੂਜੇ ਨੂੰ ਹਨੂਮਾਨ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ। ਸਭਾ ਵੱਲੋਂ ਭਗਵਾਨ ਸ਼੍ਰੀ ਹਨੂਮਾਨ ਜੀ ਦਾ ਸੰਗਤਾਂ ਨੂੰ ਪ੍ਰਸ਼ਾਦ ਦੇ ਕੇ ਸਾਰਾ ਦਿਨ ਲੰਗਰ ਵਰਤਾਇਆ ਗਿਆ।

## ਅਬਾਦਕਾਰ ਜ਼ਮੀਨ ਮਾਲਕਾਂ ਦੇ ਹੱਕ 'ਚ ਆਈ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ



**ਮਹਿਤਪੁਰ (ਰਾਜਾ)** ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਖੁੱਦ ਅਬਾਦਕਾਰ ਜਮੀਨ ਮਾਲਕਾਂ ਦੇ ਹੱਕ ਵਿੱਚ ਬਲਾਕ ਮਹਿਤਪੁਰ ਜ਼ਿਲ੍ਹਾ ਜਲੰਧਰ ਵਿਖੇ ਬੀਡੀਪੀਓ ਦੇ ਦਫਤਰ ਅੱਗੇ ਧਰਨਾ ਦੇ ਕੇ ਬੀਡੀਪੀਓ ਗੁਰਵਿੰਦਰ ਕੌਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਬੀਕੇਯੂ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਧਰਨੇ ਨੂੰ ਸੰਬੋਧਨ ਕਰਦਿਆਂ ਕੌਮੀ ਜਨਰਲ ਸਕੱਤਰ ਪੰਜਾਬ ਕੇਵਲ ਸਿੰਘ ਖਹਿਰਾ, ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਲੋਹਗੜ, ਕਾਮਰੇਡ ਕੁਲਵੰਤ ਸਿੰਘ ਸੰਧੂ ਅਤੇ ਸੁੱਖ ਗਿੱਲ ਮੋਗਾ ਨੇ ਕਿਹਾ ਕੇ ਭਾਰਤ-ਪਾਕਿਸਤਾਨ ਦੀ ਵੰਡ ਤੋਂ ਲੈਕੇ ਇਹ ਅਬਾਦਕਾਰ 40-45 ਸਾਲਾਂ ਤੋਂ ਜਮੀਨਾਂ ਅਬਾਦ ਕਰਕੇ ਵਾਹ ਰਹੇ ਹਨ ਅਤੇ ਕਈ ਕਿਸਾਨਾਂ ਮਜਦੂਰਾਂ ਨੇ ਇਸ ਜਮੀਨ ਵਿੱਚ ਆਪਣੇ ਘਰ ਬਣਾਏ ਹੋਏ ਹਨ, ਜਥੇਬੰਦੀ ਦੇ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕੇ ਜੇ ਤੁਸੀਂ ਕਿਸਾਨਾਂ ਤੋਂ ਜਮੀਨਾਂ ਖੋਹਣ ਦੀ ਕੋਸ਼ਿਸ਼ ਕਰੋਗੇ ਤਾਂ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਕਿਸਾਨਾਂ ਨਾਲ ਹਿੱਕ ਡਾਹਕੇ ਖੜੇਗੀ ਅਤੇ ਸੁੱਖ ਗਿੱਲ ਮੋਗਾ ਨੇ ਕਿਹਾ ਕੇ ਆਉਣ ਵਾਲੇ ਸਮੇਂ 'ਚ ਇਹ ਮਸਲਾ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 32 ਜਥੇਬੰਦੀਆਂ ਵਿੱਚ ਵੀ ਉਠਾਇਆ ਜਾਵੇਗਾ ਅਤੇ ਆਉਣ ਵਾਲੇ ਦਿਨਾਂ ਵਿੱਚ ਮਹਿਤਪੁਰ ਹਲਕੇ ਦੇ ਸਾਰੇ ਅਬਾਦਕਾਰ ਕਿਸਾਨਾਂ ਨੂੰ ਇਕੱਠੇ ਕਰਕੇ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ ਇੱਕ ਮੀਟਿੰਗ ਤੋਂ ਬਾਅਦ ਸਰਕਾਰ ਖਿਲਾਫ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਜਾਵੇਗਾ। ਕਿਸਾਨ ਮਜਦੂਰ ਦੀ ਜਮੀਨ ਜਾਂ ਘਰ ਕਿਸੇ ਵੀ ਹਾਲਤ ਸਰਕਾਰ ਨੂੰ ਖੋਹਣ ਨਹੀ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਬੀਰ ਸਿੰਘ ਭੱਦਮਾਂ ਤਹਿਸੀਲ ਪ੍ਰਧਾਨ, ਸੁਰਿੰਦਰ ਸਿੰਘ ਸਰਪੰਚ ਮੈਂਬਰ ਕੋਰ ਕਮੇਟੀ ਪੰਜਾਬ, ਹਰਦੀਪ ਸਿੰਘ ਲਾਡੀ, ਗੁਰਮੁੱਖ ਸਿੰਘ, ਕਮਲਜੀਤ ਪੀਟਰ, ਬਲਵਿੰਦਰ ਸਿੰਘ ਭੱਦਮਾਂ, ਸੁਰਿੰਦਰ ਸਿੰਘ ਭੱਦਮਾਂ, ਜਰਨੈਲ ਸਿੰਘ ਦਾਨੇਵਾਲ, ਮਹਿੰਦਰ ਸਿੰਘ ਰਾਏਪੁਰ ਗੁੱਜਰਾਂ, ਅਵਤਾਰ ਸਿੰਘ, ਗੁਰਜਿੰਦਰ ਸਿੰਘ, ਹਰਦੀਪ ਸਿੰਘ ਲਾਡੀ, ਸੰਤੋਖ ਸਿੰਘ, ਦਲਬੀਰ ਸਿੰਘ, ਕਸ਼ਮੀਰ ਸਿੰਘ, ਰਵਿੰਦਰ ਸੋਢੀ, ਦਲਜੀਤ ਸਿੰਘ ਬਾਬਾ, ਸੁੱਖਾ ਘੋੜੀਆ ਵਾਲਾ ਸਰਪੰਚ, ਸੁੱਖਾ ਨੂਰਪੁਰ, ਮਾਨੀ ਬਾਲੋਕੀ ਅਤੇ ਤਲਵਿੰਦਰ ਗਿੱਲ ਯੂਥ ਆਗੂ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਹਾਜਰ ਸਨ ।

## ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਘਰਸ਼ ਦੁਨੀਆ ਨੂੰ ਪ੍ਰੇਰਨਾ ਦਿੰਦੇ ਰਹਿਣਗੇ : ਬਸਰਾ

**ਫਗਵਾੜਾ ( ਡਾ. ਰਮਨ)** ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਸਥਾਨਕ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਵਿਖੇ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸੰਚਾਲਿਤ ਵੋਕੇਸ਼ਨਲ ਸੈਂਟਰ 'ਚ ਕੀਤਾ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਫਗਵਾੜਾ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਕਸ਼ਮੀਰ ਸਿੰਘ ਮੱਲ੍ਹੀ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ ਅਤੇ ਟਰੱਸਟੀ ਮੈਂਬਰ ਸੰਤੋਸ਼ ਕੁਮਾਰ ਗੋਗੀ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ, ਸਮਾਜ ਸੇਵਕ ਬੀ.ਆਰ. ਕਟਾਰੀਆ ਯੂ.ਕੇ. ਤੋਂ ਇਲਾਵਾ ਨਰੇਸ਼ ਕੋਹਲੀ ਰਿਟਾ. ਹੈਡਮਾਸਟਰ ਸ਼ਾਮਲ ਹੋਏ। ਪ੍ਰਮੁੱਖ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੀ



ਤਸਵੀਰ 'ਤੇ ਫੁੱਲਮਾਲਾਵਾਂ ਭੇਂਟ ਕੀਤੀਆਂ ਅਤੇ ਜਨਮ ਦਿਨ ਦਾ ਕੇਕ ਕੱਟਿਆ। ਸਮਾਗਮ ਦੌਰਾਨ ਬੁਲਾਰਿਆਂ ਨੇ ਡਾ. ਅੰਬੇਡਕਰ ਦੀ ਸੰਖੇਪ ਜੀਵਨੀ ਬਾਰੇ ਚਾਨਣਾ ਪਾਇਆ। ਸਮਾਗਮ ਦੌਰਾਨ ਕਵੀ ਦਵਿੰਦਰ ਜੱਸਲ ਅਤੇ ਸੁਖਦੇਵ ਗੰਢਵਾਂ ਵਲੋਂ ਕਵਿਤਾਵਾਂ ਰਾਹੀਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਭਾ ਵਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਸਟੇਜ ਦੀ ਸੇਵਾ ਰਵਿੰਦਰ ਸਿੰਘ ਰਾਏ ਨੇ ਬਾਖੂਬੀ ਨਿਭਾਈ। ਸਮਾਗਮ ਦਾ ਅੰਤ ਬਾਬਾ ਸਾਹਿਬ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੱਡੂ ਵੰਡ ਕੇ ਕੀਤਾ ਗਿਆ।ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਸਮਾਜ ਸੇਵਕ ਮਦਨ ਲਾਲ ਕੋਰੋਟਨਿਆ, ਮੈਡਮ ਤਨੂੰ, ਮੈਡਮ ਸਪਨਾ ਸ਼ਾਰਦਾ, ਮੈਡਮ ਆਸ਼ੂ ਬੱਗਾ, ਮੈਡਮ ਨਵਜੋਤ ਕੌਰ, ਮੈਡਮ ਗੁਰਜੀਤ ਕੌਰ, ਵਿੱਕੀ ਸਿੰਘ, ਅਸ਼ੋਕ ਸ਼ਰਮਾ, ਰਮਨ ਨਹਿਰਾ, ਸ਼ੁਭਮ ਸ਼ਰਮਾ, ਅਮਰਿੰਦਰ ਸੈਣੀ ਬਲਾਕ ਪ੍ਰਧਾਨ, ਗੁਰਸ਼ਰਨ ਬਾਸੀ, ਸਿਮਰਨ, ਅਮਨਪ੍ਰੀਤ, ਕੋਮਲ, ਹਰਮਨ, ਕਿਰਨ, ਮਮਤਾ, ਹਰਮੀਨ, ਅੰਜਲੀ ਕੁਮਾਰੀ, ਪ੍ਰਿਯੰਕਾ, ਜਸ਼ਨਪ੍ਰੀਤ, ਹਰਪ੍ਰੀਤ, ਨਿਸ਼ਾ, ਮਨਰਾਜ, ਭਾਵਨਾ, ਕਮਲ, ਗੁਰਪ੍ਰੀਤ ਕੌਰ, ਰਮਨਦੀਪ, ਜਯੋਤੀ, ਰੇਨੁਕਾ, ਗੁਰਜੀਤ, ਮਹਿਕ, ਸੋਨਿਆ, ਬਲਜੀਤ, ਜੈਸਮੀਨ ਆਦਿ ਹਾਜ਼ਰ ਸਨ।

## ਸ਼ਿਵ ਨੰਦਨ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਬਣੇ ਪ੍ਰਧਾਨ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਉਸਾਰੀ ਮਿਸਤਰੀ ਮਜਦੂਰ ਯੂਨੀਅਨ(ਇਫਟੂ) ਨਵਾਂਸ਼ਹਿਰ ਦੀ ਭਰਵੀਂ



ਮੀਟਿੰਗ ਵਿਚ ਸ਼ਿਵਨੰਦਨ ਨੂੰ ਪ੍ਰਧਾਨ, ਵਦਨ ਸਿੰਘ ਨੂੰ ਮੀਤ ਪ੍ਰਧਾਨ, ਓਮ ਪ੍ਰਕਾਸ਼ ਨੂੰ ਸਕੱਤਰ, ਰਜਿੰਦਰ ਕੁਮਾਰ ਨੂੰ ਸੰਯੁਕਤ ਸਕੱਤਰ,ਬੱਬਲੂ ਕੁਮਾਰ ਸਲੋਹ ਨੂੰ ਵਿੱਤ ਸਕੱਤਰ ਅਤੇ ਸਿਕੰਦਰ ਨੂੰ ਪ੍ਰੈਸ ਸਕੱਤਰ ਚੁਣਿਆਂ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਡਿਪਟੀ ਸੈਕਟਰੀ ਪੰਜਾਬ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਨੇ ਕਿਹਾ ਕਿ ਮਜ਼ਦੂਰ ਵਰਗ ਅੱਗੇ ਵੱਡੀਆਂ ਚਣੌਤੀਆਂ ਹਨ।ਮੋਦੀ ਸਰਕਾਰ ਨੇ ਪੂੰਜੀਪਤੀ ਪੱਖੀ ਚਾਰ ਕਿਰਤ ਕੋਡ ਲਿਆ ਕੇ ਕਿਰਤੀਆਂ ਦੇ ਹਿੱਤਾਂ ਉੱਤੇ ਵੱਡਾ ਹੱਲਾ ਬੋਲਿਆ ਹੈ।ਮਜ਼ਦੂਰ ਪੱਖੀ ਕਿਰਤ ਕਾਨੂੰਨ ਖਤਮ ਕਰ ਦਿੱਤੇ ਗਏ ਹਨ।ਆਗੂਆਂ ਨੇ ਕਿਹਾ ਕਿ ਪਹਿਲੀ ਮਈ ਦਾ ਕੌਮਾਂਤਰੀ ਮਜਦੂਰ ਦਿਵਸ ਕਿਰਤੀਆਂ ਲਈ ਸੱਭ ਤੋਂ ਵੱਧ ਇਤਿਹਾਸਕ ਮਹੱਤਤਾ ਵਾਲਾ ਦਿਨ ਹੈ।ਸਾਰੇ ਕਿਰਤੀਆਂ ਨੂੰ ਇਹ ਦਿਨ ਜੋਸ਼ੋ ਖਰੋਸ਼ ਨਾਲ ਮਨਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਅਹੁਦੇਦਾਰਾਂ ਸਮੇਤ 15 ਮੈਂਬਰੀ ਕਮੇਟੀ ਵੀ ਚੁਣੀ ਗਈ ਜਿਸ ਵਿਚ ਦੁਰਗੇਸ਼, ਅਨਿਲ, ਜਸਵੀਰ ਸਿੰਘ, ਪਿੰਟੂ,ਤੇਜ ਪਾਲ, ਆਜਾਦ, ਮੁਹੰਮਦ ਹਾਰਿਨ, ਇਸਲਾਮੁਦੀਨ ਅਤੇ ਮੁਕੇਸ਼ ਨੂੰ ਚੁਣਿਆਂ ਗਿਆ।ਪ੍ਰਧਾਨ ਸ਼ਿਵਨੰਦਨ ਅਤੇ ਸਕੱਤਰ ਓਮਪ੍ਰਕਾਸ਼ ਸਮੇਤ ਚੁਣੀ ਗਈ ਕਮੇਟੀ ਨੇ ਜਥੇਬੰਦੀ ਲਈ ਤਨਦੇਹੀ ਨਾਲ ਕੰਮ ਕਰਨ ਦਾ ਐਲਾਨ ਕੀਤਾ।

## ਕਿਡਜ਼ਜ਼ੋਨ ਸਕੂਲ ਵਿਖੇ ਮਨਾਈ ਵਿਸਾਖੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਕਿਡਜ਼ਜੋਨ ਸਕੂਲ ਵਿਖੇ ਵਿਸਾਖੀ ਦਾ ਦਿਹਾੜਾ ਬਹੁਤ ਸ਼ਰਦਾ ਤੇ ਉਲਾਸ ਨਾਲ ਮਨਾਇਆ ਗਿਆ। ਨੰਨੇ ਮੁੰਨੇ ਬੱਚੇ ਰੰਗ ਬਰੰਗੀਆਂ ਪੁਸ਼ਾਕਾਂ ਵਿਚ ਆਏ ਤੇ ਢੋਲ ਦੀ ਥਾਪ ਤੇ ਭੰਗੜੇ ਪਾਏ। ਸਭ ਨੇ ਰਲ ਮਿਲ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰ ਕੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਤੇ ਡਾਇਰੈਕਟਰ ਸਰਬਜੀਤ ਸਿੰਘ ਗਿੱਲ ਨੇ ਸਭ ਨੂੰ ਵੈਸਾਖੀ ਦੇ ਤਿਉਹਾਰ ਦੀਆ ਲੱਖ ਲੱਖ ਵਧਾਈਆਂ ਦਿੱਤੀਆਂ।

## ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਨੇ ਵਿਦਿਆਰਥੀਆਂ ਨਾਲ ਮਨਾਈ ਵਿਸਾਖੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਿੰਡ ਅੱਜੋਵਾਲ ਵਿੱਚ ਪੈਂਦੇ ਮਹੱਲਾ ਪ੍ਰੀਤ ਨਗਰ ਦੇ ਸਰਕਾਰੀ ਐਲੀਮੈਂਟਰੀ ਸਕੂਲ ਆਫ ਹੈਪੀਨੈਸ ਵਿੱਖੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਯੂ ਕੇ ਵੱਲੋਂ ਸਕੂਲੀ ਵਿਦਿਆਰਥੀਆਂ ਨਾਲ ਵੈਸਾਖੀ ਦਾ ਤਿਉਹਾਰ ਮਨਾਉਣ ਲਈ ਸਮਾਗਮ ਕਰਵਾਇਆ ਗਿਆ।ਪਿੰਡ ਅੱਜੋਵਾਲ ਦਾ ਇਹ ਮੁਹੱਲਾ ਝੁੱਗੀ ਝੌਂਪੜੀ ਵਾਲਾ ਇਲਾਕਾ ਹੈ ਅਤੇ ਬਹੁਤਾਤ ਵਿੱਚ ਸਿੱਗਲੀਗਰ ਭਾਈਚਾਰੇ ਦੀ ਵੱਡੀ ਆਬਾਦੀ ਇਸ ਇਲਾਕੇ ਵਿੱਚ ਵੱਸਦੀ ਹੈ ਅਤੇ ਜ਼ਿਆਦਾ





ਪਰਵਾਰ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ।ਇਸ ਇਲਾਕੇ ਦੇ ਲੋਕ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਸਨ ਅਤੇ ਖੁਦ ਦਿਹਾੜੀ ਮਜ਼ਦੂਰੀ ਕਰਕੇ ਆਪਣਾ ਜੀਵਨ ਬਸਰ ਕਰ ਰਹੇ ਸੀ ਅਤੇ ਇਹਨਾਂ ਦੇ ਬੱਚੇ ਵੀ ਪੀੜੀ ਦਰ ਪੀੜੀ ਇਸੇ ਤਰ੍ਹਾਂ ਦਿਹਾੜੀ ਮਜਦੂਰੀ ਦਾ ਕੰਮ ਕਰਦੇ ਹੀ ਆ ਰਹੇ ਸਨ ਜਿਸ ਕਾਰਨ ਇਹ ਤਾ ਜੀਵਨ ਆਰਥਿਕ ਤੰਗੀਆਂ ਦੀ ਗੁੰਝਲ ਵਿੱਚ ਰਹਿੰਦੇ ਹਨ। ਪਰ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰੱਸਟ ਵੱਲੋਂ ਪ੍ਰੀਤ ਨਗਰ ਮੁਹੱਲੇ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨੂੰ ਗੋਦ ਵਿੱਚ ਲੈਣ ਉਪਰੰਤ ਸਕੂਲ ਦੇ ਸਟਾਫ ਨਾਲ ਤਾਲਮੇਲ ਕਾਇਮ ਕਰਕੇ ਸਕੂਲ ਵਿੱਚ ਇਮਾਰਤ ਨੂੰ ਆਕਰਸ਼ਿਤ ਅਤੇ ਮਾਡਰਨ ਬਣਾਉਣ ਦੇ ਲਈ ਜਿੱਥੇ ਉਪਰਾਲੇ ਕੀਤੇ ਉਥੇ ਹੀ ਘਰ ਘਰ ਜਾ ਕੇ ਬੱਚਿਆਂ ਨੂੰ ਪੜ੍ਹਨ ਲਈ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਦੱਸਿਆ ਟਰੱਸਟ ਦੇ ਅਹੁਦੇਦਾਰਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਵੱਲੋਂ ਬੱਚਿਆਂ ਨਾਲ ਵੈਸਾਖੀ ਦਾ ਤਿਉਹਾਰ ਮਨਾਇਆ ਗਿਆ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ ।ਇਸ ਮੌਕੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪੜ੍ਹਾਈ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਬੱਚਿਆਂ ਨੂੰ ਮਿਠਾਈ ਵੀ ਵੰਡੀ ਗਈ ।ਟਰੱਸਟ ਦੇ ਚੇਅਰਮੈਨ ਇੰਗਲੈਂਡ ਨਿਵਾਸੀ ਰਣਜੀਤ ਸਿੰਘ ਅਤੇ ਪ੍ਰਬੰਧਕ ਟਰੱਸਟੀ ਜੇ ਐਸ ਆਹਲੂਵਾਲੀਆ , ਗੁਰਪ੍ਰੀਤ ਸਿੰਘ , ਪ੍ਰਿੰਸੀਪਲ ਰਚਨਾ ਕੌਰ, ਜਤਿੰਦਰ ਕੌਰ, ਓਂਕਾਰ ਸਿੰਘ ਖਾਲਸਾ, ਐਡਵੋਕੇਟ ਜਸਪਾਲ ਸਿੰਘ, ਵਲੋਂ ਆਪਣੇ ਸੰਦੇਸ਼ ਰਾਹੀਂ ਸਮੂਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੈਸਾਖੀ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਉਹ ਵੱਧ ਤੋਂ ਵੱਧ ਵਿਦਿਆ ਗ੍ਰਹਿਣ ਕਰਕੇ ਸੂਬੇ ਅਤੇ ਦੇਸ਼ ਦਾ ਨਾਂਅ ਚਮਕਾਉਣ ਅਤੇ ਟਰੱਸਟ ਹਮੇਸ਼ਾ ਹੀ ਉਨ੍ਹਾਂ ਨੂੰ ਸਹਿਯੋਗ ਦਿੰਦਾ ਰਹੇਗਾ।ਇਸ ਮੌਕੇ 'ਤੇ ਪਿੰਡ ਦੀ ਸਰਪੰਚ ਸ਼੍ਰੀਮਤੀ ਆਰਤੀ, ਸੰਦੀਪ ਸਿੰਘ ਬੱਬੂ ਪ੍ਰਧਾਨ, ਪਿੰਡ ਦੇ ਪੰਚ ਸਮੂਹ ਸਕੂਲ ਸਟਾਫ ਸਮੇਤ ਬੱਚਿਆਂ ਦੇ ਮਾਪੇ ਵੀ ਹਾਜਰ ਸਨ ।

## 'ਦੇਸ਼ ਦੀ ਵੰਡ : ਜ਼ਿੰਮੇਵਾਰ ਕੌਣ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ



**ਮਾਹਿਲਪੁਰ (ਸਫ਼ਰੀ)** ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਇਤਿਹਾਸ ਵਿਭਾਗ ਵੱਲੋਂ 'ਦੇਸ਼ ਦੀ ਵੰਡ : ਜ਼ਿੰਮੇਵਾਰ ਕੌਣ' ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾ ਤੋਂ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਡਾ. ਰਾਕੇਸ਼ ਬਾਵਾ ਨੇ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ।ਇਤਿਹਾਸ ਵਿਭਾਗ ਦੇ ਮੁਖੀ ਡਾਕਟਰ ਦੇਵ ਕੁਮਾਰ ਨੇ ਕਿਹਾ ਕਿ ਦੇਸ਼ ਦੀ ਵੰਡ ਸਬੰਧੀ ਅਨੇਕਾਂ ਪੁਸਤਕਾਂ ਰਚੀਆਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਦੇਸ਼ ਦੇ ਬਟਵਾਰੇ ਸਬੰਧੀ ਵਿਦਵਾਨਾਂ ਵੱਲੋਂ ਵੱਖ-ਵੱਖ ਧਿਰਾਂ ਨੂੰ ਜਿੰਮੇਵਾਰ ਠਹਿਰਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਲੈਕਚਰਾਂ ਦੁਆਰਾ ਵਿਦਿਆਰਥੀ ਇਤਿਹਾਸ ਦੇ ਅਜਿਹੇ ਵਿਸ਼ਿਆਂ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝ ਸਕਦੇ ਹਨ।ਰਿਸੋਰਸ ਪਰਸਨ ਡਾ. ਰਾਕੇਸ਼ ਬਾਵਾ ਨੇ ਅੰਗਰੇਜ਼ ਬਸਤੀਵਾਦੀ ਦੌਰ ਵਿੱਚ ਭਾਰਤ ਦੀ ਰਾਜਨੀਤਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਥਿਤੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਦੇਸ਼ ਦੀ ਵੰਡ ਵਿੱਚ ਜ਼ਿੰਮੇਵਾਰ ਵੱਖ ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਧਿਰਾਂ ਦੀ ਭੂਮਿਕਾ ਬਾਰੇ ਗੰਭੀਰ ਵਿਚਾਰ ਪੇਸ਼ ਕੀਤੇ।ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਸਮਾਜ ਵਿੱਚ ਵੱਖ-ਵੱਖ ਧਰਮਾਂ ਤੇ ਵਰਗਾਂ ਦੇ ਲੋਕਾਂ ਦੀ ਆਪਸੀ ਸਾਂਝ ਅਤੇ ਮੁਹੱਬਤ ਹਮੇਸ਼ਾ ਰਹੀ ਹੈ ਪਰ ਧਾਰਮਿਕ ਅਤੇ ਸਿਆਸੀ ਆਗੂਆਂ ਦੀਆਂ ਕੋਝੀਆਂ ਚਾਲਾਂ ਦੇਸ਼ ਦੀ ਵੰਡ ਵਰਗੇ ਦੁਖਾਂਤ ਨੂੰ ਜਨਮ ਦਿੰਦੀਆਂ ਹਨ।ਸਮਾਰੋਹ ਮੌਕੇ ਮੰਚ ਦੀ ਕਾਰਵਾਈ ਪ੍ਰੋਫੈਸਰ ਅਨਿਲ ਕਲਸੀ ਨੇ ਚਲਾਈ।ਇਸ ਮੌਕੇ ਪ੍ਰੋ. ਜਸਵਿੰਦਰ ਸਿੰਘ, ਡਾ ਜੇ ਬੀ ਸੇਖੋਂ ਅਤੇ ਕਾਲਜ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



ਫਿਲੌਰ ਦੇ ਪ੍ਰਚੀਨ ਹਨੂੰਮਾਨ ਮੰਦਰ ਮੇਨ ਬਾਜ਼ਾਰ ਵਿਖੇ ਹਨੂੰਮਾਨ ਜਯੰਤੀ ਮੌਕੇ ਹਨੂੰਮਾਨ ਦਾ ਗੁਣਗਾਨ ਕਰਦੀਆਂ ਸੰਗਤਾਂ।

**ਫੋਟੋ ਤੇ ਵੇਰਵਾ : ਬੀ ਐਸ ਕੈਨੇਡੀ, ਫਿਲੌਰ**

## ਡਾ. ਚੱਬੇਵਾਲ ਨੇ ਕੀਤਾ ਪਾਰਟੀ ਦਫਤਰ ਦਾ ਉਦਘਾਟਨ



**ਫਗਵਾੜਾ (ਡਾ. ਰਮਨ)** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਸ਼ਹਿਰ ਦੇ ਵਾਰਡ ਨੰਬਰ 9 ਸਥਿਤ ਵਰਿੰਦਰ ਪਾਰਕ ਮੇਹਲੀ ਗੇਟ ਵਿਖੇ ਪਾਰਟੀ ਦਫਤਰ ਦਾ ਉਦਘਾਟਨ ਕੀਤਾ। ਉਹਨਾਂ ਦੇ ਨਾਲ ਆਪ ਪਾਰਟੀ ਦੇ ਸੂਬਾ ਸਪੋਕਸਪਰਸਨ ਹਰਨੂਰ ਸਿੰਘ ਹਰਜੀ ਮਾਨ, ਮੇਅਰ ਰਾਮਪਾਲ ਉੱਪਲ, ਯੋਜਨਾ ਬੋਰਡ ਜ਼ਿਲ੍ਹਾ ਕਪੂਰਥਲਾ ਦੇ ਚੇਅਰਪਰਸਨ ਲਲਿਤ ਸਕਲਾਨੀ, ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਅਤੇ ਵਰੁਣ ਬੰਗੜ ਸਰਪੰਚ ਚੱਕ ਹਕੀਮ ਮੌਜੂਦ ਰਹੇ। ਡਾ. ਚੱਬੇਵਾਲ ਨੇ ਕਿਹਾ ਆਮ ਆਦਮੀ ਪਾਰਟੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਦਾ ਮਕਸਦ ਹਰੇਕ ਵਾਰਡ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਦਾ ਢੁਕਵਾਂ ਹੱਲ ਕਰਵਾਉਣਾ ਹੈ। ਵਾਰਡ ਨੰਬਰ 9 ਦੇ ਵਸਨੀਕ ਪ੍ਰਸ਼ਾਸਨ ਦੇ ਨਾਲ ਜੁੜੀਆਂ ਮੁਸ਼ਕਲਾਂ ਦੀ ਜਾਣਕਾਰੀ ਇਸ ਦਫਤਰ ਵਿਖੇ ਦੇ ਸਕਦੇ ਹਨ। ਜਨਤਾ ਦੀ ਹਰ ਮੁਸ਼ਕਿਲ ਦਾ ਢੁਕਵਾਂ ਹਲ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਕਿਸੇ ਯੋਗ ਲਾਭਪਾਤਰੀ ਨੂੰ ਕਿਸੇ ਸਰਕਾਰੀ ਸੁਵਿਧਾ ਦਾ ਲਾਭ ਲੈਣ ਵਿਚ ਮੁਸ਼ਕਲ ਆ ਰਹੀ ਹੋਵੇ ਤਾਂ ਉਹ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਦਫਤਰ ਇੰਚਾਰਜ ਅਤੇ ਆਮ ਆਦਮੀ ਪਾਰਟੀ ਸਟੂਡੈਂਟ ਵਿੰਗ ਦੇ ਪ੍ਰਧਾਨ ਦੀਪਕ ਕਪਤਾਨ ਨੇ ਭਰੋਸਾ ਦਿੱਤਾ ਕਿ ਉਹ ਵਾਰਡ ਵਾਸੀਆਂ ਦੀ ਹਰ ਮੁਸ਼ਕਲ ਦਾ ਢੁਕਵਾਂ ਹਲ ਕਰਵਾਉਣਗੇ। ਇਸ ਤੋਂ ਇਲਾਵਾ ਸਟੂਡੈਂਟ ਵਿੰਗ ਦੇ ਪ੍ਰਧਾਨ ਦੇ ਨਾਤੇ ਵੱਧ ਤੋਂ ਵੱਧ ਨੌਜਵਾਨ ਵਿਦਿਆਰਥੀਆਂ ਨੂੰ ਵੀ ਪਾਰਟੀ ਨਾਲ ਜੋੜਨਗੇ। ਵਿਦਿਅਕ ਅਦਾਰਿਆਂ, ਪ੍ਰਸ਼ਾਸਨ, ਕਾਰਪੋਰੇਸ਼ਨ ਅਤੇ ਹੋਰ ਸਰਕਾਰੀ ਅਦਾਰਿਆਂ ਨਾਲ ਸਬੰਧਤ ਜਨਤਾ ਦੀਆਂ ਮੁਸ਼ਕਲਾਂ ਦੂਰ ਕਰਵਾਉਣਾ ਉਹਨਾਂ ਦੀ ਮੁੱਢਲੀ ਪ੍ਰਾਥਮਿਕਤਾ ਰਹੇਗੀ। ਇਸ ਮੌਕੇ ਬਲਵਿੰਦਰ ਕੁਮਾਰ, ਸਰਬਜੀਤ ਕੌਰ, ਜਨਕ ਰਾਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਪ ਪਾਰਟੀ ਦੇ ਵਰਕਰ ਹਾਜ਼ਰ ਸਨ।

## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਖਿਆਲਾ 'ਚ 'ਖੇਤੀਬਾੜੀ ਉੱਨਤੀ ਤੇ ਗ੍ਰਾਮੀਣ ਵਿਕਾਸ ਮੇਲਾ

**ਆਦਮਪੁਰ (ਪਰਮਜੀਤ ਸਿੰਘ)** ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ , ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਜਲੰਧਰ 'ਚ 'ਖੇਤੀਬਾੜੀ ਉੱਨਤੀ ਅਤੇ ਗ੍ਰਾਮੀਣ ਵਿਕਾਸ ਮੇਲਾ-2025' ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ-ਗਾਇਨ ਨਾਲ ਹੋਈ।ਉਪਰੰਤ ਮੇਲੇ ਦਾ ਉਦਘਾਟਨ ਯੂਨੀਵਰਸਿਟੀ ਦੇ ਚਾਂਸਲਰ ਸੰਤ ਮਨਮੋਹਨ ਸਿੰਘ ਨੇ ਕੀਤਾ। ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਨੇ ਆਪਣੇ ਸੰਬੋਧਨੀ ਸ਼ਬਦਾਂ ਵਿੱਚ ਆਏ ਹੋਏ ਮਹਿਮਾਨਾਂ ਤੇ ਕਿਸਾਨਾਂ ਦਾ ਸੁਆਗਤ ਕੀਤਾ।ਇਨ੍ਹਾਂ ਸਮੱਸਿਆਵਾਂ ਦਾ ਹੱਲ ਸਿਰਫ਼ ਵਿਗਿਆਨਕ ਤਰੀਕਿਆਂ ਰਾਹੀਂ ਹੀ ਲੱਭਿਆ ਜਾ ਸਕਦਾ ਹੈ। ਮਹਿੰਦਰ ਸਿੰਘ ਨੇ ਪਾਣੀ ਦੀ ਸਮੱਸਿਆ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਪੰਛੀਆਂ ਦੀ ਦੇਖਭਾਲ ਗੈਸਾਂ ਖੇਤੀਬਾੜੀ ਰਹਿਦ ਖੂੰਹਦ ਓਜੋਨ ਪਰਤ ਬਾਰੇ ਵਿਚਾਰ ਪੇਸ਼ ਕੀਤੇ ਅਤੇ ਭਵਿੱਖ ਬਾਰੇ ਚਿੰਤਾ ਜ਼ਾਹਿਰ ਕੀਤੀ ।ਡਾ. ਆਰ. ਕੇ. ਨਿਨਵਾਲ(ਖੇਤੀਬਾੜੀ ਮਾਹਿਰ) ਨੇ ਕਿਹਾ ਕਿ ਇਹ ਮਿੱਟੀ ਪਾਣੀ ਹਵਾ ਸਾਡੇ ਪੂਰਵਜਾਂ ਨੇ ਸਾਨੂੰ ਦਿੱਤੀ ਸੀ ਅਸੀਂ ਇਸ ਦਾ ਕੀ ਹਾਲ



ਕਿੱਤਾ ਹੈ।ਡਾ. ਰਜਿੰਦਰ ਕੌਰ ਕਾਲਰਾ (ਖੇਤੀਬਾੜੀ ਮਾਹਿਰ) ਨੇ ਕਿਹਾ ਕਿ 30% ਕਿਸਾਨਾਂ ਨੂੰ ਖੇਤੀਬਾੜੀ ਦਾ ਗਿਆਨ ਹੈ। ਉਨ੍ਹਾਂ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਡਾ. ਓਮਬੀਰ (ਖੇਤੀਬਾੜੀ ਮਾਹਿਰ) ਨੇ ਮੱਧੂ ਮੱਖੀ ਪਾਲਣ ਦੇ ਧੰਦੇ ਬਾਰੇ ਦੱਸਿਆ। ਡਾ. ਆਰ.ਐਸ. ਬਾਂਗੜਵਾ(ਖੇਤੀਬਾੜੀ ਮਾਹਿਰ) ਨੇ ਕਿਹਾ ਕਿ ਪਾਪੂਲਰ ਦੀ ਖੇਤੀ ਕਰਨ ਨਾਲ ਕਣਕ ਅਤੇ ਝੋਨੇ ਦੀ ਫਸਲ ਨਾਲੋਂ ਵੱਧ ਲਾਭ ਲਿਆ ਜਾ ਸਕਦਾ ਹੈ।ਈਚਾਰੇ ਦੇ ਚੰਗੇ ਵਿਕਾਸ ਲਈ ਨਵੇਂ ਮਾਰਗ ਸੁਝਾਉਣਾ ਸੀ।ਮੇਲੇ ਵਿਚ ਨਵੀਂ ਤਕਨੀਕਾਂ ਦੀ ਪ੍ਰਦਰਸ਼ਨੀ, ਬੀਜ, ਮਿੱਟੀ ਦੀ ਜਾਂਚ, ਔਰਗੈਨਿਕ ਖੇਤੀ, ਖਾਦ ਤੇ ਕੀਟਨਾਸ਼ਕਾਂ ਦੀ ਸਹੀ ਵਰਤੋਂ, ਖੇਤੀਬਾੜੀ ਪ੍ਰੋਜੈਕਟ ਅਤੇ ਨਵੀਨ ਆਵਿਸਕਾਰਾਂ ਦੀ ਪ੍ਰਦਰਸ਼ਨੀ,ਬਾਗਵਾਨੀ ਨਰਸਰੀ, ਖੂਨ ਦਾਨ ਕੈਂਪ, ਯੋਗ, ਸਰੀਰਕ ਨਿਰੋਗਤਾ,ਨਸ਼ਿਆਂ ਦੀ ਰੋਕਥਾਮ,ਔਰਤਾਂ ਦੀ ਸੁਰੱਖਿਆ,ਭਾਰਤੀ ਗਿਆਨ ਪੰਰਪਰਾ,ਕਾਨੂੰਨੀ ਸਹਾਇਤਾ, ਡਿਜੀਟਲ ਤਕਨੀਕ, ਪੰਜਾਬੀ ਲੋਕ ਰਸਮ-ਰਿਵਾਜ ਅਤੇ ਸਭਿਆਚਾਰ ਨੂੰ ਉਭਾਰਦੇ ਸੱਭਿਆਚਾਰਕ ਕਾਰਜਕ੍ਰਮ, ਖਾਣ ਪੀਣ ਨਾਲ ਸਬੰਧੀ 40 ਦੇ ਕਰੀਬ ਸਟਾਲਾਂ ਲਗਾਇਆਂ ਗਈਆਂ। ਮੇਲੇ ਵਿਚ ਬਹੁ ਗਿਣਤੀ ਕਿਸਾਨਾਂ ਨੇ ਭਾਗ ਲਿਆ ਅਤੇ ਨਵੀਆਂ ਜਾਣਕਾਰੀਆਂ ਹਾਸਿਲ ਕੀਤੀਆਂ। ਕਈ ਕਿਸਾਨਾਂ ਨੇ ਦੱਸਿਆ ਕਿ ਅਜਿਹੇ ਮੇਲੇ ਉਨ੍ਹਾਂ ਲਈ ਉਮੀਦ ਦੀ ਕਿਰਨ ਹਨ ਜੋ ਖੇਤੀ ਵਿਚ ਨਵੇਂ ਰਾਹ ਖੋਲ੍ਹਦੇ ਹਨ।ਇਸ ਮੌਕੇ 'ਤੇ ਸੰਤ ਬਾਬਾ ਜਨਕ ਸਿੰਘ ,ਗੁਰਦਿਆਲ ਸਿੰਘ ਨਿੱਝਰ, ਗੁਰਰਾਜ ਸਿੰਘ ਨਿੱਝਰ, ਸ. ਅਮਰਜੀਤ ਸਿੰਘ, ਸ. ਕੁਲਵੰਤ ਸਿੰਘ, ਜੋਗਿੰਦਰ ਸਿੰਘ ਅਜੜਾਮ, ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ ਅਜੜਾਮ ਅਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਿਕਾਸ ਸ਼ਰਮਾ, ਡਾ. ਵਿਜੈ ਧੀਰ (ਡੀਨ ਅਕਾਦਮਿਕਸ),ਡਾ. ਅਨੀਤ ਕੁਮਾਰ ਵੱਖ-ਵੱਖ ਵਿਭਾਗਾਂ ਦੇ ਡੀਨ ਪ੍ਰੋਫੈਸਰ ਸਹਿਬਾਨ ਵੀ ਹਾਜ਼ਰ ਸਨ।

## ਸਰਕਾਰੀ ਸੀ. ਸੈ. ਸਕੂਲ ਭੁੱਲਾਰਾਈ ਵਿਖੇ ਮਨਾਈ ਡਾ. ਅੰਬੇਡਕਰ ਜਯੰਤੀ




**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਭਾਰਤੀ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ 135ਵੇਂ ਜਨਮ ਦਿਵਸ ਦੇ ਮੌਕੇ 'ਤੇ ਲਾਇਨਜ ਕਲੱਬ ਫਗਵਾੜਾ ਚੈਂਪੀਅਨ ਵਲੋਂ ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੁੱਲਾਰਾਈ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਭੇਟ ਕੀਤੀ ਅਤੇ ਨਾਲ ਹੀ ਸਕੂਲ ਨੂੰ ਬੱਚਿਆਂ ਲਈ ਖੇਡਾਂ ਦਾ ਸਮਾਨ ਵੀ ਪ੍ਰਦਾਨ ਕੀਤਾ ਗਿਆ। ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਜਿੱਥੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ, ਉੱਥੇ ਹੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਅੰਬੇਡਕਰ ਦੇ ਜੀਵਨ ਸਫਰ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਇੱਕ ਵਕੀਲ, ਅਰਥਸ਼ਾਸਤਰੀ, ਸਿਆਸਤਦਾਨ ਅਤੇ ਸਮਾਜ ਸੁਧਾਰਕ ਸਨ। ਉਹਨਾਂ ਦੀ ਸਫਲਤਾ ਦਾ ਰਾਜ਼ ਉਹਨਾਂ ਦਾ ਗਿਆਨ ਸੀ, ਜਿਸ ਨੂੰ ਉਨ੍ਹਾਂ ਨੇ ਪੜ੍ਹ-ਲਿਖ ਕੇ ਅਤੇ ਜੀਵਨ ਦੇ ਤਜ਼ਰਬਿਆਂ ਰਾਹੀਂ ਹਾਸਲ ਕੀਤਾ ਤੇ ਦੁਨੀਆ ਦੇ ਪ੍ਰਮੁੱਖ ਬੁੱਧੀਜੀਵੀਆਂ ਦੀ ਸ਼੍ਰੇਣੀ ਵਿੱਚ ਸਥਾਨ ਪਾਇਆ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ। ਸਕੂਲ ਦੇ ਪ੍ਰਿੰਸੀਪਲ ਰਾਜਨ ਚੋਪੜਾ ਨੇ ਲਾਇਨਜ਼ ਮੈਂਬਰਾਂ ਵਲੋਂ ਕੀਤੇ ਉਪਰਾਲੇ ਦੀ ਪ੍ਰਸ਼ੰਸਾ ਅਤੇ ਧੰਨਵਾਦ ਪ੍ਰਗਟ ਕੀਤਾ। ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਬੱਚਿਆਂ ਨੂੰ ਉੱਚ ਸਿੱਖਿਆ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਮੈਦਾਨੀ ਖੇਡਾਂ ਵਿੱਚ ਦਿਲਚਸਪੀ ਲੈਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਡਾਇਰੈਕਟਰ ਲਾਇਨ ਸੰਦੀਪ ਚਾਹਲ ਦੇ ਸਹਿਯੋਗ ਸਦਕਾ ਭੇਂਟ ਕੀਤੀ ਸਮੱਗਰੀ ਵਿਚ ਸਟੇਸ਼ਨਰੀ ਤੋਂ ਇਲਾਵਾ ਬੈਡਮਿੰਟਨ ਰੈਕੇਟ, ਵਾਲੀਬਾਲ ਅਤੇ ਫੁੱਟਬਾਲ ਆਦਿ ਸ਼ਾਮਲ ਸਨ। ਉਨ੍ਹਾਂ ਭਰੋਸਾ ਦਿੱਤਾ ਕਿ ਅਜਿਹੇ ਪ੍ਰੋਜੈਕਟ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਕਲੱਬ ਦੇ ਕੈਸ਼ੀਅਰ ਲਾਇਨ ਅਜੈ ਕੁਮਾਰ, ਲਾਇਨ ਸ਼ਸ਼ੀ ਕਾਲੀਆ ਤੋਂ ਇਲਾਵਾ ਸਕੂਲ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।

## ਪੁਲਸ ਨੇ ਰਾਤ ਦੌਰਾਨ ਸੰਵੇਦਨਸ਼ੀਲ ਥਾਵਾਂ 'ਤੇ ਕੀਤੀ ਜਾਂਚ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੂਪਨਗਰ ਪੁਲਸ ਵੱਲੋਂ ਬੀਤੀ ਰਾਤ ਆਪਰੇਸ਼ਨ ਸਤਰਕ ਚਲਾਇਆ ਗਿਆ।ਐਸ ਐਸ ਪੀ ਗੁਲਨੀਤ ਸਿੰਘ ਖੁਰਾਨਾ ਦੀ ਅਗਵਾਈ ਵਿੱਚ ਚੱਲੇ ਇਸ ਓਪਰੇਸ਼ਨ ਦੇ ਤਹਿਤ ਪੁਲਸ ਵੱਲੋਂ ਵੱਖ-ਵੱਖ ਸੰਵੇਦਨਸ਼ੀਲ ਥਾਵਾਂ ਅਤੇ ਪੁਲਸ ਨਾਕਿਆਂ 'ਤੇ ਸੀਨੀਅਰ ਅਧਿਕਾਰੀਆਂ ਵੱਲੋਂ ਚੈਕਿੰਗ ਕਰਨ ਦੇ ਨਾਲ ਨਾਲ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਗਈ।ਇਸ ਦੌਰਾਨ ਸੀਨੀਅਰ ਅਧਿਕਾਰੀਆਂ ਦੇ ਵੱਖ-ਵੱਖ ਨਾਕਿਆਂ 'ਤੇ ਮੌਕੇ 'ਤੇ ਜਾ ਕੇ ਰਾਤ ਨੂੰ ਡਿਊਟੀ ਨਿਭਾ ਰਹੇ ਪੁਲਸ ਦੇ ਜਵਾਨਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ ਅਤੇ ਇਹਨਾਂ ਨਾਕਿਆਂ ਦੀ ਚੈਕਿੰਗ ਵੀ ਕੀਤੀ।ਐਸ ਐਸ ਪੀ ਗੁਲਨੀਤ ਸਿੰਘ ਖੁਰਾਨਾ ਅਤੇ ਡੀ ਐਸ ਪੀ ਅਜੇ ਸਿੰਘ ਨੇ ਕਿਹਾ ਕਿ ਪੁਲਸ ਪੇਸ਼ੇਵਾਰਾਨਾ ਤਰੀਕੇ ਨਾਲ ਮਾੜੇ ਅਨਸਰਾਂ ਨੂੰ ਨਕੇਲ ਕੱਸਣ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ।ਜ਼ਿਲ੍ਹੇ ਦੇ ਐਸ ਐਸ ਪੀ ਗੁਲਨੀਤ ਸਿੰਘ ਖੁਰਾਨਾ ਨੇ ਦੱਸਿਆ ਕਿ ਪੁਲਸ ਵੱਲੋਂ ਅੰਤਰਰਾਜੀ ਹੱਦ ਦੇ ਨਾਲ ਇਸ ਓਪਰੇਸ਼ਨ ਸਤਰਕ ਦੇ ਦੌਰਾਨ ਅੰਤਰ ਜ਼ਿਲ੍ਹਾ ਅਤੇ ਅੰਤਰਰਾਜੀ ਨਾਕਿਆਂ ਦੀ ਚੈਕਿੰਗ ਵੀ ਕੀਤੀ ਗਈ ਅਤੇ ਇੱਥੇ ਸੁਰੱਖਿਆ ਹੋਰ ਮਜਬੂਤ ਕੀਤੀ ਗਈ ਹੈ।

## ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤੇ ਵਿਸ਼ੇਸ਼ ਉਪਰਾਲੇ : ਭੱਟੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮਾਧੋਪੁਰ ਬਲਾਕ ਭੋਗਪੁਰ, ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਅਤੇ ਜੀਤ ਲਾਲ ਭੱਟੀ ਡਾਇਰੈਕਟਰ ਪਨਸਪ ਪੰਜਾਬ ਦੇ ਸਾਂਝੇ ਯਤਨਾਂ ਸਦਕਾ ਉਦਘਾਟਨੀ ਸਮਾਰੋਹ ਕਰਵਾਇਆ ਗਿਆ।ਭੱਟੀ ਸਕੂਲ ਦੀ ਚਾਰਦੀਵਾਰੀ ਦੀ ਮੁਰੰਮਤ ਦਾ ਉਦਘਾਟਨ ਕੀਤਾ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰ ਵੱਲੋਂ ਸਕੂਲ ਨੂੰ ਚਾਰਦੀਵਾਰੀ ਦੀ ਮੁਰੰਮਤ ਜਿਸ ਦੀ ਲਾਗਤ 50000/- (ਪੰਜਾਹ ਹਜ਼ਾਰ ਰੁਪਏ) ਦੀ ਗ੍ਰਾਂਟ ਸਕੂਲ ਨੂੰ ਪ੍ਰਾਪਤ ਹੋਈ ਸੀ।ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਕੀਤੇ ਵਿਸ਼ੇਸ਼ ਉਪਰਾਲਿਆਂ ਦੀ ਸ਼ਲਾਘਾ ਕੀਤੀ।ਉਹਨਾਂ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਉਹਨਾਂ ਦੀ ਸਰਕਾਰ ਦੇ ਮੁੱਖ ਅਜੰਡੇ ਹਨ ਅਤੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ।ਇਸ ਇਸ ਸਮਰੋਹ ਵਿੱਚ ਬੀਐਨਓ ਭੋਗਪੁਰ ਰਵੀ ਕਾਂਤ , ਮਦਨ ਸਿੰਘ ਬਲਾਕ ਪ੍ਰਧਾਨ , ਸਤਨਾਮ ਸਿੰਘ ਬਲਾਕ ਪ੍ਰਧਾਨ , ਮਨੋਜ ਭੱਟੀ ਹਲਕਾ ਇੰਚਾਰਜ ਪੰਜਾਬ ਸਿੱਖਿਆ ਕ੍ਰਾਂਤੀ, ਹੰਸ ਰਾਜ ਕੋਆਰਡੀਨੇਟਰ ਐਕਸ ਸਰਵਿਸਮੈਨ ਵਿੰਗ, ਭੁਪਿੰਦਰ ਸਿੰਘ ਦੇਵ ਬਲਾਕ ਪ੍ਰਧਾਨ, ਗੁਰਪ੍ਰੀਤ ਭੋਗਲ ਆਦਿ ਸ਼ਾਮਿਲ ਹੋਏ।ਇਸ ਮੌਕੇ ਮੁੱਖ ਅਧਿਆਪਕ ਸ਼੍ਰੀ ਰਵਿੰਦਰ ਸਿੰਘ ਜੀ ਵਲੋਂ ਆਏ ਹੋਏ ਪਤਵੰਤੇ ਸੱਜਣਾਂ ਗ੍ਰਾਮ ਪੰਚਾਇਤ ਮਾਧੋਪੁਰ ਦੇ ਸਰਪੰਚ ਸ੍ਰੀਮਤੀ ਬਲਵੀਰ ਕੌਰ , ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰੀ ਮਤੀ ਸੀਤਾ, ਆਂਗਨਵਾੜੀ ਵਰਕਰ ਸ੍ਰੀਮਤੀ ਕੁਲਵੰਤ ਕੌਰ, ਸੁਰਜੀਤ ਸਿੰਘ ਮੈਂਬਰ ਪੰਚਾਇਤ, ਸੁਖਵਿੰਦਰ ਸਿੰਘ ਮੈਂਬਰ ਪੰਚਾਇਤ, ਮਨਦੀਪ ਕੌਰ ਮੈਂਬਰ ਪੰਚਾਇਤ, ਭਜਨ ਕੌਰ, ਮੈਂਬਰ ਪੰਚਾਇਤ, ਬੂਝ ਸਿੰਘ ਮੈਂਬਰ ਪੰਚਾਇਤ, ਬਲਵੀਰ ਕੌਰ ਮੈਂਬਰ ਪੰਚਾਇਤ, ਸੁਖਵਿੰਦਰ ਸਿੰਘ ਮੈਂਬਰ ਪੰਚਾਇਤ, ਸਮੂਹ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਅਤੇ ਪਿੰਡ ਦੇ ਮੋਹਤਵਾਰ ਸੱਜਣਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰੇਮ ਕੁਮਾਰ, ਤਜਿੰਦਰ ਸਿੰਘ, ਗੁਰਮੀਤ ਸਿੰਘ, ਮਨਜੀਤ ਸਿੰਘ, ਜਗਦੀਪ ਸਿੰਘ ,ਪਲਵਿੰਦਰ ਸਿੰਘ, ਵੀਰਪਾਲ ਕੌਰ,ਬਲਜਿੰਦਰ ਪਾਲ ਕੌਰ,ਨਵਜੋਤ ਕੌਰ,ਗਗਨਦੀਪ ਹਾਜ਼ਰ ਸਨ।



## ਪੈਨਸ਼ਨਰਜ਼ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਦੇ ਅਹੁਦੇਦਾਰਾਂ ਦੀ ਹੋਈ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਕਪੂਰਥਲਾ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਰੇਸ਼ਮ ਸਿੰਘ ਮਾਨ ਅਤੇ ਸਕੱਤਰ ਬਲਦੇਵ ਰਾਜ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਕਾਹਨ ਦਾਸ ਕਾਲਾ ਸੰਘਿਆਂ ਵਿਖੇ ਹੋਈ। ਮੀਟਿੰਗ ਤੋਂ ਪਹਿਲਾਂ ਸਰਕਲ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਪਿਛਲੇ ਦਿਨੀਂ ਕਰਵਾਈਆਂ ਮੰਡਲ ਪੱਧਰੀ ਚੋਣਾਂ ਦੌਰਾਨ ਚੁਣੇ ਗਏ ਵੱਖ ਵੱਖ ਅਹੁਦੇਦਾਰਾਂ ਨੂੰ ਵਧਾਈ ਦੇਣ ਉਪਰੰਤ ਜਥੇਬੰਦੀ ਦੀਆਂ ਮੁੱਖ ਮੰਗਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ।ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਵੱਲੋਂ 23 ਸਾਲਾਂ ਸਕੇਲ ਲਾਗੂ ਨਾ ਕਰਨ ਸਮੇਤ ਜੱਥੇਬੰਦੀ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਸੂਬਾਈ ਕਮੇਟੀ ਵੱਲੋਂ ਰੱਖੀਆਂ ਮੰਗਾਂ ਸਬੰਧੀ ਕੀਤੀਆਂ ਮੀਟਿੰਗਾਂ ਬੇਸਿੱਟਾ ਰਹਿਣ ਤੇ ਅੱਗੇ ਤੋਂ ਅੱਗੇ ਹੋਰ ਮੀਟਿੰਗਾਂ ਦੀ ਤਰੀਕ ਦੇ ਕੇ ਟਾਲਿਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦਾ ਡਿਵੈਲਪਮੈਂਟ ਫੰਡ ਕੱਟ ਕੇ ਯੂਨੀਅਨ ਤੇ ਮੁਲਾਜ਼ਮਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਮੰਗਾਂ ਜਲਦ ਮੰਨੀਆਂ ਜਾਣ ਤਾਂ ਕਿ ਪੈਨਸ਼ਨਰਾਂ ਨੂੰ ਸੰਘਰਸ਼ ਦਾ ਰਾਹ ਨਾ ਅਪਣਾਉਣਾ ਪਵੇ ਅਤੇ ਜੇਕਰ ਸਰਕਾਰ ਮੰਗਾਂ ਵੱਲ ਗੌਰ ਨਹੀਂ ਕਰਦੀ ਤਾਂ ਸਰਕਲ ਪੱਧਰ 'ਤੇ ਜੱਥੇਬੰਦੀ ਦੇ ਮੈਂਬਰਾਂ ਨੂੰ ਲਾਮਬੰਦ ਕੀਤਾ ਜਾਵੇਗਾ ਅਤੇ ਸੰਘਰਸ਼ ਸਬੰਧੀ ਵਿਉਂਤਬੰਦੀ ਕੀਤੀ ਜਾਵੇਗੀ। ਮੀਟਿੰਗ ਦੌਰਾਨ ਅਵਤਾਰ ਸਿੰਘ, ਅਮਰਦੀਪ ਤ੍ਰਿਖਾ, ਕੈਲਾਸ਼ ਚੰਦਰਾ, ਇਕਬਾਲ ਸਿੰਘ, ਅਸ਼ੋਕ ਕੁਮਾਰ, ਬਲਵਿੰਦਰ ਸਿੰਘ, ਮਾਹੀ ਲਾਲ ਗੱਜਣ ਸਿੰਘ, ਅਮਰੀਕ ਸਿੰਘ, ਉਰਮਿਲਾ ਸ਼ਰਮਾ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਭਜਨ ਸਿੰਘ, ਜੀਤ ਲਾਲ, ਬਲਦੇਵ ਰਾਜ ਆਰ ਟੀ ਐਮ, ਸਤਨਾਮ ਸਿੰਘ, ਕਿਰਨਾ ਦੇਵੀ, ਜਗੀਰ ਕੌਰ, ਰਵਿੰਦਰ ਕੌਰ, ਸ਼ਾਰਧਾ ਦੇਵੀ, ਸੁਰਿੰਦਰ ਕੌਰ, ਭਜਨ ਕੌਰ ਸਮੇਤ ਜੱਥੇਬੰਦੀ ਦੇ ਹੋਰ ਮੈਂਬਰ ਹਾਜ਼ਰ ਸਨ।

## ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਤੇ ਸੈਕੰਡਰੀ ਮਮਤਾ ਬਜਾਜ ਦੁਆਰਾ ਵੱਖ-ਵੱਖ ਸਕੂਲਾਂ ਦਾ ਨਿਰੀਖਣ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ )**— ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਤੀਸਰੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਸਿੱਖਿਆ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਬਣਾਉਣ ਦੇ ਉਦੇਸ਼ ਨਾਲ ਚੱਲ ਰਹੇ ਪ੍ਰੋਜੈਕਟ 'ਸਮਰੱਥ' ਵਿੱਚ ਕੀਤੀ ਗਈ ਬੱਚਿਆਂ ਦੀ ਬੇਸਲਾਈਨ ਟੈਸਟਿੰਗ ਦੀ ਰੈਂਡਮ ਜਾਂਚ ਤਹਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਤੇ ਸੈਕੰਡਰੀ ਸ੍ਰੀਮਤੀ ਮਮਤਾ ਬਜਾਜ ਦੁਆਰਾ ਵੱਖ ਵੱਖ ਸਕੂਲਾਂ ਜਿਨ੍ਹਾਂ ਵਿੱਚ ਸਰਕਾਰੀ ਹਾਈ ਸਕੂਲ ਰਿਹਾੜਾ ਜੱਟਾਂ, ਸਰਕਾਰੀ ਐਲੀਮੈਂਟਰੀ ਸਕੂਲ ਰਿਹਾੜਾ ਜੱਟਾਂ, ਸਰਕਾਰੀ ਐਲੀਮੈਂਟਰੀ ਸਕੂਲ ਮੀਰਾਪੁਰ, ਸਰਕਾਰੀ ਐਲੀਮੈਂਟਰੀ ਸਕੂਲ ਗੁਜਰਾਤਾਂ, ਸਰਕਾਰੀ ਮਿਡਲ ਸਕੂਲ ਚੱਕ ਹਕੀਮ ਦੀ ਅਚਨਚੇਤ ਨਿਰੀਖਣ ਕੀਤਾ ਗਿਆ।ਇਸ ਦੌਰਾਨ ਸ੍ਰੀਮਤੀ ਮਮਤਾ ਬਜਾਜ ਦੁਆਰਾ ਬੱਚਿਆਂ ਦੀ ਅਧਿਆਪਕਾਂ ਦੁਆਰਾ ਕੀਤੀ ਬੇਸਲਾਈਨ ਦੀ ਰੈਂਡਮ ਟੈਸਟਿੰਗ ਕੀਤੀ ਗਈ।ਉਹਨਾਂ ਨੇ ਇਸ ਦੌਰਾਨ ਮਿਡ ਡੇ ਮੀਲ ਦੀ ਸਾਫ਼ ਸਫ਼ਾਈ, ਖਾਣੇ ਦੀ ਗੁਣਵੱਤਾ ਤੇ ਕੁੱਕਾਂ ਦੀ ਸਫ਼ਾਈ ਦਾ ਵਿਸ਼ੇਸ਼ ਨਿਰੀਖਣ ਕੀਤਾ। ਉਹਨਾਂ ਸਮੂਹ ਅਧਿਆਪਕਾਂ ਨੂੰ ਬਦਲਦੇ ਮੀਨੂੰ ਅਨੁਸਾਰ ਹੀ ਖਾਣਾ ਬਣਾਉਣ ਦੀ ਖਾਸ ਹਦਾਇਤ ਕੀਤੀ। ਉਹਨਾਂ ਨੇ ਨਵੇਂ ਦਾਖਲਿਆਂ ਨੂੰ ਵਧਾਉਣ ਤੇ ਜੋ ਬੱਚੇ ਦਾਖਲ ਹੋਏ ਹਨ ਉਹਨਾਂ ਨੂੰ ਈ ਪੰਜਾਬ ਤੇ ਜਲਦ ਆਨਲਾਈਨ ਕਰਨ ਲਈ ਵੀ ਆਖਿਆ।ਇਸ ਦੌਰਾਨ ਉਨ੍ਹਾਂ ਦੇ ਨਾਲ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ, ਸੈਕੰਡਰੀ ਵਿਭਾਗ ਦੇ ਕੋਆਰਡੀਨੇਟਰ ਦਵਿੰਦਰ ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



### ਡਾ. ਚੱਬੇਵਾਲ ਵੱਲੋਂ ਪੰਚਾਇਤਾਂ ਨੂੰ ਪਿੰਡਾਂ 'ਚ ਵੱਧ ਤੋਂ ਵੱਧ ਖੇਡ ਸਰਗਰਮੀਆਂ ਕਰਵਾਉਣ ਦਾ ਸੱਦਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਗ੍ਰਾਮ ਪੰਚਾਇਤ, ਬੈਂਸਤਾਨੀ ਵੱਲੋਂ ਸ਼ੁਰੂ ਕਰਵਾਏ ਪਹਿਲੇ ਵਾਲੀਬਾਲ ਅਤੇ ਰੱਸਾਕਸੀ ਟੂਰਨਾਮੈਂਟ ਦਾ ਉਦਘਾਟਨ ਕਰਦਿਆਂ ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਤਾਕੀਦ ਕੀਤੀ ਕਿ ਪਿੰਡਾਂ ਵਿਚ ਵੱਧ ਤੋਂ ਵੱਧ ਖੇਡ ਸਰਗਰਮੀਆਂ ਕਰਵਾਈਆਂ ਜਾਣ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਪੰਜਾਬ ਦਾ ਟੀਚਾ ਸਰ ਕੀਤਾ ਜਾ ਸਕੇ।ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਚਾਇਤਾਂ ਨੂੰ ਧੁਰਾ ਦੱਸਦਿਆਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਟੂਰਨਾਮੈਂਟ ਦੌਰਾਨ ਖਿਡਾਰੀਆਂ ਨਾਲ ਜਾਣ-ਪਛਾਣ ਕਰਨ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਵੱਡੇ ਪੱਧਰ 'ਤੇ ਖੇਡਾਂ ਦਾ ਮਾਹੌਲ ਸਿਰਜਨਾ ਸਮੇਂ ਦੀ ਮੁੱਖ ਮੰਗ ਹੈ ਜਿਸ ਲਈ ਪੰਚਾਇਤਾਂ ਨੂੰ ਪਿੰਡਾਂ ਦੇ ਵਸਨੀਕਾਂ ਦੇ ਸਹਿਯੋਗ ਨਾਲ ਸੁਹਿਰਦ ਯਤਨ ਕਰਕੇ ਨੌਜਵਾਨਾਂ ਨੂੰ ਖੇਡ ਸਭਿਆਚਾਰ ਪ੍ਰਤੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਵਾਲੀਬਾਲ ਟੂਰਨਾਮੈਂਟ ਕਰਵਾਉਣ ਲਈ ਪਿੰਡ ਦੀ ਪੰਚਾਇਤ, ਸਰਪੰਚ ਸੰਤੋਸ਼ ਸਿੰਘ, ਐਨ.ਆਰ.ਆਈ. ਬਲਜੀਤ ਸਿੰਘ, ਪੰਚ ਭੁਪਿੰਦਰ ਸਿੰਘ ਪੱਪੂ, ਹਰਭਜਨ ਸਿੰਘ, ਦਵਿੰਦਰ ਸਿੰਘ, ਤੀਰਥ ਸਿੰਘ ਤੇ ਪਿੰਡ ਵਾਸੀਆਂ ਅਤੇ ਨੌਜਵਾਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪਿੰਡ ਦੀ ਪੰਚਾਇਤ ਦੀ ਮੰਗ 'ਤੇ ਪਿੰਡ ਵਿਚ ਆਧੁਨਿਕ ਸਟੇਡੀਅਮ ਤੇ ਜਿੰਮ ਬਣਵਾਉਣ ਤੋਂ ਇਲਾਵਾ 25 ਸੋਲਰ ਲਾਈਟਾਂ ਲਗਵਾਉਣ ਦਾ ਵੀ ਐਲਾਨ ਕੀਤਾ, ਜਿਸ 'ਤੇ ਪਿੰਡ ਦੀ ਪੰਚਾਇਤ ਵੱਲੋਂ ਮੈਂਬਰ ਪਾਰਲੀਮੈਂਟ ਦਾ ਧੰਨਵਾਦ ਕੀਤਾ ਗਿਆ ।



## ਸੀ ਟੀ ਪਬਲਿਕ ਸਕੂਲ ਦਾ ਸਾਬਕਾ ਵਿਦਿਆਰਥੀ ਚੇਨੱਈ ਸੁਪਰ ਕਿੰਗਜ਼ ਦਾ ਗੇਂਦਬਾਜ਼ ਚੁਣਿਆ

**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਪਬਲਿਕ ਸਕੂਲ ਨੇ ਆਪਣੇ ਸਾਬਕਾ ਵਿਦਿਆਰਥੀ ਕਾਰਤਿਕ ਚੱਧਾ ਦੀ ਸ਼ਾਨਦਾਰ ਕਾਮਯਾਬੀ ਦਾ ਜਸ਼ਨ ਮਨਾਇਆ ਹੈ, ਜਿਸਨੂੰ ਆਈ.ਪੀ.ਐਲ. 2025 ਦੇ ਮੌਜੂਦਾ ਸੀਜ਼ਨ ਲਈ ਪ੍ਰਸਿੱਧ ਫਰੈਂਚਾਇਜ਼ੀ ਚੇਨੱਈ ਸੁਪਰ ਕਿੰਗਜ਼ ਵੱਲੋਂ ਇੱਟਰਨ ਗੇਂਦਬਾਜ਼ ਚੁਣਿਆ ਗਿਆ ਹੈ। ਇੱਕ ਸ਼ਾਨਦਾਰ ਆਲ-ਰਾਊਂਡਰ, ਕਾਰਤਿਕ ਆਪਣੀ ਜੋਸ਼ੀਲੀ ਮਿਡਲ-ਆਰਡਰ ਦੀ ਖੱਬੇ-ਹੱਥ ਦੀ ਬੱਲੇਬਾਜ਼ੀ ਅਤੇ ਤੇਜ਼ ਸੱਜੇ-ਹੱਥ ਦੀ ਲੈਗ ਸਪਿਨ ਗੇਂਦਬਾਜ਼ੀ ਲਈ ਜਾਣੇ ਜਾਂਦੇ ਹਨ। ਉਹਨਾਂ ਦਾ ਇਹ ਸਫਰ ਸਕੂਲ ਕ੍ਰਿਕਟ ਤੋਂ ਲੈ ਕੇ ਇੰਡੀਅਨ ਪ੍ਰੀਮੀਅਰ ਲੀਗ ਦੇ ਵੱਡੇ ਪਲੇਟਫਾਰਮ ਤੱਕ ਦਾ ਹੈ, ਜੋ ਨੌਜਵਾਨਾਂ ਲਈ ਪ੍ਰੇਰਨਾਦਾਇਕ ਹੈ।ਇਸ ਮਾਣ ਦੇ ਪਲ ਨੂੰ ਸਨਮਾਨਿਤ ਕਰਨ ਲਈ ਸੀ.ਟੀ. ਪਬਲਿਕ ਸਕੂਲ ਵਿੱਚ ਇੱਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਡਾਇਰੈਕਟਰ ਡਾ. ਅਨੁਰਾਗ ਸ਼ਰਮਾ, ਪ੍ਰਿੰਸੀਪਲ ਸ੍ਰੀਮਤੀ ਸਰੋਜ ਚੌਹਾਨ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸੁਖਦੀਪ ਕੌਰ ਮੌਜੂਦ ਰਹੇ। ਉਹਨਾਂ ਨੇ ਕਾਰਤਿਕ ਦੀ ਮਿਹਨਤ ਅਤੇ ਲਗਨ ਦੀ ਸ਼ਲਾਘਾ ਕੀਤੀ ਅਤੇ ਕ੍ਰਿਕਟ ਜਗਤ ਵਿੱਚ ਉਹਨਾਂ ਦੀ ਤਰੱਕੀ 'ਤੇ ਮਾਣ ਜ਼ਾਹਰ ਕੀਤਾ। ਕਾਰਤਿਕ ਦੇ ਪਿਤਾ ਵਿਕਾਸ ਚੱਧਾ ਨੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦੇ ਹੋਏ ਕਿਹਾ, ਇਹ ਸਿਰਫ਼ ਸਾਡੇ ਪਰਵਾਰ ਲਈ ਹੀ ਨਹੀਂ, ਬਲਕਿ ਹਰ ਉਸ ਵਿਅਕਤੀ ਲਈ ਮਾਣ ਦੀ ਗੱਲ ਹੈ ਜੋ ਕਾਰਤਿਕ ਦੇ ਸਫਰ ਦਾ ਹਿੱਸਾ ਰਿਹਾ ਹੈ। ਸੀ.ਟੀ. ਪਬਲਿਕ ਸਕੂਲ, ਕੋਚਾਂ ਅਤੇ ਮਾਰਗਦਰਸ਼ਕਾਂ ਦਾ ਸਹਿਯੋਗ ਉਹਨਾਂ ਦੇ ਕ੍ਰਿਕਟ ਕਰੀਅਰ ਨੂੰ ਆਕਾਰ ਦੇਣ ਵਿੱਚ ਅਹਿਮ ਰਿਹਾ ਹੈ। ਅਸੀਂ ਸੀ.ਟੀ. ਪਰਵਾਰ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਹਮੇਸ਼ਾ ਉਹਨਾਂ 'ਤੇ ਭਰੋਸਾ ਕੀਤਾ।




## ਡੀ ਜੀ ਪੀ ਵੱਲੋਂ ਨਾਕਿਆਂ ਤੇ ਪੁਲਸ ਥਾਣਿਆਂ ਦਾ ਨਿਰੀਖਣ ਕਰਨ ਲਈ 'ਨਾਈਟ ਡੋਮੀਨੇਸ਼ਨ'

**ਜਲੰਧਰ (ਸੁਰਿੰਦਰ ਕੁਮਾਰ)** ਲਾਅ ਇਨਫੋਰਸਮੈਂਟ ਅਤੇ ਪੁਲਸ-ਪਬਲਿਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਨਿਰੰਤਰ ਯਤਨਾਂ ਤਹਿਤ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਵੱਲੋਂ ਸ਼ੁੱਕਰਵਾਰ ਰਾਤ ਰਾਜ ਵਿਆਪੀ 'ਨਾਈਟ ਡੋਮੀਨੇਸ਼ਨ' ਪਹਿਲਕਦਮੀ ਤਹਿਤ ਜ਼ਿਲ੍ਹੇ ਵਿੱਚ ਅਚਨਚੇਤ ਨਿਰੀਖਣ ਕੀਤਾ ਗਿਆ। ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਪਿਮਜ਼) ਦੇ ਬਾਹਰ ਇੱਕ ਵਿਸ਼ੇਸ਼ ਚੌਕੀ ਤੋਂ ਆਪਣਾ ਨਿਰੀਖਣ ਸ਼ੁਰੂ ਕਰਦਿਆਂ ਡੀ.ਜੀ.ਪੀ. ਨੇ ਨਾਕਾਬੰਦੀ ਓਪਰੇਸ਼ਨਾਂ ਦੀ ਸਮੀਖਿਆ ਕੀਤੀ ਅਤੇ ਪੁਲਸ ਫੋਰਸ ਦੀ ਜ਼ਮੀਨੀ ਕਾਰਜਪ੍ਰਣਾਲੀ ਦਾ ਮੁਲਾਂਕਣ ਕੀਤਾ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਸਮੇਤ ਉਨ੍ਹਾਂ ਨੇ ਪੁਲਸ ਦੇ ਕੰਮਕਾਜ ਬਾਰੇ ਫੀਡਬੈਕ ਇਕੱਤਰ ਕਰਨ ਲਈ ਸਥਾਨਕ ਨਿਵਾਸੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਵੀ ਕੀਤੀ। ਡੀ.ਜੀ.ਪੀ. ਨੇ ਇਸ ਤੋਂ ਬਾਅਦ ਅਰਬਨ ਅਸਟੇਟ ਵਿਖੇ ਪੁਲਸ ਡਿਵੀਜ਼ਨ ਨੰਬਰ 7 ਦਾ ਦੌਰਾ ਕੀਤਾ, ਪਲਿਸ ਸਟੇਸ਼ਨ ਦਾ ਨਿਰੀਖਣ ਕੀਤਾ ਅਤੇ ਇਸਦੇ ਕੰਮਕਾਜ 'ਤੇ ਸੰਤੁਸ਼ਟੀ ਪ੍ਰਗਟ ਕੀਤੀ।ਇਸ ਤੋਂ ਇਲਾਵਾ ਜਲੰਧਰ ਛਾਉਣੀ ਦੇ ਦੁਸਹਿਰਾ ਗਰਾਊਂਡ ਨੇੜੇ ਪੁਲਸ ਚੈੱਕ ਪੁਆਇੰਟ 'ਤੇ ਨਿਰੀਖਣ ਕੀਤਾ ਗਿਆ, ਜਿੱਥੇ ਡੀ.ਜੀ.ਪੀ. ਨੇ ਵਿਅਕਤੀਗਤ ਤੌਰ 'ਤੇ ਚੈਕਿੰਗ ਮੁਹਿੰਮ ਦੀ ਨਿਗਰਾਨੀ ਕੀਤੀ।ਵਿਸਾਖੀ ਦੇ ਤਿਉਹਾਰ ਦੇ ਮੱਦੇਨਜ਼ਰ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ 'ਨਾਈਟ ਡੋਮੀਨੇਸ਼ਨ' ਕੀਤੀ ਜਾ ਰਹੀ ਹੈ, ਜਿਸ ਤਹਿਤ ਸੀਨੀਅਰ ਅਫ਼ਸਰ ਅਮਨ-ਕਾਨੂੰਨ ਨੂੰ ਯਕੀਨੀ ਬਣਾਉਣ ਲਈ ਫੀਲਡ ਨਿਰੀਖਣਾਂ ਦੀ ਅਗਵਾਈ ਕਰ ਰਹੇ ਹਨ।ਪੰਜਾਬ ਸਰਕਾਰ ਦੀ ਵਚਨਬੱਧਤਾ ਦਹੁਰਾਉਂਦਿਆਂ ਡੀ.ਜੀ.ਪੀ. ਨੇ ਕਿਹਾ ਕਿ ਪੰਜਾਬ ਪੁਲਸ ਵੱਲੋਂ ਸੂਬੇ ਨੂੰ ਦੇਸ਼ ਦੇ ਸਭ ਤੋਂ ਵੱਧ ਸੁਰੱਖਿਅਤ ਰਾਜਾਂ ਵਿੱਚੋਂ ਇਕ ਬਣਾਉਣ ਦੇ ਆਪਣੇ ਵਿੱਚ ਮਿਸ਼ਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਸ੍ਰੀ ਸੁਖਮਨੀ ਕਾਲਜ ਆਫ ਲਾਅ 'ਚ ਡਾ. ਅੰਬੇਡਕਰ ਜਨਮ ਦਿਨ ਮਨਾਇਆ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸ੍ਰੀ ਸੁਖਮਨੀ ਕਾਲਜ ਆਫ ਲਾਅ (ਐਸ ਐਸ ਸੀ ਐਲ), ਡੇਰਾ ਬੱਸੀ ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੀ 135ਵੀਂ ਜਨਮ ਜਯੰਤੀ ਨੂੰ ਬੜੀ ਸ਼ਰਧਾ, ਉਤਸ਼ਾਹ ਅਤੇ ਰਾਸ਼ਟਰਭਾਵ ਨਾਲ ਮਨਾਇਆ ਗਿਆ।ਇਸ ਮੌਕੇ ਡਾ. ਅੰਬੇਡਕਰ ਦੀ ਸੰਵਿਧਾਨ ਨਿਰਮਾਤਾ ਵਜੋਂ ਭੂਮਿਕਾ ਅਤੇ ਸਮਾਜਿਕ ਨਿਆਂ, ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਦੇ ਯਤਨਾਂ ਨੂੰ ਯਾਦ ਕੀਤਾ ਗਿਆ।ਕਾਰਜਕ੍ਰਮ ਦੀ ਸ਼ੁਰੂਆਤ ਚਿਰਾਗ ਰੋਸ਼ਨੀ ਨਾਲ ਹੋਈ, ਜਿਸ ਦੀ ਅਗਵਾਈ ਡਾਇਰੈਕਟਰ ਐੱਸ ਐਸ ਜੀ ਆਈ ਡਾ. ਦਮਨਜੀਤ ਸਿੰਘ, ਚੀਫ ਐਡਮਿਨਿਸਟਰੇਟਰ ਪ੍ਰੋ. ਰਸ਼ਪਾਲ ਸਿੰਘ, ਐੱਸ ਐਸ ਸੀ ਐਲ ਦੇ ਪ੍ਰਿੰਸੀਪਲ ਡਾ. ਰਵੀਦਰ, ਐੱਸ ਐਸ ਆਈ ਈ ਟੀ ਦੇ ਪ੍ਰਿੰਸੀਪਲ ਡਾ. ਜੀ. ਐਨ. ਵਰਮਾ, ਅਤੇ ਡੀਨ ਐੱਸ ਐਸ ਜੀ ਆਈ ਡਾ. ਮੁਕੇਸ਼ ਵਰਮਾ ਨੇ ਕੀਤੀ। ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਡਾ. ਅੰਬੇਡਕਰ ਦੇ ਚਿੱਤਰ ਅੱਗੇ ਫੁੱਲਾਂ ਦੀ ਸ਼ਰਧਾਂਜਲੀ ਭੇਟ ਕੀਤੀ ਤੇ ਉਨ੍ਹਾਂ ਦੀ ਯਾਦ ਵਿਚ ਇੱਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ।ਵਿਭਾਗ ਮੁਖੀ ਪ੍ਰੋ. ਆਯੁਸ਼ੀ ਸ਼ਰਮਾ ਨੇ ਸਵਾਗਤ ਭਾਸ਼ਣ ਦੌਰਾਨ ਡਾ. ਅੰਬੇਡਕਰ ਦੇ ਸਦਭਾਵਨਾ ਪੂਰਕ ਅਤੇ ਪ੍ਰਗਤੀਸ਼ੀਲ ਭਾਰਤ ਦੇ ਸੁਪਨੇ ਨੂੰ ਉਜਾਗਰ ਕੀਤਾ। ਵਿਦਿਆਰਥੀਆਂ ਵੱਲੋਂ ਡੇਬੇਟ, ਕਿਊਜ਼, ਪੋਸਟਰ ਮੇਕਿੰਗ, ਕਵਿਤਾ ਪਾਠ ਅਤੇ ਭਾਸ਼ਣ ਮੁਕਾਬਲਿਆਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਦੀ ਯਾਤਰਾ, ਭੇਦਭਾਵ ਵਿਰੁੱਧ ਦੀ ਲੜਾਈ ਅਤੇ ਸੰਵਿਧਾਨ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਰੂਪ ਦਿੱਤਾ ਗਿਆ।

## ਵਿਸ਼ਾਲ ਜਾਗਰਣ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਿਸ਼ਾਲ ਜਾਗਰਣ ਕੁਲਾਮ ਰੋਡ ਹਰਗੋਬਿੰਦ ਨਗਰ ਉੱਚੀ ਵਿਲਡਿੰਗ ਮਨਾਇਆ ਗਿਆ। ਰਾਮਾਇਣ ਪਾਠ ਕਰਵਾਇਆ ਗਿਆ ਜਾਣਕਾਰੀ ਦਿੰਦੇ ਹੋਏ ਸਮਾਜ ਸੇਵਕ ਸੇਵਾਦਾਰ ਗਣੇਸ਼ ਨਈਅਰ ਨੇ ਦੱਸਿਆ ਕਿ ਇਸ ਉਪਰੰਤ ਕੀਰਤਨ ਅਰਚਨਾ ਕਰਕੇ ਭੰਡਾਰੇ ਦੀ ਸ਼ੁਰੂਆਤ ਕੀਤੀ ਪੰਡਤ ਵਾਸੂਦੇਵ ਸ਼ਾਸਤਰੀ ਵੱਲੋਂ ਵਾਰ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਸ਼੍ਰੀ ਹਨੂੰਮਾਨ ਜੈਅੰਤੀ ਬੜੀ ਸ਼ਰਧਾ ਨਾਲ ਮਨਾਈ ਗਈ।ਇਸ ਮੌਕੇ ਵਿਜੈ ਕੁਮਾਰ, ਰਵੀ ਆਇਸ ਕਰੀਮ ਵਾਲਾ ਅਮਰੀਕ, ਅਵਤਾਰ ਔਟੋ ਮਨਪ੍ਰੀਤ ਮੀਤਾ, ਮੈਟੂ, ਪਰਮਜੀਤ, ਸਵਿਤਾ ਹਾਡਾ, ਗਣੇਸ਼ ਕੁਮਾਰ ਨਈਅਰ ਨੇ ਆਈਆਂ ਹੋਇਆ ਸੰਗਤਾਂ ਦਾ ਧੰਨਵਾਦ ਕੀਤਾ।



## ਨਜਾਇਜ਼ ਖਣਨ ਬਰਦਾਸ਼ਤ ਨਹੀ ਹੋਵੇਗਾ : ਗੋਇਲ

**ਭਲਾਣ (ਹਰਭਜਨ ਢਿੱਲੋਂ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਵਰਿੰਦਰ ਕੁਮਾਰ ਗੋਇਲ ਮਾਈਨਿੰਗ ਮੰਤਰੀ ਨੇ ਮਾਈਨਿੰਗ ਪਿੰਡ ਪੱਤੀ ਦੁਲਚੀ ਦਾ ਦੌਰਾ ਕੀਤਾ ਅਤੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਜਾਇਜ਼ ਖਣਨ ਕਰਨ ਵਾਲਿਆਂ ਵਿਰੁੱਧ ਜ਼ੀਰੋ ਟੋਲਰੈਂਸ ਅਪਨਾਈ ਜਾਵੇ, ਰਾਤ ਸਮੇਂ ਚੈਕਿੰਗ ਹੋਰ ਵਧਾਈ ਜਾਵੇ, ਕੈਮਰਿਆਂ ਦੀ ਗਿਣਤੀ ਵਿੱਚ ਹੋਰ ਵਾਧਾ ਕੀਤਾ ਜਾਵੇ। ਦੋਵੇਂ ਕੈਬਨਿਟ ਮੰਤਰੀ ਅਨੰਦਪੁਰ ਸਾਹਿਬ/ਨੰਗਲ ਦੇ ਉਨ੍ਹਾਂ ਪਿੰਡਾਂ ਦੇ ਦੌਰੇ ਤੇ ਸਨ, ਜਿਨ੍ਹਾਂ ਵਿੱਚੋ ਨਜ਼ਾਇਜ਼ ਮਾਈਨਿੰਗ ਬਾਰੇ ਸ਼ਿਕਾਇਤਾਂ ਮਿਲਦੀਆਂ ਹਨ।ਉਨ੍ਹਾਂ ਨੇ ਕਿਹਾ ਕਿ ਸਾਨੂੰ ਅਜਿਹੇ ਗੈਰਸਮਾਜੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕਰਨੀ ਪਵੇਗੀ, ਜੋ ਸਾਡਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਦੇ ਲਈ ਇਲਾਕਾ ਵਾਸੀਆਂ ਦਾ ਸਹਿਯੋਗ ਲਵਾਂਗੇ ਤੇ ਦੋਸ਼ੀਆਂ ਵਿਰੁੱਧ ਪਹਿਲਾ ਤੋਂ ਵੀ ਕਰੜੀ ਕਾਰਵਾਈ ਕਰਾਂਗੇ। ਇਸ ਉਪਰੰਤ ਬੈਂਸ ਆਪਣੇ ਪ੍ਰੋਗਰਾਮ ਸਾਡਾ ਐਮ ਐਲ ਏ ਸਾਡੇ ਵਿੱਚ ਤਹਿਤ ਲੋਕ ਮਿਲਣੀ ਕਰਨ ਲਈ ਪਿੰਡ ਮਹਿਲਮਾਂ ਤੇ ਬ੍ਰਹਮਪੁਰ ਪਹੁੰਚੇ, ਜਿੱਥੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ। ਸ੍ਰੀ ਬੈਂਸ ਨੇ ਦੱਸਿਆ ਕਿ ਮਾਨ ਸਰਕਾਰ ਦਾ ਏਜੰਡਾ ਹੈ ਕਿ ਸਿੱਖਿਆ ਤੇ ਸਿਹਤ ਸਹੂਲਤਾਂ ਮਿਆਰੀ ਹੋਣ ਤੇ ਲੋਕਾਂ ਨੂੰ ਬਰੂਹਾਂ ਤੇ ਮਿਲਣ, ਇਸ ਦੀ ਸ਼ੁਰੂਆਤ ਹੋ ਚੁੱਕੀ ਹੈ।ਵਿਰੋਧੀ ਆਪਣੀ ਪੀੜੀ ਹੇਠ ਸੋਟਾ ਮਾਰਨ ਜ਼ਿਨ੍ਹਾਂ ਨੇ 75 ਸਾਲਾ ਵਿੱਚ ਕੋਈ ਲੋਕਪੱਖੀ ਕੰਮ ਨਹੀ ਕੀਤੇ, ਸਗੋਂ ਸਸਤੀ ਸ਼ੋਹਰਤ ਹਾਸਲ ਕਰਨ ਲਈ ਵੀ ਕੰਮ ਕੀਤੇ ਹਨ।



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਿਸਾਖੀ ਦਿਹਾੜਾ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਵਿਸਾਖੀ ਦੇ ਦਿਹਾੜੇ ਨੂੰ ਸਮਰਪਤ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ।ਇਸ ਸਮਾਗਮ ਦੀ ਸੁਰੂਆਤ ਸਵੇਰ ਦੀ ਸਭਾ ਨਾਲ ਹੋਈ। ਜਿਸ ਵਿੱਚ ਵਿਸਾਖੀ ਦੀ ਮਹੱਤਤਾ ਨੂੰ ਦਰਸਾਉਂਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਵਿਦਿਆਰਥੀਆਂ ਨੂੰ ਖਾਲਸਾ ਪੰਥ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਵਿਸਾਖੀ ਦੇ ਇਤਿਹਾਸ ਅਤੇ ਮਹੱਤਤਾ ਨੂੰ ਦਰਸਾਉਂਦੇ ਭਾਸ਼ਣ, ਕਵਿਤਾਵਾਂ ਕਵਿਸ਼ਰੀ, ਗੀਤ ਆਦਿ ਪੇਸ਼ ਕੀਤੇ। ਇਸ ਦੇ ਨਾਲ ਹੀ ਪਾ ?ਇਮਰੀ ਅਤੇ ਪ੍ਰੀ ਪ੍ਰਾਇਮਰੀ ਵਿੰਗ ਦੇ ਵਿਦਿਆਰਥੀ ਰੰਗ ਬਿਰੰਗੀਆਂ ਪੰਜਾਬੀ ਪੋਸ਼ਾਕਾਂ ਵਿੱਚ ਫੁੱਲਾਂ ਵਾਂਗ ਸੱਜ ਧੱਜ ਕੇ ਸਮਾਗਮ ਵਿੱਚ ਸ਼ਾਮਲ ਹੋਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ।

## ਪੁਲਸ ਨੇ ਸਾਰੀ ਰਾਤ ਚਲਾਈ ਵਿਸ਼ੇਸ਼ ਚੈਕਿੰਗ ਮੁਹਿੰਮ

**ਨਵਾਂਸ਼ਹਿਰ (ਮਨੋਜ ਲਾਡੀ)** ਸ਼ਹੀਦ ਭਗਤ ਸਿੰਘ ਨਗਰ ਪੁਲਸ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਨਾਈਟ ਡੋਮੀਨੇਸ਼ਨ ਆਪਰੇਸ਼ਨ' ਤਹਿਤ 11 ਅਤੇ 12 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਜ਼ਿਲ੍ਹੇ ਭਰ ਵਿਚ ਵਿਸ਼ੇਸ਼ ਨਾਕਾਬੰਦੀ ਅਤੇ ਪੈਟਰੋਲਿੰਗ ਪਾਰਟੀਆਂ ਤਾਇਨਾਤ ਕਰਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਸੀਨੀਅਰ ਪੁਲਸ ਕਪਤਾਨ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ ਚੱਲੀ ਇਸ ਚੈਕਿੰਗ ਮੁਹਿੰਮ ਦੌਰਾਨ ਜ਼ਿਲ੍ਹਾ ਪੁਲਿਸ ਵੱਲੋਂ ਰਾਤ ਭਰ ਵਾਹਨਾਂ ਦੀ ਜਾਂਚ ਕਰਨ ਦੇ ਨਾਲ-ਨਾਲ ਸ਼ੱਕੀਆਂ ਕੋਲੋਂ ਪੁੱਛ-ਗਿੱਛ ਕੀਤੀ ਗਈ।ਪੁਲਸ ਅਧਿਕਾਰੀਆਂ ਵੱਲੋਂ ਇਸ ਦੌਰਾਨ ਜ਼ਿਲ੍ਹੇ ਵਿਚਲੇ ਅੰਤਰ ਜ਼ਿਲ੍ਹਾ ਨਾਕਿਆਂ, ਹਾਈਟੈਕ ਨਾਕਿਆਂ, ਬੱਸ ਅੱਡਿਆਂ, ਰੇਲਵੇ ਸਟੇਸ਼ਨ ਅਤੇ ਹੋਰਨਾਂ ਮਹੱਤਵਪੂਰਨ ਤੇ ਸੰਵੇਦਨਸ਼ੀਲ ਥਾਵਾਂ ਦੀ ਵੀ ਜਾਂਚ ਕੀਤੀ ਗਈ।ਐਸ. ਐਸ. ਪੀ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਲੋਕਾਂ ਨੂੰ ਸ਼ਾਂਤਮਈ ਮਾਹੌਲ ਉਪਲਬੱਧ ਕਰਵਾਉਣ ਦੀ ਵਚਨਬੱਧਤਾ ਤਹਿਤ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਏ ਗਏ ਇਸ ਆਪਰੇਸ਼ਨ ਦਾ ਮਕਸਦ ਨਾਗਰਿਕਾਂ ਵਿਚ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਸਮਾਜ ਵਿਰੋਧੀ ਤੱਤਾਂ ਉੱਪਰ ਨਕੇਲ ਕੱਸਣਾ ਹੈ। ਉਨ੍ਹਾਂ ਦੱਸਿਆ ਕਿ ਰਾਤ 10 ਵਜੇ ਤੋਂ ਤੜਕੇ ਸਵੇਰੇ 4 ਵਜੇ ਤੱਕ ਚੱਲੇ ਇਸ ਆਪਰੇਸ਼ਨ ਵਿਚ ਇਕ ਐਸ.ਪੀ, 7 ਡੀ. ਐਸ. ਪੀਜ਼ ਅਤੇ 200 ਦੇ ਕਰੀਬ ਪੁਲਸ ਫੋਰਸ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਪੁਲਸ ਪੇਸ਼ੇਵਾਰਾਨਾ ਤਰੀਕੇ ਨਾਲ ਮਾੜੇ ਅਨਸਰਾਂ ਨੂੰ ਨਕੇਲ ਪਾਉਣ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਰਾਜ ਵਿਚੋਂ ਨਸ਼ੇ ਦੇ ਖ਼ਾਤਮੇ ਲਈ ਸ਼ੁਰੂ ਕੀਤਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅੰਜ਼ਾਮ ਤੱਕ ਪਹੁੰਚਾਇਆ ਜਾਵੇਗਾ ਅਤੇ ਇਸ ਬੁਰਾਈ ਦਾ ਮੁਕੰਮਲ ਖ਼ਾਤਮਾ ਕੀਤਾ ਜਾਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿਰੋਧੀ ਅਤੇ ਸ਼ਰਾਰਤੀ ਤੱਤਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਸਹਿਯੋਗ ਦੇਣ ਅਤੇ ਉਨ੍ਹਾਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।



## ਹਿਮਾਂਸ਼ੂ ਜੈਨ ਨੂੰ ਪ੍ਰੈਸ ਕਲੱਬ ਦੇ ਮੈਂਬਰਾਂ ਨੇ ਦਿੱਤੀ ਵਿਦਾਇਗੀ ਪਾਰਟੀ



**ਰੋਪੜ (ਬਿੰਦਰਾ)** ਜ਼ਿਲ੍ਹਾ ਰੂਪਨਗਰ ਦੇ ਸਾਬਕਾ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਜੋਕਿ ਇਥੋਂ ਬਦਲ ਕੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਲੱਗੇ ਹਨ ਨੂੰ ਇਥੇ ਰੂਪਨਗਰ ਦੇ ਪ੍ਰੈਸ ਕਲੱਬ ਦੇ ਮੈਂਬਰਾਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਹਿਮਾਂਸ਼ੂ ਜੈਨ ਨੇ ਆਖਿਆ ਕਿ ਰੂਪਨਗਰ ਤੋਂ ਮੇਰੀ ਡਿਪਟੀ ਕਮਿਸ਼ਨਰ ਵਲੋਂ ਸ਼ੁਰੂਆਤ ਹੋਈ ਹੈ। ਜਦ ਮੈਂ ਇਥੇ ਆਇਆ ਤਾਂ ਮੈਨੂੰ ਗਰਵ ਹੋਇਆ ਕਿ ਉਸ ਜ਼ਿਲ੍ਹੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਜੋ ਖ਼ਾਲਸੇ ਦੀ ਸਾਜਨਾ ਧਰਤੀ ਹੈ। ਇਹ ਸ਼ਹੀਦਾਂ ਦੀ ਧਰਤੀ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਕੁਰਬਾਨੀ ਦਿੱਤੀ। ਉਹਨਾਂ ਆਖਿਆ ਕਿ ਰੋਪੜ ਤੋਂ ਮੇਰੀ ਡੀਸੀਸ਼ਿਪ ਦੀ ਬੁਹਤ ਖੂਬਸੂਰਤ ਸ਼ੁਰੂਆਤ ਹੋਈ। ਇਥੇ ਮੈਂ ਬਹੁਤ ਕੁਝ ਕਰਨ ਦੇ ਸੁਪਨੇ ਸਜੋਏ ਸਨ ਜਿਨ੍ਹਾਂ ਦਾ ਅਰੰਭ ਵੀ ਹੋ ਗਿਆ ਸੀ । ਉਹਨਾਂ ਨੇ ਰੋਪੜ ਪ੍ਰੈਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਥੇ ਵਲੋਂ ਉਹਨਾਂ ਨੂੰ ਪੂਰਾ ਸਹਿਯੋਗ ਮਿਲਿਆ ਹੈ। ਇਸ ਮੌਕੇ ਕਲੱਬ ਦੇ ਮੁਖ ਸਰਪ੍ਰਸਤ ਗੁਰਚਰਨ ਸਿੰਘ ਬਿੰਦਰਾ, ਰਾਜਿੰਦਰ ਸੈਣੀ, ਸਤੀਸ਼ ਜਗੋਤਾ, ਤਜਿੰਦਰ ਸਿੰਘ ਨੇ ਵਿਚਾਰ ਪ੍ਰਗਟ ਕੀਤੇ। ਸੀਨੀਅਰ ਮੀਤ ਪ੍ਰਧਾਨ ਜਗਜੀਤ ਸਿੰਘ ਜੱਗੀ ਨੇ ਧੰਨਵਾਦੀ ਸ਼ਬਦ ਕਹੇ। ਇਸ ਅਵਸਰ 'ਤੇ ਕਲੱਬ ਦੇ ਸਾਬਕਾ ਪ੍ਰਧਾਨ ਬਹਾਦਰਜੀਤ ਸਿੰਘ, ਵਿਜੇ ਸ਼ਰਮਾ, ਅਜੇ ਅਗਨੀਹੋਤਰੀ, ਮੀਤ ਪ੍ਰਧਾਨ ਕਮਲਦੀਪ ਸਿੰਘ ਭਾਰਜ,ਰਾਜਨ ਵੋਹਰਾ, ਸੁਰਜੀਤ ਸਿੰਘ ਗਾਂਧੀ, ਕੈਲਾਸ਼ ਆਹੂਜਾ, ਲਖਬੀਰ ਸਿੰਘ ਖਾਬੜਾ, ਸਰਬਜੀਤ ਸਿੰਘ ਕਾਕਾ, ਸ਼ਾਮ ਲਾਲ ਬੈਂਸ, ਵਰੁਣ ਲਾਂਬਾ,ਸੁਮੀਤ ਪਸਰੀਚਾ, ਮਨਪ੍ਰੀਤ ਸਿੰਘ, ਪ੍ਰਿੰਸ ਆਦਿ ਹਾਜ਼ਰ ਸਨ।

## ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਨ 'ਤੇ ਪੰਜਾਬ ਨੂੰ ਨਿਵਾਸੀਆਂ ਵਧਾਈ : ਝਿੰਜਰ

**ਚੰਡੀਗੜ੍ਹ (ਗੁਰਜੀਤ ਬਿੱਲਾ)** ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਮੈਂਬਰ ਸਰਬਜੀਤ ਸਿੰਘ ਝਿੰਜਰ ਨੇ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਅਤੇ ਵਿਕਾਸ ਲਈ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਅੱਗੇ ਆਉਣਾ ਬਹੁਤ ਜ਼ਰੂਰੀ ਸੀ।ਝਿੰਜਰ ਨੇ ਕਿਹਾ ਵਿਰੋਧੀ ਪਾਰਟੀਆਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣ ਪਰ ਉਹ ਇਸ 'ਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ।ਉਨ੍ਹਾਂ ਨੇ ਅੱਗੇ ਕਿਹਾ ਕਿ ਯੂਥ ਅਕਾਲੀ ਦਲ ਵੱਲੋਂ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਸ੍ਰੀ ਦਮਦਮਾ ਸਾਹਿਬ ਵਿਖੇ ਹੋਣ ਵਾਲੀ ਕਾਨਫਰੰਸ ਵਿੱਚ ਸੁਖਬੀਰ ਸਿੰਘ ਬਾਦਲ ਦਾ ਵੱਡੇ ਪੱਧਰ 'ਤੇ ਸਵਾਗਤ ਕੀਤਾ ਜਾਵੇਗਾ।

## ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 26 ਕੈਡਿਟਾਂ ਦੀ ਐਨ ਡੀ ਏ ਲਈ ਚੋਣ

**ਚੰਡੀਗੜ੍ਹ (ਗੁਰਜੀਤ ਬਿੱਲਾ)** ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ ਏ ਐਸ ਨਗਰ (ਮੋਹਾਲੀ) ਦੇ 26 ਹੋਰ ਕੈਡਿਟਾਂ ਨੇ ਜੂਨ 2025 ਵਿੱਚ ਸ਼ੁਰੂ ਹੋਣ ਵਾਲੇ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ)-154 ਕੋਰਸ ਲਈ ਯੂ ਪੀ ਐਸ ਸੀ ਆਲ ਇੰਡੀਆ ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕੀਤਾ ਹੈ।ਪਟਿਆਲਾ ਤੋਂ ਕੈਡਿਟ ਆਰੀਅਨ ਸੋਫਥ ਨੇ ਆਲ ਇੰਡੀਆ ਰੈਂਕਿੰਗ ਵਿੱਚ 9ਵਾਂ ਰੈਂਕ ਪ੍ਰਾਪਤ ਕੀਤਾ ਹੈ, ਜਦੋਂਕਿ ਸੰਸਥਾ ਦੇ 10 ਕੈਡਿਟਾਂ ਨੇ ਮੈਰਿਟ ਦੇ ਟੌਪ-100 ਵਿੱਚ ਸਥਾਨ ਪ੍ਰਾਪਤ ਕੀਤਾ ਹੈ।ਜ਼ਿਕਰਯੋਗ ਹੈ ਕਿ ਇਸ ਸੰਸਥਾ ਦੇ 34 ਕੈਡਿਟਾਂ, ਜਿਨ੍ਹਾਂ ਨੇ ਐਨ ਡੀ ਏ-154 ਕੋਰਸ ਲਈ ਲਿਖਤੀ ਪ੍ਰੀਖਿਆ ਪਾਸ ਕੀਤੀ ਸੀ,ਵਿੱਚੋਂ 26 ਕੈਡਿਟਾਂ ਨੇ ਐਸ ਐਸ ਬੀ ਪਾਸ ਕਰ ਲਈ ਹੈ। ਹੁਣ ਇਹ ਕੈਡਿਟ ਆਪਣੇ ਜੁਆਇਨਿੰਗ ਲੈਟਰਾਂ ਦੀ ਉਡੀਕ ਕਰ ਰਹੇ ਹਨ। ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਕੈਡਿਟ ਪੰਜਾਬ ਦਾ ਮਾਣ ਹਨ।ਉਨ੍ਹਾਂ ਨੇ ਕੈਡਿਟਾਂ ਨੂੰ ਉਨ੍ਹਾਂ ਦੀ ਸਿਖਲਾਈ ਅਤੇ ਕਰੀਅਰ ਲਈ ਵਧਾਈ ਵੀ ਦਿੱਤੀ।

## ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ ਰੋਮਾਂਚਕ ਐਡਵੈਂਚਰ ਕੈਂਪ 'ਚ ਲਿਆ ਹਿੱਸਾ



**ਜਲੰਧਰ (ਸ਼ੈਲੀ ਐਲਬਰਟ)** ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਇੱਕ ਰੋਮਾਂਚਕ ਐਡਵੈਂਚਰ ਕੈਂਪ ਵਿੱਚ ਹਿੱਸਾ ਲਿਆ। ਪੰਜਾਂ ਬ੍ਰਾਂਚਾਂ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ, ਕਪੂਰਥਲਾ ਰੋਡ ਵਿੱਚ ਆਯੋਜਿਤ ਕੀਤਾ ਗਿਆ ਸੀ ਜਿਸਦਾ ਉਦੇਸ਼ ਇੱਕ ਊਰਜਾਵਾਨ ਬਾਹਰੀ ਮਾਹੌਲ ਵਿੱਚ ਟੀਮ ਵਰਕ, ਆਤਮਵਿਸ਼ਵਾਸ ਅਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਸੀ। ਇਹ ਐਡਵੈਂਚਰ ਕੈਂਪ ਉਤਸ਼ਾਹ, ਸਿੱਖਣ ਅਤੇ ਮੌਜ-ਮਸਤੀ ਦਾ ਇੱਕ ਸੰਪੂਰਨ ਮਿਸ਼ਰਣ ਸੀ। ਵਿਦਿਆਰਥੀਆਂ ਨੇ ਰੋਲਰ ਬੈਲੇਂਸਿੰਗ, ਬਾਡੀ ਜ਼ੋਰਬਿੰਗ, ਮੋਗਲੀ ਵਾਕ, ਵਾਲ ਕਲਾਈਮਿੰਗ, ਕਮਾਂਡੋ ਨੈੱਟ, ਬੇਲੀ ਕ੍ਰੌਲ, ਟ੍ਰੈਂਪੋਲੀਨ ਜੰਪ ਅਤੇ ਟਗ ਆਫ ਵਾਰ ਵਰਗੀਆਂ ਵੱਖ-ਵੱਖ ਐਡਵੈਂਚਰ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ । ਇਨ੍ਹਾਂ ਚੁਣੌਤੀਆਂ ਨੇ ਨਾ ਸਿਰਫ਼ ਉਨ੍ਹਾਂ ਦੀ ਤਾਕਤ ਅਤੇ ਤਾਲਮੇਲ ਦੀ ਪਰਖ ਕੀਤੀ, ਸਗੋਂ ਉਨ੍ਹਾਂ ਦੀ ਅਸਲ ਟੀਮ ਭਾਵਨਾ ਨੂੰ ਵੀ ਸਾਹਮਣੇ ਲਿਆਂਦਾ। ਰੋਮਾਂਚ ਤੋਂ ਇਲਾਵਾ, ਵਿਦਿਆਰਥੀਆਂ ਨੇ ਮਪੇਟ ਸ਼ੋਅ, ਪੋਟਰੀ ਮੇਕਿੰਗ, ਟੈਟੂ ਆਰਟ, ਅਤੇ ਤੀਰਅੰਦਾਜ਼ੀ ਬੋਰਡ, ਹੈਮਸਟਰ ਵ੍ਹੀਲ, ਟੈਂਟ ਪਿੱਚਿੰਗ ਅਤੇ ਬਾਊਂਸੀ ਕੈਸਲ ਵਰਗੀਆਂ ਮਜ਼ੇਦਾਰ ਖੇਡਾਂ ਸਮੇਤ ਕਈ ਮਨੋਰੰਜਕ ਗਤੀਵਿਧੀਆਂ ਦਾ ਵੀ ਆਨੰਦ ਮਾਣਿਆ।ਕੈਂਪ ਦੀ ਮੁੱਖ ਗੱਲ ਇੱਕ ਇਲੈਕਟ੍ਰਾਈਫਾਇੰਗ ਡੀਜੇ ਸੈਸ਼ਨ ਸੀ ਜਿਸਨੇ ਸਾਰਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ ਅਤੇ ਇੱਕ ਜੀਵੰਤ ਮਾਹੌਲ ਬਣਾਇਆ।ਵਿਦਿਆਰਥੀਆਂ ਨੇ ਆਪਣੇ ਦੋਸਤਾਂ ਨਾਲ ਦੁਪਹਿਰ ਦੇ ਖਾਣੇ ਅਤੇ ਸਨੈਕਸ ਦਾ ਆਨੰਦ ਮਾਣਿਆ।

## ਪਿੰਡ ਰਲਨਾ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)** ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਪਿੰਡ ਰਲਣਾ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਦਾ ਜਨਮ ਦਿਨ ਧੂਮ-ਧਾਮ ਨਾਲ ਮਨਾਇਆ ਗਿਆ। ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ, ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਅਮਰਜੀਤ ਸਿੰਘ ਕਲਸੀ ਦੀ ਅਗਵਾਈ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਭਾ. ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਯਾਦ ਕੀਤਾ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਵਿਧਾਇਕ ਟਾਂਡਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਰਪੰਚ ਪਰਮਜੀਤ ਸਿੰਘ ਬਿੱਟੂ ਜੌਹਲ, ਭਾਰਤੀ ਰੇਲਵੇ ਦੇ ਜਨਰਲ ਮੈਨੇਜਰ ਜਸਵਿੰਦਰ ਸਿੰਘ, ਏ.ਐਸ.ਆਈ ਹਰਮਿੰਦਰ ਪਾਲ ਸਿੰਘ ਦਸੂਹਾ ਨੇ ਡਾਕਟਰ ਬੀ.ਆਰ ਅੰਬੇਡਕਰ ਜੀ ਦੀ ਪ੍ਰਤਿਮਾ ਤੇ ਫੁੱਲ ਮਾਲਾਵਾਂ ਭੇਟ ਕਰਦੇ ਹੋਏ ਉਹਨਾਂ ਨੂੰ ਯਾਦ ਕੀਤਾ ਉਨਾਂ ਵੱਲੋਂ ਕੀਤੇ ਗਏ ਸੰਘਰਸ਼ ਤੋਂ ਪ੍ਰੇਰਨਾ ਲੈਣ ਲਈ ਕਿਹਾ। ਵਿਧਾਇਕ ਰਾਜਾ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਵੀ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਸਮਾਗਮ ਵਿੱਚ ਪ੍ਰਗਤੀ ਕਲਾ ਕੇਂਦਰ ਲਾਂਧੜਾ ਵੱਲੋਂ ਬਾਬਾ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਨਾਟਕ ਤੇ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਸਰਪੰਚ ਸਵਰਨ ਸਿੰਘ, ਰਾਜ ਇੰਦਰ ਸਿੰਘ, ਜਥੇਦਾਰ ਰਤਨ ਸਿੰਘ ਖੁੱਡਾ, ਕਿਰਪਾਲਜੀਤ ਸਿੰਘ ਕੁਲਸੀ, ਗਗਨਦੀਪ ਕਲਸੀ,ਸੁਖਵਿੰਦਰ ਸਿੰਘ, ਨਿਰਵੈਰ ਸਿੰਘ ਖੁੱਡਾ, ਰੂਪ ਲਾਲ ਕਲਸੀ, ਜੋਗਿੰਦਰ ਸਿੰਘ, ਜਸਵੀਰ ਸਿੰਘ ਜੱਸੀ, ਗੁਰਦਿਆਲ ਸਿੰਘ ਭਵੇ, ਸੁਖਬੀਰ ਸਿੰਘ ਮੂਨਕਾਂ ,ਰਵਿੰਦਰ ਸਿੰਘ ਮੋਮੀ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਨੌਜਵਾਨ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਨਕੋਦਰ (ਮਨਜੀਤ ਮਾਨ)** ਸਦਰ ਥਾਣਾ ਨਕੋਦਰ ਅਧੀਨ ਪੈਂਦੀ ਪੁਲਸ ਚੌਕੀ ਪਿੰਡ ਉੱਗੀ ਦੀ ਪੁਲਸ ਟੀਮ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ ਨਸ਼ੀਲੀਆ ਗੋਲੀਆ ਗੋਲੀਆਂ ਸਮੇਤ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਚੌਕੀ ਇੰਚਾਰਜ ਏ ਐਸ ਆਈ ਜਸਪਾਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੁਲਸ ਪਾਰਟੀ ਨਕੋਦਰ-ਕਪੂਰਥਲਾ ਮੁੱਖ ਮਾਰਗ 'ਤੇ ਸਥਿਤ ਪਿੰਡ ਤਲਵੰਡੀ ਸਲੇਮ ਤੋਂ ਪਿੰਡ ਖੀਵਾ ਨੂੰ ਜਾ ਰਹੀ ਸੀ ਰਸਤੇ ਦੌਰਾਨ ਪਿੰਡ ਖੀਵੇ ਵੱਲੋਂ ਅਮਨਦੀਪ ਪਾਲ ਉਰਫ ਰੌਕੀ ਦਾਸ ਪੈਦਲ ਆ ਰਿਹਾ ਸੀ।ਕਥਿਤ ਮੁਲਜ਼ਮ ਨੇ ਪੁਲਸ ਨੂੰ ਵੇਖ ਇੱਕ ਲਿਫਾਫਾ ਸੜਕ ਦੇ ਕਿਨਾਰੇ ਸੁੱਟਿਆ ਪੁਲਸ ਨੇ ਤੁਰੰਤ ਕਾਬੂ ਕਰ ਲਿਆ।ਤਲਾਸ਼ੀ ਲਿਫਾਫੇ 'ਚੋਂ 62 ਨਸ਼ੀਲੀਆ ਗੋਲੀਆਂ ਬਰਾਮਦ ਕੀਤੀਆਂ ਗਈਆਂ।ਜਿਸ ਦੇ ਤਹਿਤ ਪੁਲਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ। ਉਕਤ ਨੌਜਵਾਨ ਨੂੰ ਨਕੋਦਰ ਦੀ ਮਾਨਯੋਗ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ।



14-APR-PAGE-10.qxd 4/13/2025 8:24 PM Page 1



# ਵਿਸਾਖੀ ਅਤੇ ਅੰਬੇਡਕਰ ਜਯੰਤੀ ਮੌਕੇ ਮਲੋਟ/ ਸ੍ਰੀ ਮੁਕਤਸਰ ਸਾਹਿਬ ਤੋਂ ਵਿਸ਼ੇਸ਼ ਸਪਲੀਮੈਂਟ































































## ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ : ਢੋਸੀਵਾਲ

### ਵਿਕਾਸ ਮਿਸ਼ਨ ਨੇ ਅੰਬੇਡਕਰ ਜਯੰਤੀ ਮਨਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਸ਼ਹਿਰ ਦੀ ਸਭ ਤੋਂ ਪੁਰਾਣੀ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਥਾਨਕ ਰੇਲਵੇ ਰੋਡ ਸਥਿਤ ਸਿਟੀ ਹੋਟਲ ਵਿਖੇ ਡਾ. ਅੰਬੇਡਕਰ ਜਯੰਤੀ ਮਨਾਈ ਗਈ।ਮਿਸ਼ਨ ਦੇ ਮੁਖੀ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ, ਲੋਕ ਸੰਪਰਕ ਵਿੰਗ ਦੇ ਡਿਪਟੀ ਡਾਇਰੈਕਟਰ ਸਾਹਿਲ ਕੁਮਾਰ ਹੈਪੀ, ਸੀਨੀਅਰ ਮੈਂਬਰ ਤੇ ਪ੍ਰਸਿੱਧ ਸਾਈਕਲਿਸਟ ਡਾ. ਹਰਭਗਵਾਨ ਹੈਰੀ, ਨੌਜਵਾਨ ਸਮਾਜ ਸੇਵਕ ਤੇ ਮਿਸ਼ਨ ਮੈਂਬਰ ਵਿਕ੍ਰਾਂਤ ਤੇਰੀਆ ਅਤੇ ਮਿਸ਼ਨ ਫੋਟੋਗ੍ਰਾਫਰ ਨਰਿੰਦਰ ਕਾਕਾ ਆਦਿ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ।ਸਭ ਤੋਂ ਪਹਿਲਾਂ ਸਮੂਹ ਮੈਂਬਰਾਂ ਵੱਲੋਂ ਵਿਸਾਖੀ ਤੇ ਡਾ. ਅੰਬੇਡਕਰ ਜਯੰਤੀ ਦੀ ਸਮੁੱਚੇ ਸਮਾਜ ਨੂੰ ਵਧਾਈ ਦਿੱਤੀ ਗਈ।ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਡਾ. ਅੰਬੇਡਕਰ ਦੇ ਚਿੱਤਰ ਨੂੰ ਸਤਿਕਾਰ ਸਹਿਤ ਸ਼ਰਧਾਂਜਲੀ ਭੇਟ ਕੀਤੀ।ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਦੇਸ਼ ਅੰਦਰ ਬਰਾਬਰੀ ਵਾਲੇ ਸਮਾਜ ਦੀ ਰਚਨਾ ਕਰਨ ਵਿੱਚ ਮਹਾਨ ਵਿਦਵਾਨ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਅਹਿਮ ਯੋਗਦਾਨ ਹੈ।ਉਨ੍ਹਾ ਨੇ ਮਜ਼ਦੂਰਾਂ ਲਈ ਅੱਠ ਘੰਟੇ ਕੰਮ ਕਰਨ ਦਾ ਕਾਨੂੰਨ ਬਣਾਇਆ, ਸਭਨਾਂ ਨੂੰ ਵੋਟ ਦਾ ਅਧਿਕਾਰ ਦਿੱਤਾ, ਔਰਤਾਂ ਨੂੰ ਪ੍ਰਸੂਤਾ ਛੁੱਟੀ ਦਾ ਅਧਿਕਾਰ ਦਿੱਤਾ।ਇਸ ਤੋਂ ਇਲਾਵਾ ਉਨ੍ਹਾਂ ਨੇ ਰਿਜ਼ਰਵ ਬੈਂਕ ਆਫ ਇੰਡੀਆ ਦੀ ਸਥਾਪਨਾ ਕੀਤੀ। ਲੰਮੇ ਸਮੇਂ ਤੋਂ ਦੱਬੇ ਕੁਚਲੇ ਸਮਾਜ ਲਈ ਰਾਜਨੀਤਕ ਤੇ ਸਮਾਜਿਕ ਬਰਾਬਰੀ ਦੀ ਰਿਜ਼ਰਵੇਸ਼ਨ ਦਾ ਅਧਿਕਾਰ ਦਿੱਤਾ।ਢੋਸੀਵਾਲ ਨੇ ਕਿਹਾ ਕਿ ਡਾ. ਅੰਬੇਡਕਰ ਦੀ ਦੇਣ ਤੋਂ ਕੋਈ ਵੀ ਦੇਸ਼ ਵਾਸੀ ਮੁਨਕਰ ਨਹੀਂ ਹੋ ਸਕਦਾ ਤੇ ਉਨ੍ਹਾਂ ਦੀ ਇਸ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਢੋਸੀਵਾਲ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਡਾ. ਅੰਬੇਡਕਰ ਦੀ ਵਿਚਾਰ ਧਾਰਾ ਨੂੰ ਮਿਟਾਉਣ ਤੇ ਉਨ੍ਹਾਂ ਦੇ ਬੁੱਤਾਂ ਨਾਲ ਛੇੜ ਛਾੜ ਕਰਕੇ ਸਮਾਜ ਵਿੱਚ ਨਫਰਤ ਫੈਲਾਉਣ ਦਾ ਘਟੀਆ ਕਾਰਾ ਕੀਤਾ ਜਾ ਰਿਹਾ ਹੈ, ਜੋ ਬੇਹੱਦ ਨਿੰਦਣਯੋਗ ਹੈ।ਅਜਿਹੀ ਘਟੀਆ ਸੋਚ ਵਾਲੇ ਲੋਕ ਆਪਣੇ ਮਨਸੂਬਿਆਂ ਵਿੱਚ ਕਦੇ ਵੀ ਸਫਲ ਨਹੀਂ ਹੋਣਗੇ ਅਤੇ ਡਾ. ਅੰਬੇਡਕਰ ਦੀ ਵਿਚਾਰ ਧਾਰਾ ਨੂੰ ਕਦੇ ਵੀ ਖਤਮ ਨਹੀਂ ਕੀਤਾ ਜਾ ਸਕਦਾ। ਮੀਟਿੰਗ ਦੇ ਅਖੀਰ ਵਿੱਚ ਸਭਨਾਂ ਲਈ ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

## ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਮੈਥ ਓਲੰਪੀਆਡ 'ਚ ਸ਼ਾਨਦਾਰ ਸਫਲਤਾ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਦੇ ਵਿਦਿਆਰਥੀਆਂ ਨੇ ਮੈਥ ਓਲੰਪੀਆਡ ਫਾਉਂਡੇਸ਼ਨ ਨਵੀਂ ਦਿੱਲੀ ਵੱਲੋਂ ਅੰਤਰਰਾਸ਼ਟਰੀ ਗਣਿਤ ਓਲੰਪੀਆਡ 2024-25 ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਵਿਦਿਆਰਥੀਆਂ ਨੇ ਇਸ ਪੇਪਰ ਵਿੱਚ ਬਹੁਤ ਹੀ ਵਧੀਆ ਸਫਲਤਾ ਪ੍ਰਾਪਤ ਕੀਤੀ, ਜਿਸ ਦੇ ਵਿੱਚ ਪਹਿਲੀ ਜਮਾਤ ਦੀ ਵਿਦਿਆਰਥਣਾਂ ਗੁਰਲੀਨ ਕੌਰ ਨੇ ਗੋਲਡ ਮੈਡਲ, ਜਸਮਨਪ੍ਰੀਤ ਕੌਰ ਨੇ ਗੋਲਡ ਮੈਡਲ, ਦੂਸਰੀ ਕਲਾਸ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ ਨੇ ਗੋਲਡ ਮੈਡਲ ਤੇ ਹਰਸੀਰਤ ਕੌਰ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।ਅਠਵੀਂ ਕਲਾਸ ਦੀ ਵਿਦਿਆਰਥਣ ਏਕਤਾ ਚਾਵਲਾ ਨੇ ਸਿਲਵਰ ਮੈਡਲ, ਸ਼ਰਨ ਕੌਰ ਨੇ ਤਾਂਬਾ ਮੈਡਲ ਤੇ ਦਸਵੀਂ ਕਲਾਸ ਦੀ ਵਿਦਿਆਰਥਣ ਪ੍ਰਨੀਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕੀਤਾ।ਇਸ ਇਸ ਮੌਕੇ ਮੈਥ ਅਧਿਆਪਕ ਗਗਨਪ੍ਰੀਤ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਬੱਚਿਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਨਾਲ ਬੱਚਿਆਂ ਦੇ ਵਿੱਚ ਮੁਕਾਬਲੇ ਦੀ ਭਾਵਨਾ ਤੇ ਬਹੁਪੱਖੀ ਵਿਕਾਸ ਦੀ ਭਾਵਨਾ ਪੈਦਾ ਹੁੰਦੀ ਹੈ। ਸਕੂਲ ਅੱਗੇ ਤੋਂ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਂਦਾ ਰਹੇਗਾ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਸੁਖਬੀਰ ਸਿੰਘ ਬਾਦਲ ਦਾ ਮੁੜ ਪ੍ਰਧਾਨ ਬਣਨਾ ਪੰਜਾਬ ਤੇ ਪੰਜਾਬੀਅਤ ਲਈ ਸ਼ੁੱਭ ਸ਼ਗਨ : ਢਿੱਲੋਂ/ਬੌਂਦਲੀ

**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਅਕਾਲੀ (ਬਾਦਲ) ਦੀ ਚੋਣ, ਜੋ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਈ, ਜਿੱਥੇ ਸੁਖਬੀਰ ਸਿੰਘ ਬਾਦਲ ਲਗਾਤਾਰ ਚੌਥੀ ਵਾਰ ਅਗਲੇ ਪੰਜ ਸਾਲਾਂ ਲਈ ਦਲ ਦੇ ਪ੍ਰਧਾਨ ਚੁਣੇ ਗਏ।ਸੁਖਬੀਰ ਸਿੰਘ ਬਾਦਲ ਦਾ ਲਗਾਤਾਰ ਪ੍ਰਧਾਨ ਬਣਨਾ ਵਿਰੋਧੀਆਂ ਦੇ ਮੂੰਹਾਂ 'ਤੇ ਤਾਲੇ ਲਗਾ ਗਿਆ, ਜੋ ਅਕਾਲੀ ਦਲ ਵਿੱਚੋਂ ਬਾਗੀ ਹੋ ਕੇ ਨਵੀਂ ਮੈਂਬਰਸ਼ਿਪ ਲਈ ਗਠਿਤ ਪੰਜ ਮੈਂਬਰੀ ਕਮੇਟੀ ਦੀ ਆੜ ਵਿੱਚ ਮੁੜ ਨਵੀਂ ਮੈਂਬਰਸ਼ਿਪ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਦੀਆਂ ਗੁੱਝੀਆਂ ਸਾਜ਼ਿਸ਼ਾਂ ਕਰ ਰਹੇ ਸਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਨਵੇਂ ਚੁਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦਿੰਦੇ ਹੋਏ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ (ਬਾਦਲ) ਇੱਕ ਅਜਿਹੀ ਖੇਤਰੀ ਪਾਰਟੀ ਹੈ, ਜਿਸ ਦੇ ਸਾਬਕਾ ਪ੍ਰਧਾਨ ਤੇ ਰਾਜਨੀਤੀ ਦੇ ਬਾਬਾ ਬੋਹੜ ਸਵ: ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਾਰੀ ਉਮਰ ਇਸ ਪਾਰਟੀ ਦੇ ਕਾਰਜਾਂ ਦੇ ਲੇਖੇ ਲਗਾ ਕੇ ਇੱਕ ਨਵੀਂ ਰੂਹ ਫੂਕੀ ਸੀ।ਹੁਣ ਇਹੀ ਵਾਂਗਡੋਰ ਉਨ੍ਹਾਂ ਦੇ ਹੋਣਹਾਰ ਸਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਮੁੜ ਚੌਥੀ ਵਾਰ ਸੌਂਪੀ ਗਈ ਹੈ।ਸ਼੍ਰੋਮਣੀ ਅਕਾਲੀ ਦਲ ਨੂੰ ਸਾਬੋਤਾਜ ਕਰਨ ਲਈ ਅਕਾਲੀ ਦਲ ਤੋਂ ਬਾਗੀ ਹੋ ਕੇ ਵਿਰੋਧ ਕਰਨ ਵਾਲਿਆਂ ਨੂੰ ਇਹ ਵਧੀਆ ਸਬਕ ਮਿਲਿਆ ਹੈ, ਜਿਨ੍ਹਾਂ ਨੇ ਅਕਾਲੀ ਦਲ ਨੂੰ ਖੇਰੂੰ-ਖੇਰੂੰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ।ਉਨ੍ਹਾਂ ਸੁਖਬੀਰ ਬਾਦਲ ਨੂੰ ਵਧਾਈ ਦੇਣ ਦੇ ਨਾਲ ਨਾਲ ਭਰੋਸਾ ਵੀ ਦਿਵਾਇਆ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਆਪਣੀ ਚੜ੍ਹਦੀ ਕਲਾ ਵਿੱਚ ਹੋ ਜਾਵੇਗਾ ਤੇ ਹਲਕਾ ਸਮਰਾਲਾ ਦੇ ਸਮੂਹ ਅਹੁਦੇਦਾਰ ਤੇ ਵਰਕਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੇ ਹਨ।

## ਸਮਾਜ ਸੇਵੀ ਸੰਸਥਾਵਾਂ ਤੇ ਨਿੱਜੀ ਹਸਪਤਾਲਾਂ ਲਈ ਖ਼ੂਨ ਮਹਿੰਗਾ ਹੋਣ ਦੇ ਆਰਡਰ ਵਾਪਸ ਲਏ ਜਾਣ : ਪੰਮਾ ਸੰਧੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਬੀਤੇ ਦਿਨੀਂ ਸਿਵਲ ਸਰਜਨਾਂ ਤੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਸਰਕਾਰੀ ਬਲੱਡ ਬੈਂਕ ਸੈਂਟਰਾਂ ਵਿੱਚੋਂ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾਵਾਂ ਤੇ ਨਿੱਜੀ ਹਸਪਤਾਲਾਂ ਵਿੱਚ ਭਰਤੀ ਮਰੀਜ਼ਾਂ ਲਈ ਬਲੱਡ ਮਹਿੰਗਾ ਕਰਨ ਦੇ ਦਿੱਤੇ ਨਿਰਦੇਸ਼ ਵਾਪਸ ਲੈਣ ਦੀ ਅਪੀਲ ਕੀਤੀ ਹੈ।ਉਨ੍ਹਾ ਜਾਣਕਾਰੀ ਦਿੱਤੀ ਕਿ ਜਿੱਥੇ ਪਹਿਲਾਂ ਇੱਕ ਯੂਨਿਟ ਤਾਜ਼ਾ ਫਰੋਜ਼ਨ ਪਲਾਜ਼ਮਾ ਲੈਣ ਲਈ ਮਰੀਜ਼ ਨੂੰ ਸਿਰਫ 50 ਰੁਪਏ ਦੇਣੇ ਪੈਂਦੇ ਸਨ, ਉੱਥੇ ਨਵੇਂ ਰੇਟ ਲਾਗੂ ਹੋਣ 'ਤੇ 300 ਤੱਕ ਦੇਣੇ ਪੈ ਸਕਦੇ ਹਨ।ਪਲੇਟਲੈਟ ਬਣਾਉਣ ਲਈ 2000 ਪ੍ਰੋਸੈਸਿੰਗ ਚਾਰਜ ਰੱਖੇ ਗਏ ਹਨ, ਇਸ ਦੇ ਨਾਲ ਹੀ ਪਲੇਟਲੈਟ ਬਣਾਉਣ ਦੀ ਕਿੱਟ ਦੇ ਪੈਸੇ ਵੱਖਰੇ ਭਰਨੇ ਪੈਣਗੇ, ਜੋ ਕਿ ਕਰੀਬ 7000 ਰੁਪਏ ਤੱਕ ਮਿਲਦੀ ਹੈ।ਸੰਧੂ ਨੇ ਇੱਕ ਅਖਬਾਰ ਵਿੱਚ ਲੱਗੀ ਖਬਰ ਦਾ ਹਵਾਲਾ ਦਿੰਦਿਆਂ ਹੈਰਾਨੀ ਪ੍ਰਗਟਾਈ ਕਿ ਅਜਿਹੇ ਫੈਸਲੇ ਵਿਭਾਗ ਦੁਆਰਾ ਲਏ ਜਾਣ ਤੋਂ ਪਹਿਲਾਂ ਨੀਤੀ-ਘਾੜਿਆਂ ਨੂੰ ਇੱਕ ਵਾਰ ਸੋਚਣਾ ਚਾਹੀਦਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬੇਸ਼ੱਕ ਵੱਖ ਵੱਖ ਬਲੱਡ ਪ੍ਰੋਸੈਸਿੰਗ ਤੇ ਟੈਸਟਾਂ ਦੇ ਰੇਟਾਂ ਵਿੱਚ ਵਾਧਾ ਕੀਤਾ ਜਾ ਚੁੱਕਾ ਹੈ, ਪਰ ਸਾਫਟਵੇਅਰ ਉੱਪਰ ਇਹ ਰੇਟ ਅਜੇ ਅਪਲੋਡ ਨਹੀਂ ਕੀਤੇ ਗਏ, ਜਿਸ ਕਰਕੇ ਅਜੇ ਪੁਰਾਣੇ ਰੇਟ ਨਾਲ ਹੀ ਟੈਸਟ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਦੋ ਸਾਲ 2017 ਤੋਂ ਮੇਲਾ ਮਾਘੀ ਮੌਕੇ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਤੇ ਜ਼ਿਲ੍ਹਾ ਸਿਹਤ ਵਿਭਾਗ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਉਣ ਦੀ ਪਿਰਤ ਪਾਉਣ ਵਾਲੀ ਜ਼ਿਲ੍ਹੇ ਦੀ ਪਹਿਲੀ ਸੰਸਥਾ ਹੈ ਤੇ ਹੁਣ ਤੱਕ ਵੱਡੀ ਗਿਣਤੀ ਵਿੱਚ ਕੈਂਪ ਲਗਾ ਕੇ ਖ਼ੂਨ ਦਾਨ ਕਰਵਾਇਆ ਜਾ ਚੁੱਕਾ ਹੈ।ਸੰਧੂ ਨੇ ਕਿਹਾ ਕਿ ਉਹ ਸਿਹਤ ਵਿਭਾਗ ਦੇ ਇਸ ਫੈਸਲੇ ਦੀ ਸਖਤ ਨਿਖੇਧੀ ਕਰਦੇ ਹਨ ਤੇ ਇਸ ਆਰਡਰ ਨੂੰ ਵਾਪਸ ਕਰਵਾਉਣ ਲਈ ਸਰਕਾਰ ਤੱਕ ਪਹੁੰਚ ਕਰਨਗੇ।

## ਸਪੀਕਰ ਸੰਧਵਾਂ ਵੱਲੋਂ ਵੱਖ ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ




**ਕੋਟਕਪੂਰਾ (ਸ਼ਾਮ ਲਾਲ ਚਾਵਲਾ)**

ਪੰਜਾਬ ਸਰਕਾਰ ਵੱਲੋਂ ਰਾਜ ਦੀ ਸਿੱਖਿਆ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ, ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਮਿਆਰੀ ਸਿੱਖਿਆ ਪ੍ਰਦਾਨ ਕਰਨ ਤੇ ਉਨ੍ਹਾਂ ਨੂੰ ਸਿੱਖਿਆ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਜਿੱਥੇ ਵੱਖ ਵੱਖ ਸਕੂਲਾਂ ਵਿੱਚ ਵਿਕਾਸ ਕਾਰਜ ਚੱਲ ਰਹੇ ਹਨ, ਉਥੇ ਹੀ ਪਿਛਲੇ 3 ਸਾਲਾਂ ਵਿੱਚ ਹੋ ਚੁੱਕੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ।ਇਹ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਡਾ. ਚੰਦਾ ਸਿੰਘ ਮਰਵਾਹ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਕੋਟਕਪੂਰਾ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਉਪਰੰਤ ਸਕੂਲ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਤੇ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਿੱਥੇ ਰਾਜ ਦਾ ਸਰਬਪੱਖੀ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਰਾਜ ਵਾਸੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਉਥੇ ਹੀ ਵਿਕਾਸ ਪ੍ਰੋਜੈਕਟ ਵੀ ਜੰਗੀ ਪੱਧਰ 'ਤੇ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਖੇਤਰ ਨੂੰ ਤਰਜੀਹ ਖੇਤਰ ਵਜੋਂ ਲੈ ਕੇ ਇਨ੍ਹਾਂ ਦਾ ਜੰਗੀ ਪੱਧਰ 'ਤੇ ਵਿਕਾਸ ਕਰ ਰਹੀ ਹੈ ਤੇ ਬਜਟ ਦਾ ਵੱਡਾ ਹਿੱਸਾ ਸਿਹਤ ਤੇ ਸਿੱਖਿਆ ਦੇ ਖੇਤਰ 'ਤੇ ਖਰਚ ਕੀਤਾ ਜਾ ਰਿਹਾ ਹੈ।ਸ੍ਰ. ਸੰਧਵਾਂ ਨੇ ਦੱਸਿਆ ਕਿ ਅੱਜ ਡਾ. ਚੰਦਾ ਸਿੰਘ ਮਰਵਾਹ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਕੋਟਕਪੂਰਾ, ਸਰਕਾਰੀ ਪ੍ਰਾਇਮਰੀ ਸਕੂਲ ਤੇਗ ਬਹਾਦਰ ਨਗਰ ਕੋਟਕਪੂਰਾ, ਸਰਕਾਰੀ ਪ੍ਰਾਇਮਰੀ ਸਕੂਲ ਵਾਰਡ ਨੰਬਰ 3 ਕੋਟਕਪੂਰਾ, ਸਰਕਾਰੀ ਪ੍ਰਾਇਮਰੀ ਸਕੂਲ ਅਮਨ ਨਗਰ ਕੋਟਕਪੂਰਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਥੇਹ ਛੀਬਿਆ ਵਾਲੇ ਕੋਟਕਪੂਰਾ ਦੇ ਵਿਕਾਸ ਕਾਰਜ ਕਰਵਾਏ ਗਏ ਹਨ, ਜਿਨ੍ਹਾਂ ਨੂੰ ਅੱਜ ਲੋਕ ਅਰਪਣ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅੱਜ 2 ਕਰੋੜ 10 ਲੱਖ ਤੋਂ ਵੱਧ ਦੀ ਰਾਸ਼ੀ ਦੇ ਵਿਕਾਸ ਪ੍ਰਾਜੈਕਟ ਲੋਕ ਅਰਪਣ ਕੀਤੇ ਗਏ ਹਨ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

ਇਸ ਮੌਕੇ ਇਲਾਕਾ ਨਿਵਾਸੀਆਂ, ਸਕੂਲਾਂ ਦੇ ਅਧਿਆਪਕਾਂ ਅਤੇ ਸਕੂਲੀ ਵਿਦਿਆਰਥੀਆਂ ਨੇ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦਾ ਸਿੱਖਿਆ ਦੇ ਖੇਤਰ ਵਿੱਚ ਕੀਤੇ ਵੱਡੇ ਸੁਧਾਰਾਂ ਲਈ ਧੰਨਵਾਦ ਕੀਤਾ।

## 2 ਨਜਾਇਜ਼ ਪਿਸਟਲ ਤੇ ਮੈਗਜ਼ੀਨ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਭਰਾਵਾਂ ਨੂੰ 2 ਨਜਾਇਜ਼ ਪਿਸਟਲ, ਮੈਗਜ਼ੀਨ ਸਮੇਤ 2 ਜ਼ਿੰਦਾ ਰੌਂਦ ਸਣੇ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਦੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਦੇ ਸਬੰਧ ਵਿੱਚ ਬੱਸ ਅੱਡਾ ਖਾਈ ਵਾਲਾ ਫਿਰੋਜ਼ਪੁਰ ਸ਼ਹਿਰ ਮੌਜੂਦ ਸੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਾਜਨ ਉਰਫ ਲੱਡਾ ਤੇ ਰਾਜਨ ਪੁੱਤਰਾਨ ਸ਼ਾਮ ਲਾਲ ਵਾਸੀ ਗਲੀ ਨੰਬਰ 1, ਮਕਾਨ ਨੰਬਰ 03 ਬਸਤੀ ਸ਼ੇਖਾਂ ਵਾਲੀ ਫਿਰੋਜ਼ਪੁਰ ਸ਼ਹਿਰ ਦੋਵੇਂ ਭਰਾਵਾਂ ਨੇ ਆਪਣੇ ਪਾਸ ਨਜਾਇਜ਼ ਪਿਸਟਲ ਰੱਖੇ ਹੋਏ ਹਨ। ਅੱਜ ਵੀ ਇਹ ਦੋਵੇਂ ਜਣੇ ਫਿਰੋਜ਼ਪੁਰ ਸ਼ਹਿਰ ਤੋਂ ਕਿਲ੍ਹੇ ਵਾਲਾ ਚੌਕ ਨੂੰ ਜਾਂਦੀ ਸੜਕ ਦੇ ਮੋੜ ਜਿੱਥੋਂ ਝਾੜੀਆਂ ਵਿਚਦੀ ਇਕ ਕੱਚੇ ਰਸਤੇ ਰਾਹੀਂ ਮੋਟਰਸਾਈਕਲ ਹੀਰੋ ਹਾਂਡਾ ਸਪਲੈਂਡਰ ਪਲੱਸ 'ਤੇ ਸਵਾਰ ਹੋ ਕੇ ਕਿਲ੍ਹੇ ਵਾਲਾ ਚੌਕ ਰਾਹੀਂ ਫਿਰੋਜ਼ਪੁਰ ਕੈਂਟ ਨੂੰ ਜਾ ਰਹੇ ਹਨ। ਜੇਕਰ ਰਸਤੇ ਵਿਚ ਢੁਕਵੀਂ ਜਗ੍ਹਾ 'ਤੇ ਨਾਕਾਬੰਦੀ ਕਰਕੇ ਇਨ੍ਹਾਂ ਨੂੰ ਕਾਬੂ ਕਰ ਲਿਆ ਜਾਵੇ ਤਾਂ ਇਨ੍ਹਾਂ ਪਾਸੋਂ ਨਾਜਾਇਜ਼ ਪਿਸਟਲ ਬਰਾਮਦ ਹੋ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਨਾਕਾਬੰਦੀ ਕਰਕੇ ਉਕਤ ਦੋਸ਼ੀਆਨ ਕੋਲੋਂ 2 ਪਿਸਟਲ ਨਾਜਾਇਜ਼, ਮੈਗਜ਼ੀਨ ਸਮੇਤ 2 ਰੌਂਦ ਜ਼ਿੰਦਾ ਸਣੇ ਕਾਬੂ ਕੀਤਾ।

## ਲੋਕ ਨਿਰਮਾਣ ਵਿਭਾਗ 'ਚ ਪਾਰਦਰਸ਼ੀ ਪ੍ਰਸ਼ਾਸਨ ਸਦਕਾ ਲਾਗਤਾਂ 'ਚ ਭਾਰੀ ਕਟੌਤੀ ਹੋਈ : ਈ ਟੀ ਓ

ਚੰਡੀਗੜ੍ਹ (ਗੁਰਜੀਤ ਬਿੱਲਾ) ਕੈਬਨਿਟ ਮੰਤਰੀ ਨੇ ਦੱਸਿਆ ਕਿ ਹਾਲ ਹੀ ਵਿੱਚ ਕੀਤੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਸਪੱਸ਼ਟ ਤੌਰ 'ਤੇ ਪਤਾ ਚਲਦਾ ਹੈ ਕਿ ਠੇਕੇਦਾਰ ਹੁਣ ਵੱਧ ਤੋਂ ਵੱਧ ਰਿਬੇਟ ਦੇ ਨਾਲ ਟੈਂਡਰ ਜਮ੍ਹਾ ਕਰ ਰਹੇ ਹਨ, ਜਿਸ ਦੇ ਨਤੀਜੇ ਵਜੋਂ ਲਾਗਤਾਂ ਵਿੱਚ ਭਾਰੀ ਕਟੌਤੀ ਹੋ ਰਹੀ ਹੈ ਜੋ ਸੂਬੇ ਦੇ ਅਰਥਚਾਰੇ ਲਈ ਕਾਫੀ ਲਾਹੇਬੰਦ ਹੈ।ਸਾਲ 2021-22 ਦੇ ਮੁਕਾਬਲੇ ਵੱਖ-ਵੱਖ ਪ੍ਰੋਜੈਕਟ ਵਰਗ ਵਿੱਚ ਰਿਬੇਟ ਦੀ ਫੀਸਦ ਵਿੱਚ ਸਾਲ-ਦਰ-ਸਾਲ ਹੋਏ ਪ੍ਰਭਾਵਸ਼ਾਲੀ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ, ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪਲਾਨ ਰੋਡ ਦੇ ਕੰਮਾਂ ਸਬੰਧੀ ਛੋਟਾਂ ਵਿੱਚ 3 ਫੀਸਦ ਤੋਂ 19.73 ਫੀਸਦ ਤੱਕ ਵਾਧਾ ਹੋਇਆ ਹੈ, ਨਾਬਾਰਡ ਪ੍ਰੋਜੈਕਟ ਦੇ ਕੰਮਾਂ ਸਬੰਧੀ ਛੋਟਾਂ ਵਿੱਚ 8.56 ਫੀਸਦ ਤੋਂ 24.91 ਫੀਸਦ ਤੱਕ ਵਾਧਾ, ਨੈਸ਼ਨਲ ਹਾਈਵੇ ਦੇ ਕੰਮਾਂ ਸਬੰਧੀ ਛੋਟਾਂ ਵਿੱਚ 19.2 ਫੀਸਦ ਤੋਂ 27.42 ਫੀਸਦ ਵਾਧਾ ਹੋਇਆ ਹੈ ਅਤੇ ਸੀ.ਆਈ.ਆਰ.ਐਫ. ਪ੍ਰੋਜੈਕਟਾਂ ਦੀ ਛੋਟ 2.8 ਫੀਸਦ ਤੋਂ 27.69 ਫੀਸਦ ਹੋ ਗਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਸੁਧਾਰਾਂ ਦੇ ਨਤੀਜੇ ਵਜੋਂ ਟੈਂਡਰ ਅਲਾਟਮੈਂਟ ਸਮੇਂ ਵਿੱਤੀ ਸਾਲ 2024-25 ਦੌਰਾਨ ਕੁੱਲ 234.78 ਕਰੋੜ ਰੁਪਏ ਦੀ ਬਚਤ ਹੋਈ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਰਿਬੇਟ ਵਿੱਚ ਵਾਧਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਦਕਾ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਲੋਕਾਂ ਦਾ ਵਿਸ਼ਵਾਸ ਵਧ ਰਿਹਾ ਹੈ ਅਤੇ ਅਸੀਂ ਪਾਰਦਰਸ਼ਤਾ ਅਤੇ ਪ੍ਰਭਾਵੀ ਸ਼ਾਸਨ ਲਈ ਵਚਨਬੱਧ ਹਾਂ।

## ਡੀ ਸੀ ਤੇ ਮਨਰੇਗਾ ਅਧਿਕਾਰੀਆਂ ਵੱਲੋਂ ਕਾਨੂੰਨ ਨੂੰ ਪਾਰਦਰਸ਼ੀ ਲਾਗੂ ਕਰਵਾਉਣ ਦੇ ਭਰੋਸੇ ਮਗਰੋਂ ਪ੍ਰਦਰਸ਼ਨ ਮੁਲਤਵੀ



**ਫਾਜ਼ਿਲਕਾ (ਪਰਮਜੀਤ ਢਾਬਾਂ)**- ਫਾਜ਼ਿਲਕਾ ਜ਼ਿਲ੍ਹੇ ਵਿੱਚ ਮਗਨਰੇਗਾ ਕਾਨੂੰਨ ਤਹਿਤ ਨਰੇਗਾ ਜੌਬ ਕਾਰਡ ਧਾਰਕਾਂ ਨੂੰ ਕੰਮ ਲੈਣ ਅਤੇ ਕੰਮ ਬਦਲੇ ਉਜਰਤ ਲੈਣ ਲਈ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਨੂੰ ਲੈ ਕੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਕਮਿਊਨਿਸਟ ਪਾਰਟੀ ਦੇ ਆਗੂਆਂ ਵੱਲੋਂ ਸੰਘਰਸ਼ ਵਿੱਢਿਆ ਹੋਇਆ ਸੀ। ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ:) ਏਟਕ ਫਾਜ਼ਿਲਕਾ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਡੀ ਸੀ ਫਾਜ਼ਿਲਕਾ ਖਿਲਾਫ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਮਗਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਅਤੇ ਮਨਰੇਗਾ ਕਾਮਿਆਂ ਦੀਆਂ ਮੰਗਾਂ ਨੂੰ ਮਨਵਾਉਣ ਲਈ ਡੀ ਸੀ ਫਾਜ਼ਿਲਕਾ ਅਤੇ ਕਮਿਊਨਿਸਟ ਆਗੂਆਂ ਦੀ ਮੀਟਿੰਗ ਕਰਵਾਉਣ ਦਾ ਅਹਿਮ ਰੋਲ ਫਾਜ਼ਿਲਕਾ ਦੇ ਐਸ ਐਸ ਪੀ ਵਰਿੰਦਰ ਸਿੰਘ ਬਰਾੜ ਨੇ ਨਿਭਾਇਆ। ਇਸ ਮੀਟਿੰਗ ਵਿੱਚ ਪ੍ਰਸ਼ਾਸਨਿਕ ਅਧਿਕਾਰੀ ਡੀ ਸੀ ਅਮਰਪ੍ਰੀਤ ਕੌਰ, ਏ ਡੀ ਸੀ ਸੁਭਾਸ਼ ਚੰਦਰ, ਬੀ ਡੀ ਪੀ ਓ ਅੰਤਰਪ੍ਰੀਤ ਸਿੰਘ, ਡੀ ਐਸ ਪੀ ਬਰਜਿੰਦਰ ਸਿੰਘ ਸਰਾਂ, ਡੀ ਐਸ ਪੀ ਬਲਕਾਰ ਸਿੰਘ ਸੰਧੂ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਪੰਜਾਬ ਯੂਨੀਅਨ ਦੇ ਮੁੱਖ ਸਲਾਹਕਾਰ ਬਾਈ ਜਗਰੂਪ ਸਿੰਘ, ਕਾਮਰੇਡ ਹੰਸ ਰਾਜ ਗੋਲਡਨ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ, ਕਾਮਰੇਡ ਸੁਰਿੰਦਰ ਢੰਡੀਆਂ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਢਾਬਾਂ, ਸੁਬੇਗ ਝੰਗੜ ਭੈਣੀ ਜ਼ਿਲ੍ਹਾ ਪ੍ਰਧਾਨ ਸਰਬ ਭਾਰਤ ਨੌਜਵਾਨ ਸਭਾ, ਕਾਮਰੇਡ ਗੁਰਦਿਆਲ ਢਾਬਾਂ ਬਲਾਕ ਇੰਚਾਰਜ ਫਾਜ਼ਿਲਕਾ, ਕੁਲਦੀਪ ਬਖੂ ਸ਼ਾਹ ਨਰੇਗਾ ਯੂਨੀਅਨ ਬਲਾਕ ਪ੍ਰਧਾਨ ਫਾਜ਼ਿਲਕਾ, ਬਲਵਿੰਦਰ ਮਹਾਲਮ ਬਲਾਕ ਪ੍ਰਧਾਨ ਜਲਾਲਾਬਾਦ, ਸਰਪੰਚ ਰੋਸ਼ਨ ਸਿੰਘ ਨਵਾਂਸਤਾ, ਸਰਪੰਚ ਪ੍ਰੀਤਮ ਸਿੰਘ ਹਸਤਾ ਕਲਾ, ਸਰਪੰਚ ਅਸ਼ੋਕ ਕੁਮਾਰ ਜੱਟ ਵਾਲੀ, ਸਾਬਕਾ ਸਰਪੰਚ ਸੰਦੀਪ ਸਿੰਘ ਕਰਨੀ ਖੇੜਾ ਅਤੇ ਸਾਬਕਾ ਸਰਪੰਚ ਬੂਟਾ ਸਿੰਘ ਨਵਾਂ ਮੌਜਮ ਦੀ ਮੌਜੂਦਗੀ ਵਿੱਚ ਸ਼ਾਨਦਾਰ ਮੀਟਿੰਗ ਹੋਈ। ਇਸ ਮੌਕੇ ਬਾਈ ਜਗਰੂਪ ਨੇ ਨਰੇਗਾ ਕਾਨੂੰਨ ਬਾਰੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗੱਲਬਾਤ ਤੋਂ ਬਾਅਦ ਮੌਕੇ 'ਤੇ ਹੀ ਅਧਿਕਾਰੀਆਂ ਨੇ ਪੱਤਰ ਜਾਰੀ ਕਰਕੇ ਕਾਨੂੰਨ ਮੁਤਾਬਕ ਨਰੇਗਾ ਮੇਟ, ਮਜ਼ਦੂਰਾਂ ਦੁਆਰਾ ਭਰੀਆਂ ਅਰਜ਼ੀਆਂ ਆਦੀ ਤੇ ਪੱਤਰ ਜਾਰੀ ਕੀਤਾ। ਮੀਟਿੰਗ ਸਮਾਪਤੀ ਤੋਂ ਬਾਅਦ ਪ੍ਰਤਾਪ ਬਾਗ ਫਾਜ਼ਿਲਕਾ ਦੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨਰੇਗਾ ਮਜ਼ਦੂਰਾਂ ਦੇ ਇਕੱਠ ਨੂੰ ਬਾਈ ਜਗਰੂਪ ਕਾਮਰੇਡ ਹੰਸ ਰਾਜ ਗੋਲਡਨ ਕਾਮਰੇਡ ਸੁਰਿੰਦਰ ਢੰਡੀਆਂ ਕਾਮਰੇਡ, ਹਰਭਜਨ ਛੱਪੜੀ ਵਾਲਾ ਆਦਿ ਆਗੂਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੀ ਡੀ ਸੀ ਨਾਲ ਹੋਈ ਮੀਟਿੰਗ ਫੈਸਲਾਕੁੰਨ ਮੀਟਿੰਗ ਹੈ। ਇਸ ਲਈ ਡੀ ਸੀ ਦੇ ਖਿਲਾਫ ਵਜੋਂ ਧਰਨਾ ਪ੍ਰਦਰਸ਼ਨ ਮੁਅੱਤਲ ਕੀਤੇ ਜਾਂਦੇ ਹਨ। ਹੋਰਨਾਂ ਤੋਂ ਇਲਾਵਾ ਭਜਨ ਲਾਲ ਐੱਮ.ਸੀ, ਕ੍ਰਿਸ਼ਨ ਧਰਮੂ ਵਾਲਾ, ਬਲਵੰਤ ਚੌਹਾਣਾ, ਜੰਮੂ ਰਾਮ , ਸੰਦੀਪ ਯੋਧਾ, ਰਾਜਵਿੰਦਰ ਨਿਓਲਾ, ਸ਼ੀਤਾ ਸਿੰਘ, ਸੰਦੀਪ ਤੇਜਾ ਰੂਹੇਲਾ , ਹਰਦੀਪ ਮੰਡੀ ਹਜ਼ੂਰ ਸਿੰਘ, ਸਿਮਰਨ ਲਾਲੋ ਵਾਲੀ, ਕਰਨ, ਗੁਰਬਚਨ ਸੈਦੋ ਕਾ ਹਿਠਾੜ ਨੇ ਵੀ ਸੰਬੋਧਨ ਕੀਤਾ।

## ਪੁਲਸ ਮੁਕਾਬਲੇ 'ਚ ਨਸ਼ਾ ਤਸਕਰ ਜ਼ਖਮੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਦੌਰਾਨ ਰਮਦਾਸ ਪੁਲਸ ਨੂੰ ਅੱਜ ਉਸ ਵੇਲੇ ਵੱਡੀ ਪ੍ਰਾਪਤੀ ਹੋਈ ਜਦੋਂ ਉਨ੍ਹਾਂ ਨੇ ਇਕ ਨਸ਼ਾ ਤਸਕਰ ਦੀ ਜਾਣਕਾਰੀ ਦੇ ਆਧਾਰ ਤੇ ਕੱਸੋਵਾਲ ਧੁੱਸੀ ਤੋਂ 523 ਗ੍ਰਾਮ ਹੈਰੋਇਨ ਅਤੇ ਇੱਕ ਪਿਸਤੌਲ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਡੀ ਐਸ ਪੀ ਗੁਰਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਕੱਲ੍ਹ ਘੋਨੇਵਾਲ ਤੋਂ ਪੁਲਸ ਨੇ ਦੋ ਨੌਜਵਾਨਾਂ ਨੂੰ 30 ਬੋਰ ਦੇ ਗਲੋਕ ਪਿਸਤੌਲ ਸਮੇਤ ਕਾਬੂ ਕੀਤਾ ਸੀ ਅਤੇ ਇਹਨਾਂ ਖਿਲਾਫ ਥਾਣਾ ਰਮਦਾਸ ਵਿੱਚ ਕੇਸ ਦਰਜ ਕਰਕੇ ਅੱਜ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ। ਦੌਰਾਨ ਤਫਤੀਸ਼ ਕਥਿਤ ਦੋਸ਼ੀ ਪਲਵਿੰਦਰ ਸਿੰਘ ਪਾਲਾ ਪੁੱਤਰ ਗੁਰਚਰਨ ਸਿੰਘ ਵਾਸੀ ਜੱਟਾ ਨੇ ਦੱਸਿਆ ਕਿ ਉਹਨਾਂ ਨੇ ਕੱਸੋਵਾਲ ਧੁੱਸੀ ਵਿਖੇ ਹੈਰੋਇਨ ਅਤੇ ਹਥਿਆਰ ਲੁਕੋ ਕੇ ਰੱਖੇ ਹਨ।

ਉਹਨਾਂ ਦੱਸਿਆ ਕਿ ਅੱਜ ਦੋਸ਼ੀ ਕੋਲੋਂ ਇਹ ਬਰਾਮਦਗੀ ਲਈ ਜਦ ਅਸੀਂ ਉਸ ਨੂੰ ਉਕਤ ਸਥਾਨ ਉੱਤੇ ਲੈ ਕੇ ਆਏ ਤਾਂ ਇਸ ਨੇ 523 ਗ੍ਰਾਮ ਹੈਰੋਇਨ ਦੀ ਰਿਕਵਰੀ ਕਰਵਾਈ। ਇਸੇ ਦੌਰਾਨ ਜਦ ਇਹ ਪਿਸਟਲ ਦੀ ਰਿਕਵਰੀ ਕਰਵਾਉਣ ਲੱਗਾ ਤਾਂ ਇਸ ਨੇ ਉਕਤ ਪਿਸਟਲ ਹੱਥ ਵਿੱਚ ਆਉਂਦੇ ਸਾਰ ਹੀ ਪੁਲਸ ਉੱਤੇ ਗੋਲੀ ਚਲਾਈ। ਉਹਨਾਂ ਦੱਸਿਆ ਕਿ ਇਸੇ ਦੌਰਾਨ ਪੁਲਸ ਨੇ ਜਵਾਬੀ ਕਾਰਵਾਈ ਕੀਤੀ ਤਾਂ ਪਲਵਿੰਦਰ ਸਿੰਘ ਪਾਲਾ ਦੀ ਲੱਤ ਵਿੱਚ ਗੋਲੀ ਵੱਜ ਗਈ, ਜਿਸ ਨੂੰ ਤੁਰੰਤ ਰਮਦਾਸ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ।

## ਪੁਲਸ ਵੱਲੋਂ ਸਾਈਬਰ ਧੋਖਾਧੜੀ ਦਾ ਪਰਦਾਫਾਸ਼

### 24 ਲੱਖ ਰੁਪਏ, 14 ਮੋਬਾਈਲ ਫ਼ੋਨ, 43 ਏ ਟੀ ਐਮ ਕਾਰਡਾਂ ਸਮੇਤ 3 ਗ੍ਰਿਫ਼ਤਾਰ



ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਜਲੰਧਰ ਦੀ ਅਗਵਾਈ ਹੇਠ ਇੱਕ ਵੱਡੇ ਪੱਧਰ 'ਤੇ ਸਾਈਬਰ ਧੋਖਾਧੜੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਦੇ ਇੱਕ ਸਮੂਹ ਨੂੰ ਗ੍ਰਿਫ਼ਤਾਰ ਕੀਤਾ ਪੁਲਸ ਨੇ ਮੁਲਜ਼ਮਾਂ ਤੋਂ 24 ਲੱਖ ਰੁਪਏ ਦੀ ਨਗਦੀ, 14 ਮੋਬਾਈਲ ਫ਼ੋਨ, ਇੱਕ ਲੈਪਟਾਪ, 19 ਬੈਂਕ ਪਾਸਬੁੱਕ ਅਤੇ 43 ਏ ਟੀ ਐਮ ਕਾਰਡ ਬਰਾਮਦ ਕੀਤੇ।

ਸੀ ਪੀ ਜਲੰਧਰ ਨੇ ਕਿਹਾ ਕਿ ਪੁਲਸ ਸਟੇਸ਼ਨ ਨਵੀਂ ਬਾਰਾਦਰੀ ਦੀ ਇੱਕ ਟੀਮ ਨੂੰ ਜਲੰਧਰ ਦੇ ਹੋਟਲ ਐਮ-1 ਵਿੱਚ ਇੱਕ ਸਾਈਬਰ ਧੋਖਾਧੜੀ ਗਿਰੋਹ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ।

ਸੂਚਨਾ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਸ ਨੇ ਮੌਕੇ 'ਤੇ ਛਾਪਾ ਮਾਰਿਆ ਅਤੇ ਤਿੰਨ ਸ਼ੱਕੀਆਂ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਵਰੁਣ ਆਂਚਲ ਵਾਸੀ ਐੱਚ. ਨੰ. 466, ਸ਼ਹੀਦ ਬਾਬੂ ਲਾਭ ਸਿੰਘ ਨਗਰ ਜਲੰਧਰ, ਅਨਿਲ ਵਾਸੀ ਐੱਚ.ਨੰਬਰ 458, ਮਧੂਬਨ ਕਲੋਨੀ, ਜਲੰਧਰ ਅਤੇ ਦੁਧਾਗਰਾ ਰਿੰਪਲ ਵਾਸੀ ਮੋਰਬੀ ਰੋਡ, ਰਾਜਕੋਟ, ਗੁਜਰਾਤ ਵਜੋਂ ਹੋਈ ਹੈ।ਉਨ੍ਹਾਂ ਨੇ ਕਿਹਾ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਪੁਲਸ ਨੇ ਹੋਰ ਪੁੱਛਗਿੱਛ ਲਈ ਤਿੰਨ ਦਿਨਾਂ ਦਾ ਰਿਮਾਂਡ ਪ੍ਰਾਪਤ ਕੀਤਾ ਹੈ।

## ਬੀ ਐੱਸ ਐੱਨ ਐੱਲ ਵੱਲੋਂ ਬਲਾਚੌਰ ਵਿਖੇ ਲਗਾਇਆ ਵਿਸ਼ਾਲ ਮੇਲਾ




ਬਲਾਚੌਰ (ਜਸਵਿੰਦਰ ਬੈਂਸ) ਬੀ ਐਸ ਐਨ ਐਲ ਅਧਿਕਾਰੀਆਂ ਅਤੇ ਚੈਨਲ ਪਾਰਟਨਰ ਵੱਲੋਂ ਸਾਂਝੇ ਤੌਰ 'ਤੇ ਇੱਕ ਵਿਸ਼ਾਲ ਮੇਲਾ ਬਲਾਚੌਰ ਵਿਖੇ ਭੱਦੀ ਰੋਡ ਤੇ ਬਾਬਾ ਬਲਰਾਜ ਕਾਲਜ ਨੇੜੇ ਲਗਾਇਆ ਗਿਆ।ਜਿਸ ਦੀ ਅਗਵਾਈ ਮੈਡਮ ਮੀਨਾਕਸ਼ੀ ਅਰੋੜਾ ਅਤੇ ਅਮਰਜੀਤ ਕੁਮਾਰ ਨੇ ਕੀਤੀ।ਇਸ ਮੌਕੇ ਉਪਭੋਗਤਾ ਸਰਵਿਸ ਮਹੀਨਾ ਦੇ ਤਹਿਤ ਬੀ ਐਸ ਐਨ ਐਲ ਉਪਭੋਗਤਾਵਾਂ ਨੂੰ ਬੀ ਐਸ ਐਨ ਐਲ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਬੀ ਐਸ ਐਨ ਐਲ ਵਿੱਚ ਚੱਲ ਰਹੀਆਂ ਨਵੀਆਂ ਸਕੀਮਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਬੀ ਐਸ ਐਨ ਐਲ ਵਿੱਚ ਚੱਲ ਰਹੀਆਂ ਨਵੀਆਂ ਸਕੀਮਾਂ ਜਿਸ ਤਹਿਤ ਬਲਾਚੌਰ ਦੇ ਹਰ ਇੱਕ ਪਿੰਡ ਵਿੱਚ ਹਾਈ ਸਪੀਡ ਇੰਟਰਨੈਟ ਦੀ ਸੁਵਿਧਾ ਤੋਂ ਵੀ ਉਪਭੋਗਤਾਵਾਂ ਨੂੰ ਜਾਣੂ ਕਰਵਾਇਆ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਨਵੇਂ ਉਪਭੋਗਤਾ ਬੀ ਐਸ ਐਨ ਐਲ ਦੀ ਨਵੀਂ ਸਕੀਮਾਂ ਤੋਂ ਖੁਸ਼ ਹੋ ਕੇ ਬੀ ਐਸ ਐਨ ਐਲ ਵਿੱਚ ਜੁੜੇ ਅਤੇ ਇਸ ਦੇ ਨਾਲ ਹੀ ਪੁਰਾਣੇ ਉਪਭੋਗਤਾਵਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਇਸ ਮੌਕੇ ਮਨਦੀਪ ਕੁਮਾਰ, ਨਛੱਤਰ ਸਿੰਘ, ਪੰਕਜ ਕੁਮਾਰ, ਸੰਦੀਪ ਸਿੰਘ, ਹਰਜੀਤ ਸਿੰਘ, ਸੰਦੀਪ ਜੋਸ਼ੀ, ਸੁਖਜਿੰਦਰ ਕੁਮਾਰ ਬੱਗਾ ਆਦਿ ਹਾਜ਼ਰ ਸਨ।

## ਆਰ ਜੀ ਆਰ ਸੈੱਲ ਟੀਮ ਨੂੰ ਕਿਸਾਨ ਮੇਲੇ ਮੌਕੇ ਕੀਤਾ ਸਨਮਾਨਤ




ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਭੱਠਲ ਫਾਰਮ ਨੌਸ਼ਹਿਰਾ ਪੰਨੂਆਂ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਜੁਆਇੰਟ ਡਾਇਰੈਕਟਰ ਖੇਤੀਬਾੜੀ ਮੈਡਮ ਹਰਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਸਮੇਂ ਆਰ ਜੀ ਆਰ ਸੈੱਲ ਅਤੇ ਟੀ ਐਨ ਸੀ ਵੱਲੋਂ ਚਲਾਏ ਜਾ ਰਹੇ ਪ੍ਰਾਨਾ ਪ੍ਰੋਜੈਕਟ ਦੇ ਤਹਿਤ ਕਿਸਾਨਾਂ ਨੂੰ ਖੇਤੀਬਾੜੀ ਸਬੰਧੀ ਵਿਸਥਾਰ ਨਾਲ ਜਾਣਕਾਰੀ ਦੇਣ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫ਼ਾਰਸ਼ਾਂ ਅਨੁਸਾਰ ਖਾਦਾਂ, ਕੀੜੇਮਾਰ ਦਵਾਈਆਂ ਦੀ ਵਰਤੋਂ ਲੋੜ ਅਨੁਸਾਰ ਕਰਨ ਸਬੰਧੀ ਅਤੇ ਜੋ ਵੱਖ ਵੱਖ ਕਿਸਾਨਾਂ ਦੇ ਖੇਤਾਂ ਵਿੱਚ ਏ ਡਬਲਯੂ ਡੀ (ਪਾਣੀ ਮਾਪਣ ਵਾਲਾ ਥਰਮਾਮੀਟਰ) ਲਗਾ ਕੇ ਪਾਣੀ ਦੀ ਬੱਚਤ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਆਦਿ ਕੀਤੇ ਗਏ ਇਹਨਾਂ ਕੰਮਾਂ ਦੀ ਬਦੌਲਤ; ਜੁਆਇੰਟ ਡਾਇਰੈਕਟਰ ਖੇਤੀਬਾੜੀ ਹਰਪ੍ਰੀਤ ਕੌਰ, ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂੰ ਵੱਲੋਂ ਆਰ ਜੀ ਆਰ ਸੈੱਲ ਟੀਮ ਤਰਨ ਤਾਰਨ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਏਰੀਆ ਮੈਨੇਜਰ ਬਲਜਿੰਦਰ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਜੋਧਬੀਰ ਸਿੰਘ, ਟੀ ਐੱਨ ਸੀ ਅਧਿਕਾਰੀ ਸਿਮਰਨਜੀਤ ਸਿੰਘ, ਸਾਰੇ ਫ਼ੀਲਡ ਅਸਿਸਟੈਂਟ ਅਤੇ ਸਾਰੇ ਖੇਤੀ ਦੂਤ ਹਾਜ਼ਰ ਸਨ।

## ਜਲਾਲਪੁਰ ਵੱਲੋਂ ਭੇਜੀ ਗਈ 12ਵੀਂ ਪੀ ਜੀ ਆਈ ਲੰਗਰ ਸੇਵਾ



ਬਲਾਚੌਰ (ਜਸਵਿੰਦਰ ਬੈਂਸ) ਆਚਾਰੀਆ ਚੇਤਨਾਨੰਦ ਮਹਾਰਾਜ ਭੂਰੀਵਾਲਿਆਂ ਦੀ ਰਹਿਨੁਮਾਈ ਹੇਠਾਂ ਹਰ ਰੋਜ ਪੀ ਜੀ ਆਈ ਚੰਡੀਗੜ੍ਹ ਵਿਖੇ ਮਰੀਜ਼ਾਂ ਦੇ ਨਾਲ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਲਈ ਲੰਗਰ ਦੀ ਸੇਵਾ ਚਲਾਈ ਜਾ ਰਹੀ ਹੈ। ਇਹ ਸੇਵਾ ਪਿਛਲੇ 10-11 ਸਾਲ ਤੋਂ ਨਿਰਵਿਘਨ ਚਲ ਰਹੀ ਹੈ। ਇਸ ਵਿੱਚ ਵੱਖ-ਵੱਖ ਪਿੰਡਾਂ ਨੇ ਇਹ ਸੇਵਾ ਲਈ ਹੋਈ ਹੈ।ਚੌਧਰੀ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਸ਼ਨੀਵਾਰ ਨੂੰ ਪਿੰਡ ਜਲਾਲਪੁਰ ਦੀ ਵਾਰੀ ਸੀ ਅਤੇ ਲੋੜਵੰਦਾਂ ਲਈ ਲੰਗਰ ਤਿਆਰ ਕਰਕੇ ਭੇਜਿਆ ਗਿਆ।ਪਿੰਡਾਂ ਤੋਂ ਸੇਵਾਦਾਰ ਆਪ ਜਾ ਕੇ ਲੰਗਰ ਵਰਤਾਉਂਦੇ ਹਨ ਜਿਸ ਵਿੱਚ ਚੰਡੀਗੜ੍ਹ ਤੋਂ ਵੀ ਸੇਵਾਦਾਰ ਲੰਗਰ ਵਰਤਾਉਣ ਵਿਚ ਮਦਦ ਕਰਦੇ ਹਨ।ਇਹ ਪਿੰਡ ਜਲਾਲਪੁਰ ਦਾ ਬਾਰਵਾ ਲੰਗਰ ਹੈ। ਆਚਾਰੀਆ ਚੇਤਨਾਨੰਦ ਮਹਾਰਾਜ ਜੀ ਦੇ ਇਹ ਮਨੁੱਖਤਾ ਲਈ ਸਭ ਤੋਂ ਉੱਤਮ ਕਦਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਇਸ ਮੌਕੇ ਸਤਨਾਮ ਜਲਾਲਪੁਰ, ਬਿਮਲਾ ਚੇਚੀ ਸਰਪੰਚ, ਰਾਮ ਲਾਲ ਬਜਾੜ , ਸੁਰਿੰਦਰ ਭਾਟੀਆ, ਉਪਿੰਦਰ ਚੇਚੀ, ਰਕੇਸ਼ ਚੇਚੀ, ਜਗਨ ਨਾਥ, ਸੋਹਨ ਲਾਲ, ਮਨੋਹਰ ਲਾਲ, ਅਸ਼ੋਕ ਕੁਮਾਰ, ਰਤਨ ਭਾਟੀਆ, ਕਮਲਾ, ਸੇਠੀ ਬਜਾੜ, ਵਿਜੇ ਭਾਟੀਆ, ਰਾਮ ਪਾਲ ਬਜਾੜ ਤੋਂ ਇਲਾਵਾ ਬਹੁਤ ਸਾਰੇ ਸੇਵਾਦਾਰ ਭਾਈਆਂ ਅਤੇ ਬੀਬੀਆਂ ਨੇ ਸੇਵਾ ਕਰਕੇ ਬੜੀ ਭਾਵਨਾ ਨਾਲ ਲੰਗਰ ਤਿਆਰ ਕੀਤਾ। ਲੰਗਰ ਰਵਾਨਾ ਕਰਨ ਸਮੇਂ ਮੰਗਲਾਚਰਨ ਦਾ ਉਚਾਰਨ ਕੀਤਾ ਗਿਆ ਅਤੇ ਸੇਵਾਦਾਰਾਂ ਦੇ ਨਾਲ ਗੱਡੀ ਨੂੰ ਰਵਾਨਾ ਕੀਤਾ ਗਿਆ।

## ਸਾਧਪੁਰ ਦੀ ਸੰਗਤ ਵੱਲੋਂ ਵਿਸਾਖੀ ਮੌਕੇ ਲਗਾਇਆ ਲੰਗਰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿੰਡ ਸਾਧਪੁਰ ਦੀ ਸਮੂਹ ਸੰਗਤ ਵੱਲੋਂ ਵਿਸਾਖੀ ਦਾ ਦਿਹਾੜਾ ਮਨਾਉਂਦਿਆਂ ਅੰਮ੍ਰਿਤਸਰ ਮਹਿਤਾ ਰੋਡ ਦੇ ਅੱਡਾ ਸਾਧਪੁਰ ਵਿਖੇ ਗੁਰੂ ਕੇ ਲੰਗਰ ਲਗਾਏ ਗਏ। ਸਵੇਰੇ 8 ਵਜੇ ਤੋਂ ਸ਼ੁਰੂ ਕੀਤੇ ਗਏ ਲੰਗਰ ਵਿੱਚ ਸਭ ਤੋਂ ਪਹਿਲਾਂ ਚਾਹ ਪਕੌੜੇ ਸੰਗਤਾਂ ਨੂੰ ਛਕਾਏ ਗਏ ਅਤੇ ਬਾਅਦ ਵਿੱਚ ਸਾਰਾ ਹੀ ਦਿਨ ਗੁਰੂ ਕਾ ਲੰਗਰ ਸੰਗਤਾਂ ਨੂੰ ਛਕਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਸਰਬਜੀਤ ਸਿੰਘ ਬਾਠ, ਡਾਕਟਰ ਪਰਮਜੀਤ ਸਿੰਘ, ਸੁਖਚੈਨ ਸਿੰਘ ਹੈਲਥ ਵਰਕਰ, ਠੇਕੇਦਾਰ ਤਰਸੇਮ ਸਿੰਘ ਮੈਂਬਰ ਪੰਚਾਇਤ, ਪ੍ਰਦੁਮਣ ਸਿੰਘ, ਜਰਮਨਜੀਤ ਸਿੰਘ, ਗੁਰਪ੍ਰੀਤ ਸਿੰਘ ਆਧੀ, ਬਾਬਾ ਦਲੇਰ ਸਿੰਘ, ਬਲਵਿੰਦਰ ਸਿੰਘ ਫੌਜੀ, ਸੁਬੇਗ ਸਿੰਘ, ਸੁਖਦੇਵ ਸਿੰਘ, ਰਾਜਵਿੰਦਰ ਸਿੰਘ ਸੋਨੀ, ਰਵਿੰਦਰ ਸਿੰਘ ਮਿੰਟੂ, ਹਰਭਗਵੰਤ ਸਿੰਘ, ਬਲਜੀਤ ਸਿੰਘ ਬੱਲਾ, ਸੁਖਬੀਰ ਸਿੰਘ ਸੁੱਖ, ਬਲਕਾਰ ਸਿੰਘ ਮੱਲ੍ਹੀ ਅਤੇ ਵੱਡੀ ਗਿਣਤੀ ਵਿੱਚ ਹੋਰ ਆਗੂ ਹਾਜ਼ਰ ਸਨ।

## ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਸਕੂਲਾਂ 'ਚ ਉਦਘਾਟਨ ਸਿਰਫ ਦਿਖਾਵਾ : ਬੋਨੀ ਅਮਰਪਾਲ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਅਤੇ ਚੇਅਰਮੈਨਾਂ ਵੱਲੋਂ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਜੋ ਸਕੂਲਾਂ ਵਿੱਚ ਉਦਘਾਟਨ ਕੀਤੇ ਜਾ ਰਹੇ ਹਨ, ਉਹ ਆਮ ਆਦਮੀ ਪਾਰਟੀ ਦਾ ਸਿਰਫ ਇੱਕ ਦਿਖਾਵਾ ਹੈ, ਕਿਉਂਕਿ ਸਕੂਲਾਂ ਦੀ ਡਿਵੈਲਪਮੈਂਟ ਲਈ ਇਹ ਸਾਰਾ ਪੈਸਾ ਕੇਂਦਰ ਸਰਕਾਰ ਵੱਲੋਂ ਹਰ ਸਾਲ ਭੇਜਿਆ ਜਾ ਰਿਹਾ ਹੈ, ਜਿਸ ਪੈਸੇ ਨਾਲ ਸਕੂਲਾਂ ਦੀ ਨੁਹਾਰ ਬਦਲਣ ਦੀ ਬਜਾਏ ਪਖਾਨਿਆਂ ਅਤੇ ਪੁਰਾਣੀਆਂ ਬਿਲਡਿੰਗਾਂ ਦੀ ਮੁਰੰਮਤ ਦੇ ਉਦਘਾਟਨ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਬੀ ਸੀ ਮੋਰਚਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਅਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਕਾਰਜਕਾਰੀ ਮੈਂਬਰ ਹਰਦਿਆਲ ਸਿੰਘ ਔਲਖ ਨੇ ਕੀਤਾ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਬਾਕੀ ਸੂਬਿਆਂ ਵਾਂਗ ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲਣ ਲਈ ਸਮਗਰ ਸਿੱਖਿਆ ਅਭਿਆਨ ਤਹਿਤ 2022-23 ਵਿੱਚ 1127,37 ਕਰੋੜ, 2023-24 ਵਿੱਚ 1298,30 ਕਰੋੜ ਅਤੇ 2024-25 ਵਿੱਚ 1240 ਕਰੋੜ ਰੁਪਏ ਦਿੱਤੇ ਗਏ ਹਨ ਤਾਂ ਜੋ ਸਕੂਲਾਂ ਦੀ ਅਪਗ੍ਰੇਡੇਸ਼ਨ ਕੀਤੀ ਜਾ ਸਕੇ, ਨਵੇਂ ਸਕੂਲ ਬਣਾਏ ਜਾ ਸਕਣ, ਸਮਾਰਟ ਕਲਾਸ ਰੂਮ ਬਣਾਏ ਜਾ ਸਕਣ ਅਤੇ ਸੋਲਰ ਪੈਨਲ ਲਗਾ ਕੇ ਵਿਦਿਆਰਥੀਆਂ ਨੂੰ ਉਚੇਰੀ ਤੇ ਸਰਲ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵਕਤ ਕੇਂਦਰ ਦੀ ਮੋਦੀ ਸਰਕਾਰ 'ਤੇ ਪੰਜਾਬ ਨਾਲ ਵਿਤਕਰੇ ਦੀ ਗੱਲ ਕਰਕੇ ਆਪਣੀਆਂ ਨਾਕਾਮੀਆਂ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਦੋਂ ਕਿ ਮੋਦੀ ਸਰਕਾਰ ਨੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਪਹਿਲ ਕਦਮੀ ਕਰਦਿਆਂ ਪੰਜਾਬ ਵਿੱਚ ਕਈ ਵੱਡੇ ਪ੍ਰੋਜੈਕਟ ਅਤੇ ਆਮ ਲੋਕਾਂ ਲਈ ਲੁੜੀਂਦੀਆਂ ਸਹੂਲਤਾਂ ਪਹਿਲ ਦੇ ਅਧਾਰ 'ਤੇ ਮੁਹਈਆ ਕਰਵਾਈਆਂ ਹਨ।

## ਈਸਾਈ ਭਾਈਚਾਰੇ ਨੇ ਪਾਮ ਸੰਡੇ 'ਤੇ ਸ਼ਾਂਤੀ ਮਾਰਚ ਕੱਢਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਦੁਨੀਆ ਭਰ ਵਿੱਚ ਭਿਆਨਕ ਕੁਦਰਤੀ ਆਫ਼ਤਾਂ, ਟਕਰਾਵਾਂ ਅਤੇ ਹਿੰਸਾ ਦੇ ਮੁੜ ਵਾਪਰਨ ਦੇ ਮੱਦੇਨਜ਼ਰ ਸ਼ਾਂਤੀ ਸਮੇਂ ਦੀ ਲੋੜ ਹੈ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਮ੍ਰਿਤਸਰ ਦੇ ਈਸਾਈ ਭਾਈਚਾਰੇ ਨੇ ਡਾਇਓਸਿਸ ਆਫ ਅੰਮ੍ਰਿਤਸਰ (ਡੀ ਓ ਏ), ਚਰਚ ਆਫ਼ ਨੌਰਥ ਇੰਡੀਆ (ਸੀ ਐਨ ਆਈ) ਦੀ ਅਗਵਾਈ ਹੇਠ ਪਾਮ ਸੰਡੇ ਸ਼ਾਂਤੀ ਮਾਰਚ 'ਚ ਵੱਧ ਚੜ੍ਹ ਕੇ ਹਿੱਸਾ ਲਿਆ।ਪਾਮ ਸੰਡੇ ਨੂੰ ਹਰ ਸਾਲ ਡਾਇਓਸਿਸ ਦੁਆਰਾ ਸ਼ਾਂਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ।ਇਸ ਮਾਰਚ ਦਾ ਉਦੇਸ਼ ਸ਼ਾਂਤੀ ਅਤੇ ਉਮੀਦ ਦਾ ਸੰਦੇਸ਼ ਫੈਲਾਉਣਾ ਸੀ ਅਤੇ ਵੱਖ-ਵੱਖ ਪਿਛੋਕੜਾਂ ਦੇ ਲੋਕਾਂ ਨੂੰ ਮੁਸੀਬਤ ਦੇ ਸਮੇਂ ਸਦਭਾਵਨਾ ਅਤੇ ਸਮਝ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਾਂਝੀ ਵਚਨਬੱਧਤਾ ਨਾਲ ਇਕੱਠੇ ਕਰਨਾ ਸੀ।ਅੰਮ੍ਰਿਤਸਰ ਦੇ ਈਸਾਈ ਖਜੂਰ ਦੀਆਂ ਟਾਹਣੀਆਂ ਅਤੇ ਖਜੂਰ ਦੇ ਪੱਤਿਆਂ ਤੋਂ ਬਣੀਆਂ ਸਲੀਬਾਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਸ਼ਹਿਰ ਦੀਆਂ ਗਲੀਆਂ ਵਿੱਚ ਨਾਅਰੇ ਲਗਾਉਂਦੇ ਹੋਏ ਗੁਜ਼ਰੇ।ਇਸ ਪਾਮ ਸੰਡੇ ਸ਼ਾਂਤੀ ਮਾਰਚ ਤੋਂ ਪਹਿਲਾਂ, ਅੰਮ੍ਰਿਤਸਰ, ਅਜਨਾਲਾ, ਬਟਾਲਾ, ਖੇਮਕਰਨ, ਤਰਨ ਤਾਰਨ, ਅਟਾਰੀ ਅਤੇ ਭਿੰਡੀ ਸੈਦਾਂ ਸਮੇਤ ਵੱਖ-ਵੱਖ ਥਾਵਾਂ 'ਤੇ ਸਥਿਤ ਡਾਇਓਸਿਸ ਆਫ਼ ਅੰਮ੍ਰਿਤਸਰ, ਸੀ ਐਨ ਆਈ ਦੇ ਗਿਰਜਾਘਰਾਂ ਵਿੱਚ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਦਾ ਆਯੋਜਨ ਕੀਤਾ ਗਿਆ।ਇਹਨਾਂ ਪ੍ਰਾਰਥਨਾ ਸਭਾਵਾਂ ਤੋਂ ਬਾਅਦ, ਸਥਾਨਕ ਕੋਆਰਡੀਨੇਟਰਾਂ ਦੀ ਅਗਵਾਈ ਵਿੱਚ ਇਨ੍ਹਾਂ ਚਰਚਾਂ ਦੇ ਮੈਂਬਰਾਂ ਨੇ ਛੋਟੇ ਜਲੂਸਾਂ ਵਿੱਚ ਹਿੱਸਾ ਲਿਆ, ਜੋ ਅੰਤ ਵਿੱਚ ਕੋਰਟ ਰੋਡ 'ਤੇ ਸੇਂਟ ਪੌਲ ਚਰਚ ਤੋਂ ਸ਼ੁਰੂ ਹੋਣ ਵਾਲੇ ਮੁੱਖ ਜਲੂਸ ਵਿੱਚ ਰਲ ਗਏ। ਰਾਈਟ ਰੇਵਰੇਂਡ ਮਨੋਜ ਚਰਨ, ਬਿਸ਼ਪ, ਡੀਓਏ, ਸੀ ਐਨ ਆਈ ਨੇ ਸਮਝਾਇਆ ਕਿ ਪਾਮ ਸੰਡੇ ਗੁੱਡ ਫਰਾਈਡੇ 'ਤੇ ਸਲੀਬ 'ਤੇ ਚੜ੍ਹਾਏ ਜਾਣ ਤੋਂ ਪਹਿਲਾਂ ਯਰੂਸ਼ਲਮ ਵਿੱਚ ਯਿਸੂ ਮਸੀਹ ਦੇ ਜੇਤੂ ਪ੍ਰਵੇਸ਼ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਟਕਰਾਵਾਂ ਅਤੇ ਅਨਿਸ਼ਚਿਤਤਾਵਾਂ ਨਾਲ ਭਰੇ ਇਸ ਸੰਸਾਰ ਵਿੱਚ ਸਾਨੂੰ ਸ਼ਾਂਤੀ ਸਥਾਪਤ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ, ਜਿਵੇਂ ਕਿ ਯਿਸੂ ਮਸੀਹ ਨੇ ਸਾਨੂੰ ਸਿਖਾਇਆ ਹੈ। ਡੈਨੀਅਲ ਬੀ ਦਾਸ, ਸਕੱਤਰ, ਏ ਡੀ ਟੀ ਏ, ਡਾਇਓਸਿਸ ਆਫ਼ ਅੰਮ੍ਰਿਤਸਰ (ਡੀ ਓ ਏ), ਚਰਚ ਆਫ਼ ਨੌਰਥ ਇੰਡੀਆ (ਸੀ ਐਨ ਆਈ) ਅਤੇ ਕਨਵੀਨਰ ਪਾਮ ਸੰਡੇ ਸ਼ਾਂਤੀ ਮਾਰਚ ਪ੍ਰਬੰਧਕ ਕਮੇਟੀ ਨੇ ਡਾਇਓਸਿਸ ਦੁਆਰਾ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ।

## ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਤ ਖਾਲਸਾ ਕਾਲਜ ਮਹਿਤਾ 'ਚ ਸੈਮੀਨਾਰ ਕਰਵਾਇਆ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਕਾਲਜ ਅਤੇ ਕਾਲਜੀਏਟ ਸਕੂਲ ਮਹਿਤਾ ਵਿਖੇ ਖਾਲਸੇ ਦੇ ਜਨਮ ਦਿਹਾੜੇ ਅਤੇ ਵਿਸਾਖੀ ਨੂੰ ਸਮਰਪਤ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਵਿਦਿਆਰਥੀਆਂ ਨੇ ਇਸ ਪਾਵਨ ਤਿਉਹਾਰ ਦਾ ਇਤਿਹਾਸਕ ਪਿਛੋਕੜ ਤੇ ਪਵਿੱਤਰ ਅਸਥਾਨ ਆਨੰਦਪੁਰ ਸਾਹਿਬ ਦੇ ਨਾਲ ਨਾਲ ਕਲਗੀਧਰ ਪਾਤਸ਼ਾਹ ਦੇ ਜੀਵਨ ਨੂੰ ਪੋਸਟਰ, ਕਵਿਤਾਵਾਂ, ਸ਼ਬਦ, ਭਾਸ਼ਣ ਅਤੇ ਕਵੀਸ਼ਰੀ ਆਦਿ ਦੁਆਰਾ ਪੇਸ਼ ਕੀਤਾ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨਾਲ ਸਿੱਖ ਇਤਿਹਾਸ ਦੀ ਜਾਣਕਾਰੀ ਸਾਂਝੇ ਕਰਦਿਆਂ ਦੱਸਿਆ ਕਿ 13 ਅਪ੍ਰੈਲ 1699 ਈਸਵੀ ਨੂੰ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਭਰੀ ਸਭਾ ਚੋਂ ਪੰਜ ਸਿੱਖਾਂ ਨੇ ਗੁਰੂ ਜੀ ਨੂੰ ਆਪਣਾ ਆਪ ਸੌਂਪ ਦਿੱਤਾ। ਜਿਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ ਅਤੇ ਬਾਅਦ ਵਿੱਚ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਿਆ। ਖਾਲਸੇ ਦੀ ਸਥਾਪਨਾ ਕਰ ਕੇ ਗੁਰੂ ਸਾਹਿਬ ਨੇ ਇਕ ਨਵਾਂ ਪੰਥ ਸਿਰਜਿਆ ਅਤੇ ਜਾਤ-ਪਾਤ, ਰੰਗ-ਭੇਦ ਆਦਿ ਦੇ ਵਿਤਕਰੇ ਨੂੰ ਖਤਮ ਕਰ ਦਿੱਤਾ। ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ ਮਰਦਾਂ ਦੇ ਨਾਂਅ ਪਿੱਛੇ 'ਸਿੰਘ' ਅਤੇ ਔਰਤਾਂ ਦੇ ਨਾਂਅ ਪਿੱਛੇ 'ਕੌਰ' ਲਗਾਉਣ ਦਾ ਹੁਕਮ ਦਿੱਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹਰ ਸਿੱਖ ਦੀ ਪੁਸ਼ਾਕ ਦਾ ਜ਼ਰੂਰੀ ਹਿੱਸਾ ਬਣ ਗਿਆ। ਇਸ ਸੁਨਿਹਰੀ ਮੌਕੇ ਤੇ ਹਰਸ਼ਦੀਪ ਸਿੰਘ ਰੰਧਾਵਾ, ਕੁਲਦੀਪ ਕੌਰ, ਸੁਖਦੇਵ ਸਿੰਘ ਕਾਬਲ ਸਿੰਘ ਪੁਰਬਾ ਅਤੇ ਸਮੂਹ ਅਧਿਆਪਕ ਸਾਹਿਬਾਨ ਨੇ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ।

## ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ ਮਨਾਇਆ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਅੱਜ ਗੁਰਦੁਆਰਾ ਸਿੰਘ ਸਭਾ ਕਾਹਨੂੰਵਾਨ ਰੋਡ, ਸ਼ਾਸਤਰੀ ਨਗਰ ਬਟਾਲਾ ਵਿਖੇ ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਅਖੰਡ ਪਾਠ ਦੇ ਭੋਗ ਪਾਏ ਗਏ। ਗੁਰਦੁਆਰਾ ਕਮੇਟੀ ਜਿਹਨਾਂ ਵਿੱਚ ਸਕੱਤਰ ਜਨਰਲ ਬਾਵਾ ਸਿੰਘ ਅਤੇ ਪ੍ਰੀਤਮ ਸਿੰਘ, ਸ਼ਵਿੰਦਰਪਾਲ ਸਿੰਘ ਜੇ.ਈ. ਕੈਸ਼ੀਅਰ, ਕੁਲਦੀਪ ਸਿੰਘ ਥਾਣੇਦਾਰ ਅਤੇ ਹੋਰ ਨੇ ਆਈਆਂ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਅਤੇ ਉੱਘੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਉ ਪਾ ਕੇ ਸਨਮਾਨਤ ਕੀਤਾ ਗਿਆ।

## ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੀ ਅੰਸ਼ਿਕਾ ਠਾਕੁਰ ਇਸਰੋ ਦੇ ਪ੍ਰਤਿਸ਼ਠਿਤ ਯੁਵਿਕਾ ਪ੍ਰੋਗਰਾਮ ਲਈ ਚੁਣੀ



**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੀ ਹੋਣਹਾਰ ਵਿਦਿਆਰਥਣ ਅੰਸ਼ਿਕਾ ਠਾਕੁਰ ਨੂੰ ਭਾਰਤੀ ਅੰਤਰਿਕਸ਼ ਖੋਜ ਸੰਗਠਨ ਇਸਰੋ ਦੇ ਯੁਵਾ ਵਿਗਿਆਨਕ ਪ੍ਰੋਗਰਾਮ -ਯੁਵਿਕਾ 2025 ਲਈ ਚੁਣਿਆ ਗਿਆ ਹੈ। ਯੁਵਿਕਾ (ਯੁਵਾ ਵਿਗਿਆਨੀ ਕਾਰਿਆਕ੍ਰਮ) ਇਸਰੋ ਵੱਲੋਂ ਚਲਾਇਆ ਜਾਂਦਾ ਇਹ ਦੋ-ਹਫ਼ਤੇ ਦਾ ਰਿਹਾਇਸ਼ੀ ਪ੍ਰੋਗਰਾਮ ਹੈ, ਜੋ ਭਾਰਤ ਸਰਕਾਰ ਵੱਲੋਂ ਪੂਰੀ ਤਰ੍ਹਾਂ ਫੰਡ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਹਾਈ ਸਕੂਲ ਦੇ ਵਿਦਿਆਰਥੀਆਂ ਵਿੱਚ ਵਿਗਿਆਨ, ਟੈਕਨੋਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਸਟਿਮ) ਖੇਤਰਾਂ ਵਿੱਚ ਦਿਲਚਸਪੀ ਪੈਦਾ ਕਰਨਾ ਹੈ।

ਅੰਸ਼ਿਕਾ ਦੀ ਚੋਣ ਪੂਰੇ ਪਠਾਨਕੋਟ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ, ਕਿਉਂਕਿ ਉਹ ਜ਼ਿਲ੍ਹੇ ਵਿੱਚੋਂ ਚੁਣੀ ਗਈ ਇਕਲੌਤੀ ਵਿਦਿਆਰਥਣ ਅਤੇ ਪੰਜਾਬ ਤੋਂ ਚੁਣੇ ਗਏ ਸਿਰਫ਼ 9 ਵਿਦਿਆਰਥੀਆਂ ਵਿੱਚੋਂ ਇੱਕ ਹੈ। ਇਸ ਤੋਂ ਇਲਾਵਾ ਉਹ ਦੇਸ਼ ਭਰ ਵਿੱਚੋਂ ਚੁਣੇ ਗਏ ਕੁੱਲ 350 ਵਿਦਿਆਰਥੀਆਂ ਵਿੱਚ ਸ਼ਾਮਲ ਹੈ। ਇਹ ਪ੍ਰੋਗਰਾਮ ਟੀਚਾ ਨੌਜਵਾਨਾਂ ਨੂੰ ਵਿਗਿਆਨਕ ਖੋਜ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਇਸਰੋ ਦੇ ਵਿਭਿੰਨ ਕੇਂਦਰਾਂ ਦਾ ਦੌਰਾ ਕਰਵਾਇਆ ਜਾਂਦਾ ਹੈ ਅਤੇ ਅੰਤਰਿਕਸ਼ ਤਕਨਾਲੋਜੀ ਬਾਰੇ ਪ੍ਰੈਕਟੀਕਲ ਜਾਣਕਾਰੀ ਦਿੱਤੀ ਜਾਂਦੀ ਹੈ। ਪ੍ਰਤਾਪ ਵਰਲਡ ਸਕੂਲ ਪਰਵਾਰ ਅੰਸ਼ਿਕਾ, ਉਸਦੇ ਅਧਿਆਪਕਾਂ ਅਤੇ ਪਰਵਾਰ ਨੂੰ ਇਸ ਪ੍ਰਾਪਤੀ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪ੍ਰਤਾਪ ਵਰਲਡ ਸਕੂਲ ਦੇ ਨਿਰਦੇਸ਼ਕ ਸੰਨੀ ਮਹਾਜਨ ਨੇ ਕੀਤਾ। ਉਨ੍ਹਾਂ ਕਿਹਾ ਕਿ ਅੰਸ਼ਿਕਾ ਦੀ ਸਫਲਤਾ ਸਾਡੇ ਸਕੂਲ ਦੀ ਵਿਦਿਅਕ ਪ੍ਰਣਾਲੀ ਦੀ ਸਫਲਤਾ ਹੈ।

ਅਸੀਂ ਉਸਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦੇ ਹਾਂ।ਨਿਰਦੇਸ਼ਕ ਸ੍ਰੀਮਤੀ ਓਸ਼ਿਨ ਮਹਾਜਨ ਨੇ ਜ਼ੋਰ ਦੇ ਕੇ ਕਿਹਾ, ਇਹ ਪਲ ਸਾਡੇ ਸਾਰਿਆਂ ਲਈ ਮਾਣ ਦਾ ਪਲ ਹੈ। ਅਸੀਂ ਅੰਸ਼ਿਕਾ ਦੀਆਂ ਅਗਲੀਆਂ ਉਪਲਬਧੀਆਂ ਲਈ ਉਤਸੁਕ ਹਾਂ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਅੰਸ਼ਿਕਾ ਦੀ ਕਾਮਯਾਬੀ ਸਾਡੇ ਸਾਰੇ ਵਿਦਿਆਰਥੀਆਂ ਲਈ ਪ੍ਰੇਰਨਾ ਹੈ। ਇਹ ਸਾਡੇ ਅਧਿਆਪਕ ਸਟਾਫ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ।

## ਸ਼ਿਵ ਪਰਵਾਰ ਮੰਦਰ ਨੂੰ ਹਵਨ ਯੱਗ ਨਾਲ ਕੀਤਾ ਪ੍ਰਬੰਧਕਾਂ ਨੂੰ ਭੇਟ



**ਅੰਮ੍ਰਿਤਸਰ (ਅਰੋੜਾ)**: ਸ਼ਿਵਪੁਰੀ ਸੇਵਾ ਸੋਸਾਇਟੀ ਨਰਾਇਣਗੜ੍ਹ ਛੇਹਰਟਾ ਅੰਮ੍ਰਿਤਸਰ ਦੀ ਦੇਖ ਰੇਖ ਵਿੱਚ ਸ਼ਿਵਪੁਰੀ ਨਰਾਇਣਗੜ੍ਹ ਛੇਹਰਟਾ ਦੇ ਵਿਕਾਸ ਕੰਮਾਂ ਦੇ ਤਹਿਤ ਉਪਰੋਕਤ ਸੋਸਾਇਟੀ ਦੇ ਸਰਪ੍ਰਸਤ ਵਿੱਚ ਵਰਿਸ਼ਠ ਸਮਾਜ ਸੇਵਕ ਡਾ. ਰਾਕੇਸ਼ ਅਰੋੜਾ ਵੱਲੋਂ ਕਰੀਬ ਪਿਛਲੇ ਡੇਢ ਸਾਲ ਤੋਂ ਭਗਵਾਨ ਭੋਲੇਨਾਥ ਦੇ ਮੰਦਰ ਦਾ ਨਵਨਿਰਮਾਣ ਕੀਤਾ ਜਾ ਰਿਹਾ ਸੀ। ਮੰਦਰ ਦਾ ਨਿਰਮਾਣ ਕੰਮ ਪੂਰਾ ਹੋਣ 'ਤੇ ਅੱਜ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਰਾਕੇਸ਼ ਅਰੋੜਾ ਅਤੇ ਉਨ੍ਹਾਂ ਦੀ ਧਰਮ ਪਤਨੀ ਕਿਰਨ ਅਰੋੜਾ ਵੱਲੋਂ ਪੰਡਿਤ ਰਿਸ਼ੀ ਭਾਰਦਵਾਜ ਵੱਲੋਂ ਨਵਨਿਰਮਾਣ ਮੰਦਰ ਵਿੱਚ ਸ੍ਰੀ ਗਣੇਸ਼ ਪੂਜਨ, ਹਵਨ ਯੱਗ ਆਦਿ ਕਰਕੇ ਸ਼ਿਵਲਿੰਗ ਅਤੇ ਸ਼ਿਵ ਪਰਵਾਰ ਦੀ ਮੂਰਤੀ ਸਥਾਪਨਾ ਕਰਵਾਉਣ ਤੋਂ ਬਾਅਦ ਸੋਸਾਇਟੀ ਨੂੰ ਸੌਂਪ ਦਿੱਤਾ ਗਿਆ। ਸ੍ਰੀ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਕਰਤਾਰ ਨਗਰ ਛੇਹਰਟਾ ਵਾਲਿਆਂ ਨੇ ਹਵਨ ਯੱਗ ਵਿੱਚ ਹਾਜ਼ਰੀ ਭਰ ਕੇ ਸਾਰਿਆਂ ਨੂੰ ਆਸ਼ੀਰਵਾਦ ਦਿੱਤਾ। ਇਸ ਦੌਰਾਨ ਡਾ. ਰਾਕੇਸ਼ ਅਰੋੜਾ ਵੱਲੋਂ ਨਰਾਇਣਗੜ੍ਹ ਸ਼ਿਵਪੁਰੀ ਵਿਖੇ ਸਥਾਪਿਤ ਨਵ ਨਿਰਮਾਣ ਮੰਦਰ ਦਾ ਨਾਮਕਰਣ ਕਰਕੇ ਮੰਦਰ ਦਾ ਨਾਮ ਮੁਕਤੀਨਾਥ ਮੰਦਰ ਰੱਖਿਆ ਗਿਆ। ਇਸ ਤੋਂ ਬਾਅਦ ਚਾਹ, ਪਕੌੜੇ ਅਤੇ ਅਲੱਗ ਅਲੱਗ ਵਿਅੰਜਨਾਂ ਦਾ ਲੰਗਰ ਵੰਡਿਆ ਗਿਆ। ਉਪਰੋਕਤ ਸੋਸਾਇਟੀ ਦੇ ਚੇਅਰਮੈਨ ਸਤੀਸ਼ ਮੰਟੂ, ਪ੍ਰਧਾਨ ਪੰਨਾਲਾਲ ਭਾਰਦਵਾਜ, ਮਹਾਸਕੱਤਰ ਰਾਜੀਵ ਕੁਮਾਰ, ਰਾਜੂ ਗੁਪਤਾ, ਕੈਸ਼ੀਅਰ ਐਮ.ਡੀ. ਰਿਖੀ, ਪਿੰਟੂ ਬੇਦੀ, ਦੀਪਕ ਕੁਮਾਰ, ਵਿਜੇ ਅਗਨੀਹੋਤਰੀ, ਰਾਹੁਲ ਡੰਗ, ਰਾਜਕੁਮਾਰ ਕੰਡਾ ਆਦਿ ਦੇ ਇਲਾਵਾ ਖਾਸ ਤੌਰ 'ਤੇ ਬੀ ਜੇ ਪੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਵਿਨਾਸ਼ ਸ਼ਰਮਾ ਸ਼ੈਲਾ, ਸਾਬਕਾ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ, ਗੁਰਦੁਆਰਾ ਦੇ ਪ੍ਰਧਾਨ ਬਲਦੇਵ ਸਿੰਘ, ਕੌਂਸਲਰ ਰਮਨ ਰੰਮੀ, ਸਮਾਜ ਸੇਵਕ ਅਸ਼ੋਕ ਬੇਦੀ, ਮਨਜੀਤ ਸਿੰਘ ਮਿੰਟਾ, ਵਾਰਡ ਇੰਚਾਰਜ ਵਿੱਕੀ ਖੰਨਾ, ਕੌਂਸਲਰ ਪਤੀ ਧਰਮਜੀਤ ਬੌਬੀ, ਰਾਜਕੁਮਾਰ ਅਰੋੜਾ, ਸੰਗੀਤਾ ਅਰੋੜਾ, ਸੰਜੇ ਗੁਪਤਾ, ਕਪਿਲ ਕੁਮਾਰ ਆਦਿ ਮੌਜੂਦ ਸਨ। ਅੰਤ ਵਿੱਚ ਸ਼ਿਵਪੁਰੀ ਸੇਵਾ ਸੋਸਾਇਟੀ ਨਰਾਇਣਗੜ੍ਹ ਛੇਹਰਟਾ ਦੇ ਸਾਰੇ ਮੈਂਬਰਾਂ ਵੱਲੋਂ ਰਾਕੇਸ਼ ਅਰੋੜਾ ਦਾ ਧੰਨਵਾਦ ਕਰਕੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।

## ਬੀ ਐਨ ਐਸ ਇੰਟਰਨੈਸ਼ਨਲ ਸਕੂਲ ਭਿੱਟੇਵੱਡ 'ਚ ਵਿਸਾਖੀ ਧੂਮਧਾਮ ਨਾਲ ਮਨਾਈ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਸਰਹੱਦੀ ਖਿੱਤੇ ਦੀ ਮੋਹਰੀ ਵਿੱਦਿਅਕ ਸੰਸਥਾ ਬੀ.ਐਨ.ਐਸ. ਇੰਟਰਨੈਸ਼ਨਲ ਸਕੂਲ ਭਿੱਟੇਵੱਡ ਵਿਖੇ ਸਕੂਲ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਕਰਮਿੰਦਰ ਸਿੰਘ ਸੰਧੂ ਕੈਨੇਡਾ ਦੇ ਦਿਸ਼ਾ ਨਿਰਦੇਸ਼ਾਂ, ਡਾਇਰੈਕਟਰ ਅਮਨਪ੍ਰੀਤ ਕੌਰ ਸੰਧੂ ਦੀ ਨਿਗਰਾਨੀ ਤੇ ਐਮ.ਡੀ. ਕਮ ਪ੍ਰਿੰਸੀਪਲ ਗੁਰਚਰਨ ਸਿੰਘ ਸੰਧੂ ਦੇ ਪ੍ਰਬੰਧਾਂ ਹੇਠ ਖਾਲਸਾ ਪੰਥ ਸਾਜਨਾ ਦਿਵਸ 'ਤੇ ਵਿਸਾਖੀ ਮੇਲਾ ਧੂਮਧਾਮ ਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ।ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਵਿਦਿਆਰਥੀਆਂ ਯੁੱਧਵੀਰ ਸਿੰਘ, ਸਹਿਜਪ੍ਰੀਤ ਕੌਰ, ਅਵਤਾਰ ਸਿੰਘ, ਕੁਲਵਿੰਦਰ ਕੌਰ, ਸਹਿਜਦੀਪ ਸਿੰਘ, ਹਰਕੀਰਤ ਕੌਰ, ਸਿਮਰਨਪ੍ਰੀਤ ਸਿੰਘ, ਕੋਮਲਪ੍ਰੀਤ ਕੌਰ ਵਲੋਂ ਪੰਜਾਬੀ ਸੱਭਿਆਚਾਰਕ ਵੰਨਗੀਆਂ ਭਰਪੂਰ ਰੰਗਾਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਦਿੱਤੀ ਗਈ। ਸਕੂਲ ਪ੍ਰਬੰਧਕਾਂ ਵੱਲੋਂ ਇਸ ਤਿਉਹਾਰ ਦੇ ਧਾਰਮਿਕ ਤੇ ਇਤਿਹਾਸਕ ਪੱਖਾਂ 'ਤੇ ਰੋਸ਼ਨੀ ਪਾਈ ਗਈ ਜਦੋਂ ਕਿ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ। ਪ੍ਰਿੰ: ਗੁਰਚਰਨ ਸਿੰਘ ਸੰਧੂ ਨੇ ਕਿਹਾ ਕਿ ਵਿਸਾਖੀ ਦੇ ਪਾਕ ਤੇ ਪਵਿੱਤਰ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ।ਸਾਨੂੰ ਉਨ੍ਹਾਂ ਵਲੋਂ ਦਰਸਾਏ ਗਏ ਵਿਰਾਸਤੀ ਮਾਰਗ 'ਤੇ ਚੱਲਣ ਅਤੇ ਖਾਲਸਾਈ ਰਹੁ-ਰੀਤਾਂ, ਰਵਾਇਤਾਂ ਤੇ ਪਰੰਪਰਾਵਾਂ ਨੂੰ ਅੱਗੇ ਤੋਰਨ ਦੇ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਇੰਚਾਰਜ ਜੋਤੀ ਠਾਕੁਰ, ਐਡਮਿਨ ਅਫਸਰ ਜੀ.ਐਸ. ਸੰਧੂ, ਜੋਬਨਦੀਪ ਸਿੰਘ, ਕਰਮਜੀਤ ਕੌਰ, ਮਨਦੀਪ ਕੌਰ, ਕਿਰਨਜੀਤ ਕੌਰ ਆਦਿ ਹਾਜ਼ਰ ਸਨ।

## ਸੰਤ ਬਾਬਾ ਲਾਭ ਸਿੰਘ ਗੁਰੂ ਕੀ ਬੇਰ ਵਾਲਿਆਂ ਦੀ ਬਰਸੀ ਮਨਾਈ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿਖੇ ਸੰਤ ਬਾਬਾ ਲਾਭ ਸਿੰਘ ਦੀ ਸਾਲਾਨਾ 44ਵੀਂ ਬਰਸੀ ਇਲਾਕੇ ਦੀਆਂ ਸੰਗਤਾਂ ਵੱਲੋਂ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਕਵੀਸ਼ਰ ਭਾਈ ਸੁਲੱਖਣ ਸਿੰਘ ਯੂਕੇ, ਕਵੀ ਮਲਕੀਤ ਸਿੰਘ ਨਿਮਾਣਾ ਮੱਤੇਵਾਲ, ਕਥਾਵਾਚਕ ਭਾਈ ਪ੍ਰਗਟ ਸਿੰਘ ਭੀਲੋਵਾਲ, ਭਾਈ ਦਲਜੀਤ ਸਿੰਘ ਮੱਤੇਵਾਲ ਕਥਾਵਾਚਕ ਵੱਲੋਂ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬੁਲਾਰਿਆਂ ਨੇ ਸੰਤ ਬਾਬਾ ਲਾਭ ਸਿੰਘ ਵੱਲੋਂ ਸਿੱਖ ਕੌਮ ਲਈ ਭਲਾਈ ਲਈ ਕੀਤੇ ਕੰਮਾਂ ਨੂੰ ਯਾਦ ਕੀਤਾ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਤ ਮਹਾਂਪੁਰਸ਼ਾਂ ਵੱਲੋਂ ਦੱਸੇ ਹੋਏ ਮਾਰਗ 'ਤੇ ਚੱਲ ਕੇ ਅੰਮ੍ਰਿਤਧਾਰੀ ਹੋ ਕੇ ਗੁਰੂ ਵਾਲੇ ਬਣੀਏ, ਇਹੀ ਸਾਡੀ ਸੱਚੀ ਸ਼ਰਧਾਂਜਲੀ ਸੰਤਾਂ ਮਹਾਂਪੁਰਸ਼ਾਂ ਨੂੰ ਹੋਵੇਗੀ। ਕਵੀਸ਼ਰ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਨੂੰ ਸੰਤ ਬਾਬਾ ਸੱਜਣ ਸਿੰਘ ਵੱਲੋਂ ਸਰਪਾਉ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਦਸਤਾਰਾਂ ਦੇ ਲੰਗਰ ਅਤੇ ਦਸਤਾਰ ਸਿਖਲਾਈ ਕੈਂਪ ਵੀ ਲਗਾਇਆ ਗਿਆ। ਪਲਸ ਹਸਪਤਾਲ ਮਕਬੂਲਪੁਰਾ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਹਰਪੁਰ, ਸਰਬਦੀਪ ਸਿੰਘ ਚੋਗਾਵਾਂ ਕੈਨੇਡਾ, ਗੁਰਦੇਵ ਸਿੰਘ ਭੋਏ ਯੂ ਐੱਸ ਏ, ਨਿੰਦਰ ਸਿੰਘ ਭੋਏ, ਬਾਬਾ ਰਾਜਾ ਬੁਲਾਰਾ, ਰਣਜੀਤ ਸਿੰਘ ਰਾਣਾ ਬਾਬੋਵਾਲ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਜਗਰੂਪ ਸਿੰਘ, ਜੁਗਰਾਜ ਸਿੰਘ, ਜੋਬਨ ਸਿੰਘ, ਬਾਜ ਸਿੰਘ ਤੇ ਹੋਰ ਆਗੂ ਵੀ ਹਾਜ਼ਰ ਸਨ।

## ਇਮਾਨਦਾਰੀ ਸਾਬਤ ਕਰਨ ਲਈ ਸਾਨੂੰ ਕਿਸੇ ਅਖੌਤੀ ਹਲਕਾ ਇੰਚਾਰਜ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ : ਅਰੁਣਾ ਚੌਧਰੀ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਸਾਨੂੰ ਆਪਣੀ ਇਮਾਨਦਾਰੀ ਸਾਬਤ ਕਰਨ ਲਈ ਲੋਕਾਂ ਦੁਆਰਾ ਨਕਾਰੇ ਕਿਸੇ ਅਖੌਤੀ ਹਲਕਾ ਇੰਚਾਰਜ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸਿਆਸਤ ਵਿੱਚ ਵੋਟਰਾਂ ਵੱਲੋਂ ਦਿੱਤੀ ਗਈ ਜਿੱਤ ਜਾਂ ਹਾਰ ਹੀ ਸਭ ਤੋਂ ਵੱਡਾ ਸਰਟੀਫਿਕੇਟ ਹੁੰਦੀ ਹੈ ਅਤੇ ਅਜਿਹੇ ਅਖੌਤੀ ਲੀਡਰ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਦੀਨਾਨਗਰ ਦੀ ਜਨਤਾ ਨੇ ਕਿਸ ਨੂੰ ਜਿੱਤ ਦਾ ਸਰਟੀਫਿਕੇਟ ਦਿੱਤਾ ਹੋਇਆ ਹੈ। ਵਿਧਾਇਕਾ ਅਰੁਣਾ ਚੌਧਰੀ ਤੇ ਅਸ਼ੋਕ ਚੌਧਰੀ ਨੇ ਇਹ ਗੱਲਾਂ ਅੱਜ ਆਪਣੇ ਗ੍ਰਹਿ ਵਿਖੇ ਕੀਤੀ ਪ੍ਰੈਸ ਕਾਨਫ਼ਰੰਸ ਦੌਰਾਨ ਕਹੀਆਂ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਸੁਨਾਮੀ ਹੋਣ ਦੇ ਬਾਵਜੂਦ ਕਰਾਰੀ ਹਾਰ ਦਾ ਮੂੰਹ ਦੇਖਣ ਵਾਲੇ 'ਆਪ' ਆਗੂ ਸ਼ਮਸ਼ੇਰ ਸਿੰਘ ਨੂੰ ਇਹ ਸਦਮਾ ਅਜੇ ਵੀ ਬਰਦਾਸ਼ਤ ਨਹੀਂ ਹੋ ਰਿਹਾ ਅਤੇ ਇਸੇ ਦਿਮਾਗੀ ਪਰੇਸ਼ਾਨੀ ਕਾਰਨ ਉਹ ਆਏ ਦਿਨ ਕਾਂਗਰਸੀ ਆਗੂਆਂ ਖ਼ਿਲਾਫ਼ ਬੇਤੁਕੀ ਬਿਆਨਬਾਜ਼ੀ ਕਰਕੇ ਜਨਤਾ ਨੂੰ ਗੁਮਰਾਹ ਕਰ ਰਿਹਾ ਹੈ।ਉਨ੍ਹਾਂ ਦੀਨਾਨਗਰ ਸ਼ਹਿਰ ਅੰਦਰ ਚੌਕਾਂ ਦੀ ਲੜਾਈ ਬਾਰੇ ਕਿਹਾ ਕਿ ਅਸਲੀਅਤ ਵਿੱਚ ਇਹ ਸਾਜਿਸ਼ 'ਆਪ' ਆਗੂ ਅਤੇ ਉਸ ਦੇ ਇੱਕ ਮੀਡੀਆ ਸਲਾਹਕਾਰ ਦੀ ਗਿਣੀ ਮਿੱਥੀ ਪਲੈਨਿੰਗ ਦਾ ਹਿੱਸਾ ਹੈ। ਜਿਸ ਦੇ ਤਹਿਤ ਨਗਰ ਕੌਂਸਲ ਵੱਲੋਂ ਪ੍ਰਸਤਾਵਿਤ ਇੱਕ ਮਤੇ ਨੂੰ ਨਾ ਮੰਨਦਿਆਂ ਤਾਰਾਗੜ੍ਹੀ ਮੋੜ ਵਿਖੇ ਸ੍ਰੀ ਗੁਰੂ ਨਾਭਾ ਦਾਸ ਦੀ ਬਜਾਏ ਬਾਬਾ 'ਵਿਸ਼ਵਕਰਮਾ ਚੌਂਕ' ਦਾ ਬੋਰਡ ਧੱਕੇ ਨਾਲ ਲੱਗਵਾ ਦਿੱਤਾ ਗਿਆ ਅਤੇ ਫਿਰ ਚੰਦ ਦੁਕਾਨਦਾਰਾਂ ਨੂੰ ਉਕਸਾ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਅਸੂਲੀ ਤੌਰ 'ਤੇ ਅਜਿਹੇ ਹਾਲਾਤਾਂ ਵਿੱਚ ਮੈਮੋਰੰਡਮ ਕੋਈ ਅਧਿਕਾਰਤ ਅਹੁਦੇਦਾਰ ਜਾਂ ਅਥਾਰਟੀ ਹੀ ਲੈਂਦੀ ਹੈ ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਲੋਕਾਂ ਦਾ ਨਕਾਰਿਆ ਹੋਇਆ ਆਗੂ ਦੱਸੇ ਕਿ ਉਸ ਦੇ ਕੋਲ ਮੈਮੋਰੰਡਮ ਲੈਣ ਦੀ ਕੀ ਅਥਾਰਟੀ ਹੈ।ਕਾਂਗਰਸੀ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਸਾਡੇ ਕਿਰਦਾਰ 'ਤੇ ਉਂਗਲ ਉਠਾਉਣ ਵਾਲੇ ਅਜਿਹੇ ਲੀਡਰ ਖ਼ੁਦ ਕਿੰਨੇ ਇਮਾਨਦਾਰ ਹਨ ਇਹ ਜਨਤਾ ਚੰਗੀ ਜਾਣਦੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਖੌਤੀ ਹਲਕਾ ਇੰਚਾਰਜ ਤੇ ਉਸ ਦੇ ਸਾਥੀਆਂ ਨੇ ਪਿਛਲੇ ਤਿੰਨ ਸਾਲਾਂ ਤੋਂ ਸ਼ੂਗਰ ਮਿੱਲ ਪਨਿਆੜ ਨੂੰ ਨਾਜਾਇਜ਼ ਤੌਰ 'ਤੇ ਰੈਸਟ ਹਾਊਸ ਵਜੋਂ ਵਰਤਿਆ ਅਤੇ ਆਪਣੇ ਫ਼ਾਇਦੇ ਦੇ ਲਈ ਚੇਅਰਮੈਨ ਦੀ ਚੋਣ 'ਚ ਅੜਿੱਕੇ ਪਾਏ। ਜਿਸ ਤੋਂ ਬਾਅਦ ਉਨ੍ਹਾਂ ਨੂੰ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਅਤੇ ਅਖ਼ੀਰ ਤਿੰਨ ਸਾਲਾਂ ਬਾਅਦ ਕਾਂਗਰਸ ਦੀ ਚੇਅਰਪਰਸਨ ਨੇ ਅਹੁਦਾ ਸੰਭਾਲਿਆ ਅਤੇ ਹੁਣ ਜਾ ਕੇ ਅਜਿਹੇ ਲੋਕਾਂ ਦਾ ਬਿਸਤਰਾ ਉੱਥੋਂ ਗੋਲ ਹੋਇਆ ਹੈ। ਉਨ੍ਹਾਂ ਟਰੱਕ ਯੂਨੀਅਨ ਦੇ ਪ੍ਰਧਾਨ ਅਤੇ ਪਿੰਡ ਡੀਡਾ ਸਾਂਸੀਆਂ ਨਿਵਾਸੀ ਇੱਕ ਵਿਅਕਤੀ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਇਨ੍ਹਾਂ ਲੋਕਾਂ 'ਤੇ ਚਿੱਟਾ ਵੇਚਣ ਦੇ ਦੋਸ਼ਾਂ ਤਹਿਤ ਪਰਚੇ ਦਰਜ ਹਨ ਅਤੇ ਇਹ ਉਹ ਮੁਲਜ਼ਮ ਹਨ ਜਿਨ੍ਹਾਂ ਦੀ 'ਆਪ' ਆਗੂ ਕਥਿਤ ਤੌਰ 'ਤੇ ਪਿੱਠ ਥਾਪੜਦਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਟਰੱਕ ਯੂਨੀਅਨ ਦਾ ਪ੍ਰਧਾਨ ਤਾਂ ਇਸ ਵੇਲੇ ਜੇਲ੍ਹ ਵਿੱਚ ਹੈ। ਉਨ੍ਹਾਂ ਕਿਹਾ ਕਿ ਖ਼ੁਦ ਗ਼ਲਤ ਲੋਕਾਂ ਨੂੰ ਸਪੋਰਟ ਕਰਨ ਵਾਲੇ 'ਆਪ' ਆਗੂ ਕਿਸ ਮੂੰਹ ਨਾਲ ਹਲਕੇ ਦੀ ਸਭ ਤੋਂ ਇਮਾਨਦਾਰ ਤੇ ਬੇਦਾਗ਼ ਵਿਧਾਇਕਾ ਦੇ ਖ਼ਿਲਾਫ਼ ਬਿਆਨਬਾਜ਼ੀ ਕਰ ਰਹੇ ਹਨ।

## ਯਾਦਗਾਰੀ ਹੋ ਨਿੱਬੜਿਆ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀਆਂ ਦਾ ਸਾਲਾਨਾ ਇਨਾਮ ਵੰਡ ਸਮਾਗਮ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਇੱਥੋਂ ਨਜ਼ਦੀਕੀ ਪਿੰਡ ਮੁੰਡੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸ਼ਾਨਦਾਰ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।ਜਿਸ ਦੌਰਾਨ ਆਪਣੇ ਸਵਾਗਤੀ ਸ਼ਬਦਾਂ ਨਾਲ ਸਮਾਗਮ ਦਾ ਆਰੰਭ ਕਰਦਿਆਂ ਚਰਨ ਸਿੰਘ ਔਜਲਾ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਨੇ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਵੱਡੇ ਸ਼ਹਿਰਾਂ ਦੇ ਮਹਿੰਗੇ ਸਕੂਲਾਂ ਵਾਲੀਆਂ ਸਾਰੀਆਂ ਸਹੂਲਤਾਂ ਜਿਵੇਂ ਕਿ ਕੰਪਿਊਟਰ, ਪ੍ਰੋਜੈਕਟਰ, ਐਲ ਸੀ ਡੀ, ਵਾਈ ਫਾਈ ਉਪਲੱਬਧ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਨਤੀਜੇ ਇੱਥੋਂ ਦੀ ਪੜ੍ਹਾਈ ਦੇ ਉੱਚੇ ਮਿਆਰ ਦੀ ਮੂੰਹ ਬੋਲਦੀ ਗਵਾਹੀ ਦਿੰਦੇ ਹਨ। ਸਮਾਗਮ ਦੇ ਮੁੱਖ ਮਹਿਮਾਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦਵਿੰਦਰਪਾਲ ਸਿੰਘ ਬੇਦੀ, ਰਾਬਿੰਦਰ ਸਿੰਘ ਰੱਬੀ ਸਾਬਕਾ ਜ਼ਿਲ੍ਹਾ ਕੋਆਰਡੀਨੇਟਰ ਅਤੇ ਲਖਵਿੰਦਰ ਸਿੰਘ ਸੈਣੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੇ ਕਿਹਾ ਕਿ ਸਕੂਲ ਦੀ ਅਧਿਆਪਿਕਾ ਦੁਪਿੰਦਰਜੀਤ ਕੌਰ ਦੀ ਮਿਹਨਤ ਸਦਕਾ ਪਿੰਡ ਦੇ ਲੋਕ ਸਕੂਲ ਵਿੱਚ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਸਮਝਦੇ ਹਨ।ਇਸ ਦੌਰਾਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਰਪੰਚ ਪਰਵਿੰਦਰ ਸਿੰਘ ਢਿੱਲੋਂ ਨੇ ਸਕੂਲ ਦਾ ਨਤੀਜਾ ਵਧੀਆ ਆਉਣ 'ਤੇ ਸਕੂਲ ਮੁੱਖੀ ਦੀ ਸ਼ਲਾਘਾ ਕੀਤੀ। ਸਕੂਲ ਇੰਚਾਰਜ ਦੁਪਿੰਦਰਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੌ ਫੀਸਦੀ ਰਿਹਾ।ਇਸ ਮੌਕੇ ਸੈਂਟਰ ਹੈੱਡ ਟੀਚਰ ਗੁਰਚਰਨ ਸਿੰਘ ਆਲੋਵਾਲ, ਅਰੁਣਦੀਪ ਕੌਰ ਡਹਿਰ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ ਕੈਂਥ, ਬਲਾਕ ਮਾਸਟਰ ਟ੍ਰੇਨਰ ਦਲਜੀਤ ਸਿੰਘ ਜਟਾਣਾਂ, ਰਾਜਿੰਦਰਪਾਲ ਸਿੰਘ ਬੈਂਸ, ਮੋਹਨ ਭੰਡਾਰੀ, ਹਰਭਜਨ ਸਿੰਘ ਲਾਲੀ, ਹਰਿੰਦਰ ਸਿੰਘ ਰੱਕੜ, ਪਰਸ਼ੋਤਮ ਕੁਮਾਰ, ਗੁਰਿੰਦਰ ਸਿੰਘ ਹੈਪੀ, ਹਰਿੰਦਰਜੀਤ ਕੌਰ, ਰੁਪਿੰਦਰਜੀਤ ਕੌਰ, ਪੰਚਾਇਤ ਮੈਂਬਰ ਜਿਨ੍ਹਾਂ ਵਿੱਚ ਕੁਲਵਿੰਦਰ ਕੌਰ ਢਿੱਲੋਂ, ਕਮਲਪ੍ਰੀਤ ਕੌਰ ਨਾਗਰਾ, ਅਵਤਾਰ ਸਿੰਘ ਨਾਗਰਾ, ਦਿਲਵੀਰ ਸਿੰਘ, ਚਰਨਜੀਤ ਕੌਰ, ਰਣਵੀਰ ਸਿੰਘ ਔਜਲਾ, ਸੁਰਜੀਤ ਸਿੰਘ ਔਜਲਾ, ਲਖਵੀਰ ਸਿੰਘ ਔਜਲਾ, ਅੰਮ੍ਰਿਤਪਾਲ ਸਿੰਘ ਢਿੱਲੋਂ, ਅਮਨਦੀਪ ਕੌਰ, ਸੰਦੀਪ ਕੌਰ ਅਤੇ ਗੁਰਮੀਤ ਕੌਰ ਆਦਿ ਹਾਜ਼ਰ ਸਨ।

## ਪ੍ਰਤਾਪ ਵਰਲਡ ਸਕੂਲ ਨੇ ਵਿਸਾਖੀ ਨੂੰ ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਇਆ



ਪਠਾਨਕੋਟ (ਦਵਿੰਦਰ ਸਿੰਘ)-ਫਸਲ ਅਤੇ ਖ਼ੁਸ਼ੀ ਦੇ ਇਸ ਰੰਗ-ਬਿਰੰਗੇ ਮੌਕੇ ਢਾਂਗੂ ਰੋਡ, ਪਠਾਨਕੋਟ ਵਿਖੇ ਸਥਿਤ ਜੌਧਮਲ ਕਾਲੋਨੀ ਦੇ ਪ੍ਰਤਾਪ ਵਰਲਡ ਸਕੂਲ ਅਰਲੀ ਈਅਰਸ ਨੇ ਵਿਸਾਖੀ ਨੂੰ ਪੂਰੇ ਜੋਸ਼ ਅਤੇ ਧਾਰਮਿਕ ਸ਼ਰਧਾ ਨਾਲ ਮਨਾਇਆ । ਪ੍ਰੀ-ਨਰਸਰੀ ਤੋਂ ਕਲਾਸ 1 ਤੱਕ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਵਿਸਾਖੀ ਮੇਲੇ ਦਾ ਆਯੋਜਨ ਕੀਤਾ ਗਿਆ, ਜਿੱਥੇ ਬੱਚਿਆਂ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨਾਲ ਜੋੜਿਆ ਗਿਆ। ਸਕੂਲ ਨੂੰ ਪੰਜਾਬੀ ਰੀਤੀ-ਰਿਵਾਜਾਂ ਦੀ ਝਲਕ ਦਿਖਾਉਂਦੇ ਉਤਸਵੀ ਸਜਾਵਟ ਨਾਲ ਸਜਾਇਆ ਗਿਆ ਸੀ। ਦਿਨ ਦਾ ਮੁੱਖ ਆਕਰਸ਼ਣ ਛੋਟੇ ਪ੍ਰਤਾਪ ਵਰਲਡ ਸਕੂਲ ਦੇ ਬੱਚਿਆਂ ਦੁਆਰਾ ਪੇਸ਼ ਕੀਤਾ ਗਿਆ। ਪਰੰਪਰਾਗਤ ਭੰਗੜਾ ਨਾਚ ਨੇ ਵਾਤਾਵਰਣ ਨੂੰ ਊਰਜਾ ਅਤੇ ਖੁਸ਼ੀ ਨਾਲ ਭਰ ਦਿੱਤਾ। ਬੱਚੇ ਰੰਗ-ਬਿਰੰਗੇ ਪਰੰਪਰਾਗਤ ਪੰਜਾਬੀ ਪਹਿਰਾਵੇ ਵਿੱਚ ਸਜੇ ਹੋਏ ਸਨ—ਕੁੜੀਆਂ ਪੰਜਾਬੀ ਸੂਟ, ਜੁੱਤੀਆਂ ਅਤੇ ਪਰਾਂਦੇ ਪਹਿਨ ਕੇ, ਜਦੋਂ ਕਿ ਮੁੰਡੇ ਕੁੜਤਾ-ਲੱਛਾ, ਪੱਗੜੀ ਅਤੇ ਜੁੱਤੀਆਂ ਵਿੱਚ ਬੇਹੱਦ ਆਕਰਸ਼ਕ ਅਤੇ ਤਿਉਹਾਰ ਦੇ ਰੰਗ ਵਿੱਚ ਰੰਗੇ ਹੋਏ ਨਜ਼ਰ ਆਏ। ਇਸ ਸਮਾਰੋਹ ਵਿੱਚ ਫੂਡ ਸਟਾਲਾਂ, ਝੂਲੇ, ਡੀਜੇ ਸੰਗੀਤ, ਖਿਡੌਣਿਆਂ ਦੀਆਂ ਦੁਕਾਨਾਂ ਅਤੇ ਮਨੋਰੰਜਕ ਰਾਈਡਾਂ ਵਰਗੀਆਂ ਕਈ ਆਕਰਸ਼ਕ ਗਤੀਵਿਧੀਆਂ ਵੀ ਸ਼ਾਮਲ ਸਨ। ਪ੍ਰਤਾਪ ਵਰਲਡ ਸਕੂਲ ਅਰਲੀ ਈਅਰਸ ਦੀ ਡਾਇਰੈਕਟਰ ਓਸ਼ਿਨ ਮਹਾਜਨ ਨੇ ਇਸ ਪਵਿੱਤਰ ਮੌਕੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਹੈੱਡਮਿਸਟ੍ਰੈਸ ਸੁਸ਼੍ਰੀ ਏਸ਼ਾਨੀ ਨੇ ਕਿਹਾ ਕਿ ਸਾਡੇ ਛੋਟੇ ਬੱਚਿਆਂ ਨੂੰ ਇੰਨੀ ਖੁਸ਼ੀ ਅਤੇ ਮਾਣ ਨਾਲ ਤਿਉਹਾਰ ਮਨਾਉਂਦੇ ਵੇਖਣਾ ਦਿਲ ਨੂੰ ਛੂਹ ਗਿਆ।

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

Solis

SONALIKA
HEAVY DUTY TRACTOR RANGE

# ਭਾਰਤ ਤੋਂ ਟਰੈਕਟਰ ਨਿਰਯਾਤ ਵਿੱਚ ਨੰਬਰ 1 ਬ੍ਰਾਂਡ

150+ ਦੇਸ਼ਾਂ ਵਿੱਚ ਮੌਜੂਦ

## ਦੁਨੀਆ ਦਾ ਨੰਬਰ 1 ਹੈਵੀ ਡਿਊਟੀ ਟਰੈਕਟਰ ਨਿਰਮਾਣ ਪਲਾਂਟ

ਹਰ ਦੋ ਮਿੰਟਾ ਬਾਅਦ ਟਰੈਕਟਰ ਤਿਆਰ ਹੁੰਦਾ ਹੈ




ਫਾਰਚੂਨ ਇੰਡਿਆ ਦੁਆਰਾ ਭਾਰਤ ਦੀਆਂ ਸਭ ਤੋਂ ਵੱਡੀਆਂ 500 ਕੰਪਨੀਆਂ ਵਿੱਚ ਦਰਜਾ ਪ੍ਰਾਪਤ

237 ਰੈਂਕ ਟਰਨ ਓਵਰ ਦੇ ਅਨੁਸਾਰ | 137 ਰੈਂਕ ਲਾਭ ਦੇ ਅਨੁਸਾਰ

## ਭਾਰਤ ਤੋਂ ਬਾਹਰ ਸਹਾਇਕ ਨਿਰਮਾਣ ਕੰਪਨੀ

- ਯੂ.ਐਸ.ਏ. — ਇੰਟਰਨੈਸ਼ਨਲ ਟਰੈਕਟਰਜ਼ ਯੂ.ਐਸ.ਏ. ਕਾਰਪੋਰੇਸ਼ਨ
- ਨੀਦਰਲੈਂਡ — ਸੋਲਿਸ ਟਰੈਕਟਰਜ਼ ਅਤੇ ਕ੍ਰਿਸ਼ੀ ਮਸ਼ੀਨਰੀ ਬੀ.ਵੀ.
- ਅਲਜੀਰੀਆ — ਸੋਨਾਲੀਕਾ ਐਫ.ਏ.ਐਮ.ਏ.ਜੀ ਏਸ.ਪੀ.ਏ.
- ਯੂਏਈ — ਆਈ.ਟੀ.ਐਲ. ਗਲਫ ਐਫ.ਜ਼ੈਡ.ਈ.
- ਜਰਮਨੀ — ਥੈਲਰ ਜੀਐਮਬੀਐਚ ਐਂਡ ਕੰਪਨੀ ਕੇ.ਜੀ.
- ਆਸਟ੍ਰੇਲੀਆ — ਬਰਡਰ ਇੰਡਸਟਰੀਜ਼

## YANMAR ਜਾਪਾਨ ਦੇ ਸਹਿਯੋਗ ਨਾਲ ਵਿਸ਼ਵਵਿਆਪੀ ਅਸੈਂਬਲੀ ਪਲਾਂਟ

- ਬ੍ਰਾਜ਼ੀਲ — ਸਾਊਥ ਅਮਰੀਕਾ ਇੰਡਸਟਰੀਆਂ ਦੇ ਮਕੀਨਾਸ ਐਲ.ਟੀ.ਡੀ.ਏ
- ਥਾਈਲੈਂਡ — ਯਾਨਮਾਰ ਐਸ.ਪੀ. ਕੰਪਨੀ ਲਿਮਿਟੇਡ
- ਤੁਰਕੀਏ — ਯਾਨਮਾਰ ਤੁਰਕੀਏ ਮਾਕੀਨ ਏ.ਐਸ.

ਵਿਸਾਖੀ ਦੀਆ ਸ਼ੁਭਕਾਮਨਾਵਾਂ






ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

## HOSHIARPUR AUTOMOBILES

12 TIMES PLATINUM AND ROYAL PLATINUM DEALER - 3 TIMES ALPHA DEALER

CONTACT : 84370-84370

HOSHIARPUR - LUDHIANA - MANDI GOBINDGARH

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

## Bajwa Farms

Bhagat Singh Nagar Near Bajwa Petrol Pump, Hoshiarpur
lallybajwajatindersingh@gmail.com
98724-96000



ਸੁਖਬੀਰ ਸਿੰਘ ਬਾਦਲ — ਸਾਬਕਾ ਉਪ ਮੁੱਖ ਮੰਤਰੀ, ਪੰਜਾਬ | ਜਤਿੰਦਰ ਸਿੰਘ ਲਾਲੀ ਬਾਜਵਾ — ਅਕਾਲੀ ਆਗੂ

## ★ ਧੰਨਵਾਦ ★

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਦੇਸ਼-ਵਿਦੇਸ਼ 'ਚ ਵਸਦੇ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਮੁਬਾਰਕਾਂ



ਮੈਂ ਧੰਨਵਾਦੀ ਹਾਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ, ਜਿਨ੍ਹਾਂ ਨੇ 'ਸਰਿਗਾ ਅਖ਼ਬਾਰ' ਪ੍ਰਤੀ ਪਿਆਰ ਵਿਖਾਉਂਦਿਆਂ ਇਸ ਵਿਸ਼ੇਸ਼ ਸਪਲੀਮੈਂਟ ਲਈ ਇਸ਼ਤਿਹਾਰਾਂ ਨਾਲ ਨਿਵਾਜਿਆ। ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਵੀ ਤੁਹਾਡੇ ਨਾਲ ਇਸੇ ਤਰ੍ਹਾਂ ਹੀ ਹਰ ਸਮੇਂ ਖੜ੍ਹਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਮੈਨੂੰ ਇਸੇ ਤਰ੍ਹਾਂ ਹੀ ਸਹਿਯੋਗ ਮਿਲਦਾ ਰਹੇਗਾ।

ਪ੍ਰਿੰ. ਬਲਬੀਰ ਸਿੰਘ ਸੈਣੀ
ਪੱਤਰਕਾਰ ਹੁਸ਼ਿਆਰਪੁਰ
ਮੋਬਾ. 94632-61803

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



| | | |
|---|---|---|
| ਅਰਵਿੰਦ ਕੇਜਰੀਵਾਲ<br>ਸਾਬਕਾ ਮੁੱਖ ਮੰਤਰੀ ਦਿੱਲੀ | ਭਗਵੰਤ ਸਿੰਘ ਮਾਨ<br>ਮੁੱਖ ਮੰਤਰੀ ਪੰਜਾਬ | ਡਾ. ਰਾਜ ਕੁਮਾਰ ਚੱਬੇਵਾਲ<br>ਐਮ ਪੀ ਹਲਕਾ ਹੁਸ਼ਿਆਰਪੁਰ |
| ਬ੍ਰਮ ਸ਼ੰਕਰ ਜਿੰਪਾ<br>ਸਾਬਕਾ ਕੈਬਨਿਟ ਮੰਤਰੀ | ਡਾ. ਇਸ਼ਾਂਕ ਕੁਮਾਰ<br>ਐਮ ਐਲ ਏ ਹਲਕਾ ਚੱਬੇਵਾਲ | ਸੰਦੀਪ ਸੈਣੀ<br>ਚੇਅਰਮੈਨ ਬੈਕਫਿੰਕੋਂ, ਪੰਜਾਬ |

## ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਜੀ

ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ (ਰਜਿ:) ਵੱਲੋਂ

### ਸੱਦਾ ਪੱਤਰ

5 ਮਈ 2025 ਦਿਨ ਸੋਮਵਾਰ ਨੂੰ
ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਵਿਖੇ
ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦਾ




### ਜਨਮ ਦਿਹਾੜਾ

ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ
ਸਿੱਖ ਕੌਮ ਦੀਆਂ ਮਹਾਨ ਸ਼ਖਸ਼ੀਅਤਾਂ ਪਹੁੰਚ ਰਹੀਆਂ ਹਨ
ਤੇ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰੋ ਜੀ।

ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ
ਸਿੰਘਪੁਰ, ਦਸੂਹਾ ਮੁਕੇਰੀਆਂ, ਹੁਸ਼ਿਆਰਪੁਰ, ਪੰਜਾਬ
ਫੋਨ: 98150-48227, 98722-46080, 98724-41121, 98880-58981



ਸ. ਹਰਦੇਵ ਸਿੰਘ ਕੌਂਸਲ, ਪ੍ਰਧਾਨ ਆਰ.ਐਸ.ਓ. ਅਤੇ ਚੇਅਰਮੈਨ ਟਰੱਸਟ | ਸ੍ਰੀ ਪਰਦੀਪ ਸਿੰਘ ਪਲਾਹਾ, ਵਾਈਸ ਚੇਅਰਮੈਨ ਟਰੱਸਟ | ਸ. ਹਰਬੰਸ ਸਿੰਘ ਟਾਂਡਾ, ਪ੍ਰਧਾਨ ਟਰੱਸਟ

### ਵਧਾਈਆਂ



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕੁਲਵੰਤ ਸਿੰਘ ਸੈਣੀ, ਸੂਬਾ ਪ੍ਰਧਾਨ ਸੈਣੀ ਜਾਗ੍ਰਿਤੀ ਰੰਗ ਮੰਚ, ਪੰਜਾਬ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



## ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ

ਪ੍ਰਧਾਨ ਗੁਰਦੀਪ ਸਿੰਘ ਬਾਸੀ, ਸੂਬਾ ਪ੍ਰੈੱਸ ਸਕੱਤਰ ਗੁਰਜੀਤ ਸਿੰਘ।

Avtar Singh Mann

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਜੀ ਹਾਂ!

## HP GAS
MANN GAS SERVICE

HP GAS your friendly gas

Tanda Bye Pass Road, Hoshiarpur (Punjab)
Telephone: 01882-250224
Website:www.hindpetro.com

## ਸਰਕਾਰੀ ਕਾਲਜ ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



| | | | |
|---|---|---|---|
| ਪਰਮਜੀਤ ਸਿੰਘ<br>ਰਿਟਾ. ਪ੍ਰਿੰਸੀਪਲ | ਹਰਜਿੰਦ ਪਾਲ 'ਅਮਨ'<br>ਪ੍ਰੋਫੈਸਰ ਸੰਗੀਤ | ਪ੍ਰੋ. ਵਿਜੈ ਕੁਮਾਰ<br>ਮੁਖੀ ਹਿੰਦੀ ਵਿਭਾਗ | ਪ੍ਰੋ. ਜਸਪਾਲ ਸਿੰਘ |
| ਮਨਜੀਤ ਸਿੰਘ ਚੱਕ<br>ਅਕਾਊਂਟ ਵਿਭਾਗ | ਸੁਖਜੀਤ ਸਿੰਘ<br>ਲੈਬਾਰਟਰੀ ਵਿਭਾਗ | ਹਰਮਿੰਦਰ ਸਿੰਘ<br>ਲੈਬਾਰਟਰੀ ਵਿਭਾਗ | ਯਸ਼ਪਾਲ<br>ਲੈਬਾਰਟਰੀ ਵਿਭਾਗ |



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਜਸਵਿੰਦਰ ਸਿੰਘ ਪਰਮਾਰ, ਜਨ. ਸਕੱਤਰ, ਸਿੱਖ ਵੈਲਫੇਅਰ ਸੁਸਾਇਟੀ, ਹੁਸ਼ਿਆਰਪੁਰ | ਬਰਿੰਦਰ ਸਿੰਘ ਪਰਮਾਰ

ਸਿੱਖ ਵੈਲਫੇਅਰ ਸੁਸਾਇਟੀ (ਰਜਿ.) ਹੁਸ਼ਿਆਰਪੁਰ



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਮੰਗਵਿੰਦਰ ਪਾਲ ਸਿੰਘ, ਚੀਫ ਮੈਨੇਜਰ | ਨਵਜੀਤ ਸਿੰਘ ਸੈਣੀ, ਮੈਨੇਜਰ

ਸੋਨਾਲੀਕਾ ਹੁਸ਼ਿਆਰਪੁਰ



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ

ਲੱਖ-ਲੱਖ ਵਧਾਈਆਂ

ਸੋਸ਼ਲਿਸਟ ਪਾਰਟੀ ਆਫ਼ ਇੰਡੀਆ

ਸੱਤਪਾਲ ਡਡਿਆਣਾ, ਜ਼ਿਲ੍ਹਾ ਪ੍ਰਧਾਨ | ਓਮ ਸਿੰਘ ਸਟਿਆਣਾ, ਸੂਬਾ ਪ੍ਰਧਾਨ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ

ਲੱਖ-ਲੱਖ ਵਧਾਈਆਂ



ਐਡਵੋਕੇਟ ਰਘਵੀਰ ਸਿੰਘ ਟੇਰਕਿਆਣਾ | ਐਡਵੋਕੇਟ ਰਣਜੀਤ ਸਿੰਘ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ

ਲੱਖ-ਲੱਖ ਮੁਬਾਰਕਾਂ



ਪ੍ਰਿੰਸੀ. ਰਾਜਨ ਅਰੋੜਾ
ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ, ਹੁਸ਼ਿਆਰਪੁਰ



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

Dr. P. S. Mann
Chairma Sarbat Da Bhala
Welfare Society (Regd.) Hoshiarpur
M. 85628-00005

Devinder Kaur Mann
(General Secretary)
MC Ward No. 27
M. 84275-98993

## ਸਰਬੱਤ ਦਾ ਭਲਾ ਵੈੱਲਫੇਅਰ ਸੁਸਾਇਟੀ (ਰਜਿ.) ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

## Livasa Hospitals
Saade naal, Sehat nihaal

## ਲਿਵਾਸਾ ਹਸਪਤਾਲ ਸੁਆਗਤ ਕਰਦਾ ਹੈ ਪੰਜਾਬ ਦੇ ਪ੍ਰਸਿੱਧ ਗੁਰਦਾ ਰੋਗ ਮਾਹਰ

### ਡਾ. ਆਕਾਸ਼ ਸਰਕਾਰ

ਐਮਡੀ ਮੈਡੀਸਨ, ਡੀਐਮ ਨੈਫਰੋਲੋਜੀ AIIMS
ਕਿਡਨੀ ਰੋਗਾਂ ਦੇ ਮਾਹਿਰ

ਓਪੀਡੀ: 9:30 am 5:00 pm | ਸੋਮਵਾਰ ਤੋਂ ਸ਼ਨੀਵਾਰ

24/7 ਡਾਇਲਿਸਿਸ ਉਪਲਬਧ ਹੈ



Empaneled with ECHS, ESI Punjab, BSF, Punjab Police, HP Govt., FCI, TPSs, and all major corporates.
Also empaneled with New India Assurance Company, National Insurance Company Ltd., United India Insurance Company Ltd., and Oriental Insurance Company Ltd.

ਆਪਣੀ ਅਪੋਇੰਟਮੈਂਟ ਬੁਕ ਕਰੋ
80788 80788

ਲਿਵਾਸਾ ਹਸਪਤਾਲ, ਚੰਡੀਗੜ੍ਹ ਰੋਡ, ਹੁਸ਼ਿਆਰਪੁਰ
livasahospitals.com
Hoshiarpur | Mohali | Amritsar | Nawanshahr | Khanna